
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 13
July 10, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਮਰਹੂਮ ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਨੂੰ ਯਾਦ ਕਰਦਿਆਂ **ਦੇਖੋ ਸਫਾ 17-18 'ਤੇ**



'ਪੰਜਾਬੀ ਸਾਹਿਤ ਦੇ ਇਤਿਹਾਸ' ਦਾ ਪਿਤਾਮਾ ਨਾਵਲਕਾਰ ਨਾਨਕ ਸਿੰਘ **(ਵਿਸ਼ੇਸ ਲੇਖ ਦੇਖੋ ਸਫਾ 20 'ਤੇ)**



ਰੁਸਤਮ ਏ ਹਿੰਦ ਪਹਿਲਵਾਨ ਦਾਰਾ ਸਿੰਘ ਨੂੰ ਯਾਦ ਕਰਦਿਆਂ **(ਦੇਖੋ ਸਫਾ 16 'ਤੇ)**



ਸਾਬਕਾ ਐਮ. ਐਲ. ਏ. ਸ. ਮੋਹਣ ਸਿੰਘ ਬੰਗਾ ਦਾ ਸੈਕਰਾਮੈਂਟੋ 'ਚ ਨਿੱਘਾ ਸਵਾਗਤ
**(ਰਿਪੋਰਟ ਦੇਖੋ ਸਫਾ 3 'ਤੇ ਅਤੇ ਤਸਵੀਰਾਂ ਸਫਾ 11 'ਤੇ)**

## ਸੈਨਿਕ ਪਰੇਡ ਨਾਲ ਟਰੰਪ ਨੇ ਮਨਾਇਆ ਅਮਰੀਕਾ ਦਾ ਆਜ਼ਾਦੀ ਦਿਹਾੜਾ

**ਵਾਸ਼ਿੰਗਟਨ (ਬਿਊਰੋ)** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਰੰਪਰਾ ਤੋਂ ਵੱਖ ਹਟ ਕੇ ਵੀਰਵਾਰ ਨੂੰ ਅਮਰੀਕਾ ਦਾ ਆਜ਼ਾਦੀ ਦਿਹਾੜਾ ਫ਼ੌਜੀ ਪਰੇਡ ਨਾਲ ਮਨਾਇਆ। ਪਰੇਡ 'ਚ ਅਮਰੀਕੀ ਜੰਗੀ ਜਹਾਜ਼ਾਂ ਤੇ ਟੈਂਕਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਇਸ ਖ਼ਾਸ ਮੌਕੇ 'ਤੇ ਉਨ੍ਹਾਂ ਭਾਸ਼ਣ ਵੀ ਦਿੱਤਾ। ਉਹ ਪਿਛਲੇ 70 ਸਾਲਾਂ 'ਚ ਅਜਿਹਾ ਕਰਨ ਵਾਲੇ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ। ਵਿਰੋਧੀ ਧਿਰ ਡੈਮੋਕ੍ਰੇਟਿਕ ਆਗੂਆਂ ਨੇ ਇਸ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਟਰੰਪ ਦੇਸ਼ ਦੀ ਆਜ਼ਾਦੀ ਦਾ ਸਿਆਸੀਕਰਨ ਕਰ ਰਹੇ ਹਨ। ਅਮਰੀਕਾ ਨੂੰ ਚਾਰ ਜੁਲਾਈ, 1876 ਨੂੰ ਬ੍ਰਿਟੇਨ ਤੋਂ ਆਜ਼ਾਦੀ ਮਿਲੀ ਸੀ। ਰਾਜਧਾਨੀ ਵਾਸ਼ਿੰਗਟਨ ਸਥਿਤ ਲਿੰਕਨ ਮੈਮੋਰੀਅਲ ਤੋਂ ਆਪਣੇ 47 ਮਿੰਟ ਦੇ ਸੰਬੋਧਨ 'ਚ ਟਰੰਪ ਨੇ ਕਿਹਾ, 'ਅਮਰੀਕੀਆਂ ਲਈ ਕੁਝ ਵੀ ਅਸੰਭਵ ਨਹੀਂ ਹੈ। ਸਾਡਾ ਦੇਸ਼ ਅੱਜ ਜਿੰਨਾ ਮਜ਼ਬੂਤ ਹੈ, ਓਨਾ ਪਹਿਲਾਂ ਕਦੀ ਨਹੀਂ ਸੀ। ਇਹ ਅਮਰੀਕੀ ਸੈਨਿਕਾਂ ਤੇ ਜਨਰਲਾਂ ਨੂੰ ਸਲਾਮ ਕਰਨ ਦਾ ਮੌਕਾ ਹੈ।' ਇਸ ਸੈਨਿਕ ਪਰੇਡ 'ਚ ਬੰਬਾਰ ਬੀ-2 ਤੇ ਐੱਫ-35 ਜੰਗੀ ਜਹਾਜ਼ਾਂ ਨੇ ਵਾਸ਼ਿੰਗਟਨ ਦੇ ਅਸਮਾਨ 'ਚ ਉਡਾਣ ਭਰੀ।



ਇਸ ਤੋਂ ਇਲਾਵਾ ਨਵੇਂ ਅਬ੍ਰਾਮ ਤੇ ਸ਼ਰਮਨ ਟੈਂਕ ਵੀ ਪ੍ਰਦਰਸ਼ਿਤ ਕੀਤੇ ਗਏ। ਅਮਰੀਕਾ 'ਚ ਸੁਤੰਤਰਤਾ ਦਿਵਸ 'ਤੇ ਸੈਨਿਕ ਪਰੇਡ ਦੀ ਪਰੰਪਰਾ ਨਹੀ ਹੈ। ਟਰੰਪ ਤੋਂ ਪਹਿਲਾਂ ਵਾਲੇ ਰਾਸ਼ਟਰਪਤੀ ਵੀ ਸੁਤੰਤਰਤਾ ਦਿਵਸ ਸਮਾਰੋਹ ਤੋਂ ਦੂਰ ਰਹੇ। ਇਸ ਦਿਨ ਆਮ ਤੌਰ 'ਤੇ ਆਤਿਸ਼ਬਾਜ਼ੀ ਹੁੰਦੀ ਹੈ। ਵਾਸ਼ਿੰਗਟਨ 'ਚ ਇਕ ਵਾਰ ਸੈਨਿਕ ਪਰੇਡ ਖਾੜੀ ਜੰਗ ਖ਼ਤਮ ਹੋਣ ਤੋਂ ਬਾਅਦ ਜੂਨ, 1991 'ਚ ਹੋਈ ਸੀ। ਟਰੰਪ ਦੇ ਦਿਮਾਗ਼ 'ਚ ਸੈਨਿਕ ਪਰੇਡ ਦਾ ਖ਼ਿਆਲ 2017 'ਚ ਫਰਾਂਸ ਦੇ ਰਾਸ਼ਟਰੀ ਦਿਵਸ ਬਾਸਤੀਲ ਡੇ 'ਚ ਸ਼ਾਮਲ ਹੋਣ ਦਾ ਸਮਾਂ ਆਇਆ ਸੀ। ਹਾਲਾਂਕਿ ਉਦੋਂ ਉਨ੍ਹਾਂ ਨੂੰ ਵਿਰੋਧ ਕਾਰਨ ਇਸ ਖ਼ਿਆਲ ਨੂੰ ਛੱਡਣਾ ਪਿਆ ਸੀ।

## ਮਲਟੀ ਕਲਚਰਲ ਵੂਮੈਨ ਪ੍ਰੋਗਰਾਮ ਯੂਬਾ ਸਿਟੀ 'ਚ ਪੰਜਾਬਣਾਂ ਨੇ ਪਾਈ ਧਮਾਲ

**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹਰ ਵਰ੍ਹੇ ਵਾਂਗ ਐਤਕਾਂ ਵੀ ਸਟਰ ਕਾਊਂਟੀ ਲਾਇਬ੍ਰੇਰੀ ਵੱਲੋਂ ਕਰਵਾਏ ਗਏ ਮਲਟੀ ਕਲਚਰਲ ਵੂਮੈਨ ਪ੍ਰੋਗਰਾਮ ਵਿਚ ਐਤਕਾਂ ਵੀ ਪੰਜਬਣਾਂ ਹੀ ਬਾਕੀ ਸਭਿਆਚਾਰਾਂ ਦੇ ਗਰੁੱਪਾਂ ਤੋਂ ਉਪਰ ਰਹੀਆਂ ਤੇ ਦਰਸ਼ਕਾਂ ਵਿਚ ਵੀ ਜ਼ਿਆਦਾਤਰ ਪੰਜਾਬਣਾਂ ਹੀ ਸਨ। ਐਤਕਾਂ ਵੀ ਇਹ ਪ੍ਰੋ-ਗਰਾਮ ਐਂਡਰਸ ਕਾਰਪਰੇਸ ਸਕੂਲ ਵਿਚ ਕਰਵਾਇਆ ਗਿਆ। ਇਸ ਵਾਰ ਵੀ ਵੱਖ-ਵੱਖ ਆਈਟਮਾਂ ਨੇ ਜਿੱਥੇ ਭਾਰੀ ਗਿਣਤੀ ਵਿਚ ਆਈਆਂ ਬੀਬੀਆਂ ਦਰਸ਼ਕਾਂ ਦਾ ਮਨੋਰੰਜਨ ਕੀਤਾ, ਉਥੇ ਨਾਲ ਨਾਲ ਫੈਸ਼ਨ ਸ਼ੋਅ 'ਚ 7 ਦੇਸ਼ਾਂ ਦੀਆਂ ਬੀਬੀਆਂ ਨੇ ਹਿੱਸਾ ਲਿਆ। ਪਿਛਲੇ ਸਾਲਾਂ ਵਾਂਗ ਐਤਕਾਂ ਵੀ ਮੁੱਖ ਪ੍ਰਬੰਧਕਾਂ ਵਿਚ ਨਵਨੀਤ ਕੌਰ ਰੰਧਾਵਾ, ਸੰਗੀਤਾ ਦੱਤਾ, ਤਜੰਦਰ ਸੈਣੀ, ਗੁਰਪ੍ਰੀਤ ਕੌਰ, ਕਮਲਜੀਤ ਕੌਰ, ਨੀਲਮ, ਅਮਨਦੀਪ, ਮਨਜੀਤ ਤੇ ਨਵੀ ਸਹੋਤਾ ਨੇ ਸਮੁੱਚੇ ਪ੍ਰਬੰਧ ਕੀਤੇ। ਇਸ ਸਮਾਗਮ ਵਿਚ ਦਰਸ਼ਕਾਂ ਲਈ ਤਾਜ ਤੇ ਐਲ. ਏ. ਮਰਚੈਂਟਡਾਈਜ਼ ਦੀ ਬਖਸ਼ੋ ਬੀਸਲਾ ਨੇ ਸਪਾਂਸਰ ਕੀਤਾ। ਵੱਖ ਵੱਖ ਆਈਟਮਾਂ ਵਿਚ ਏਂਜਲ ਗਰੁੱਪ, ਪੰਜਾਬੀ ਡੀ. ਜੇ. ਗਰੁੱਪ, ਪੰਜਾਬੀ ਕਿਊਟ ਗਰਲਜ਼, ਰੰਗਲਾ ਪੰਜਾਬ, ਹੁਸਨ ਪੰਜਾਬ ਦਾ, ਨੱਚਦਾ ਗੱਭਰੂ ਪੰਜਾਬ ਦਾ, ਦੇਖੀ ਭੰਗੜਾ ਗਰੁੱਪ, ਪੰਜਾਬੀ ਮੁਟਿਆਰਾਂ, ਸ਼ੇਰਨੀਆਂ ਪੰਜਾਬ ਦੀਆਂ, ਪੰਜਾਬੀ ਗਰਲ ਗਰੁੱਪ, ਦੇਸੀ ਗਰਲਜ਼, ਪਾਖੰਡੀ ਬਾਬੇ, ਗੁਲਾਬੀ ਗਰਲਜ਼, ਸ਼ਾਨ ਪੰਜਾਬ ਦੀ, ਅਣਖ ਪੰਜਾਬ ਦੀ, ਰੂਪ ਪੰਜਾਬ ਦਾ ਤੋਂ ਇਲਾਵਾ ਯੂਬਾ ਸਿਟੀ ਦੀਆਂ ਬੀਬੀਆਂ ਵੱਲੋਂ ਧਮਾਕੇਦਾਰ ਗਿੱਧਾ ਪਾਇਆ ਗਿਆ।





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਾਬਕਾ ਐਮ.ਐਲ.ਏ.ਸ.ਮੋਹਣ ਸਿੰਘ ਬੰਗਾ ਦਾ ਸੈਕਰਾਮੈਂਟੋ ’ਚ ਨਿੱਘਾ ਸਵਾਗਤ

## ਪੰਜਾਬੀ ਭਾਈਚਾਰੇ ਵੱਲੋਂ ਵਿਅਕਤੀਗਤ ਅਤੇ ਰਾਜਨੀਤਿਕ ਪੱਖ ਤੋਂ ਰਹਿਤ ਹੋਈਆਂ ਖ਼ੂਬ ਵਿਚਾਰਾਂ

**ਸੈਕਰਾਮੈਂਟੋ (ਪੀ. ਕੇ. ਚੁੰਬਰ)–** ਪੰਜਾਬੀ ਲੋਕ ਚਾਹੇ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਕਿਉਂ ਨਾ ਵੱਸਦੇ ਹੋਣ, ਉਹ ਆਪਣੀ ਮਾਂ-ਬੋਲੀ ਪੰਜਾਬੀ, ਪੰਜਾਬੀਅਤ, ਪੰਜਾਬ, ਆਪਣਾ ਅਮੀਰ ਵਿਰਸਾ ਅਤੇ ਸਭਿਆਚਾਰਕ ਰਵਾਇਤਾਂ, ਕਦਰਾਂ-ਕੀਮਤਾਂ ਦੀ ਸੰਭਾਲ ਆਦਿ ਹਮੇਸ਼ਾ ਯਾਦ ਰੱਖਦੇ ਹਨ। ਪੰਜਾਬੀ ਦੇਰ-ਸਵੇਰ ਜਦ ਵੀ ਮਿਲਦੇ, ਰੂਹ ਦੇ ਨਾਲ ਮਿਲਦੇ ਹਨ। ਅਜਿਹਾ ਹੀ ਮਾਹੌਲ ਬੀਤੇ ਐਤਵਾਰ 7 ਜੁਲਾਈ ਦੀ ਸ਼ਾਮ ਰਾਇਲ ਇਵੈਂਟ ਹਾਲ ਸੈਕਰਾਮੈਂਟੋ ’ਚ ਕੁਝ ਪਲਾਂ ’ਚ ਫੈਸਲਾ ਲੈਣ ਉਪਰੰਤ ਇਕ ਸੰਖੇਪ ਇਕੱਠ ਕਰਕੇ ਬੰਗਾ ਹਲਕੇ ਤੋਂ ਐਮ. ਐਲ. ਏ. ਰਹਿ ਚੁੱਕੇ ਸ. ਮੋਹਣ ਸਿੰਘ ਬੰਗਾ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਵਿਸ਼ੇਸ਼ ਇਕੱਠ ਦਾ ਵਿਸ਼ੇਸ਼ ਪ੍ਰਬੰਧ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ਼ ਕੈਲੇਫੋਰਨੀਆ ਦੁਆਰਾ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ ’ਤੇ ਪੰਜਾਬ ਵਿਚ ਵਿੱਦਿਆ ਪ੍ਰਤੀ ਵਿਚਾਰਾਂ ਹੋਈਆਂ। ਸਰੋਤਿਆਂ ਵੱਲੋਂ ਪੰਜਾਬ ਅੰਦਰ ਸਰਕਾਰੀ ਸਕੂਲਾਂ ਵਿਚ ਦਿਨੋਂ-ਦਿਨ ਆ ਚੁੱਕੇ ਨਿਘਾਰ ਪ੍ਰਤੀ ਗਹਿਰੀ ਚਿੰਤਾ ਪ੍ਰਗਟਾਈ ਗਈ ਕਿ ਜੇਕਰ ਸਰਕਾਰੀ ਸਕੂਲਾਂ ਵਿਚ ਚੰਗੇ ਪ੍ਰਬੰਧ ਹੀ ਨਹੀਂ ਤਾਂ ਗਰੀਬ ਪਰਿਵਾਰਾਂ ਦੇ ਬੱਚੇ ਅੱਗੇ ਕਿਵੇਂ ਵੱਧ ਸਕਦੇ ਹਨ।

ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਲੋੜੀਂਦੀਆਂ ਸਹੂਲਤਾਂ ਹੀ ਨਹੀਂ ਦਿੱਤੀਆਂ ਜਾ ਰਹੀਆਂ। ਹੋਰ ਤਾਂ ਹੋਰ ਅਧਿਆਪਕਾਂ ਦੀ ਕਮੀ ਦੇ ਵੀ ਸੰਕੇਤ ਮਿਲਦੇ ਹਨ ਤਾਂ ਸ. ਮੋਹਣ ਸਿੰਘ ਬੰਗਾ ਨੇ ਸਰਕਾਰ ਦੀ ਮਜਬੂਰੀ ਦੱਸਦਿਆਂ ਕਿਹਾ ਕਿ ਫੰਡਾਂ ਦੀ ਘਾਟ ਕਾਰਨ ਅਜਿਹਾ ਹੋ ਰਿਹਾ ਹੈ। ਤਾਂ ਇਸ ਦੇ ਜਵਾਬ ਵਿਚ ਸਰੋਤਿਆਂ ਦਾ ਕਹਿਣਾ ਸੀ ਕਿ ਅਜਿਹੀ ਫੰਡਾਂ ਦੀ ਘਾਟ ਵਿੱਦਿਆ ਦੇ ਖੇਤਰ ’ਚ ਹੀ ਕਿਉਂ? ਕੀ ਅਜਿਹਾ ਇਸ ਕਰਕੇ ਕਿ ਇੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਥੋੜ੍ਹੀਆਂ ਸਬਸਿਡੀਆਂ ਘੱਟ ਕਰ ਲੈਣ ਜਾਂ ਕੁਝ ਅਜਿਹੇ ਨਵੇਂ ਸਾਧਨ ਜੁਟਾਏ ਜਾਣ, ਜਿਸ ਨਾਲ ਬੱਚਿਆਂ ਦੀ ਪੜ੍ਹਾਈ ’ਤੇ ਮਾੜਾ ਅਸਰ ਨਾ ਪਵੇ। ਜੇਕਰ ਸਰਕਾਰ ਆਪਣੀ ਇਸ ਬਣਦੀ ਜ਼ਿੰਮੇਵਾਰੀ ਨੂੰ ਨਹੀਂ ਨਿਭਾਅ ਸਕਦੀ ਤਾਂ ਬੱਚਿਆਂ ਦੇ ਭਵਿੱਖ ਦਾ ਕੀ ਬਣੇਗਾ? ਪੰਜਾਬ ਰਾਜ ਕਿਵੇਂ ਅੱਗੇ ਵੱਧ ਸਕਦਾ ਹੈ। ਸਰੋਤਿਆਂ ਦਾ ਇਹ ਵੀ ਕਹਿਣਾ ਸੀ ਕਿ ਪੰਜਾਬ ’ਚ ਜੋ ਵੀ ਅੱਜ ਬੱਚਿਆਂ ਦੀ ਪੜ੍ਹਾਈ, ਸਿਹਤ ਸੇਵਾਵਾਂ ਜਾਂ ਆਰਥਿਕ ਖੁਸ਼ਹਾਲੀ ਹੈ, ਉਸ ਵਿਚ ਐਨ. ਆਰ. ਆਈ. ਭਰਾਵਾਂ ਦਾ ਵੀ ਕਾਫੀ ਯੋਗਦਾਨ ਹੈ।

ਇਸ ਮੌਕੇ ਸਾਬਕਾ ਐਮ. ਐਲ. ਏ. ਸ. ਮੋਹਣ ਸਿੰਘ ਬੰਗਾ ਨੇ ਅਦਾਰਾ ’ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ’ ਦੀ ਤਾਰੀਫ ਕਰਦਿਆਂ ਪੇਪਰ ਦੀਆਂ ਕਾਪੀਆਂ ਰਿਲੀਜ਼ ਕੀਤੀਆਂ।

ਅੱਜ ਦੇ ਇਸ ਸੰਖੇਪ ਇਕੱਠ ਲਈ ਸ੍ਰੀ ਹੰਸ ਰਾਜ ਕਾਜਲਾ ਨੇ ਸਾਬਕਾ ਵਿਧਾਇਕ ਸ. ਮੋਹਣ ਸਿੰਘ ਬੰਗਾ ਨਾਲ ਸਭ ਨੂੰ ਆਪੋ-ਆਪਣੀ ਪਹਿਚਾਣ ਲਈ ਸੱਦਾ ਦਿੱਤਾ। ਸ. ਬੰਗਾ ਨੇ ਸਭ ਦਾ ਸ਼ੁਕਰੀਆ ਅਦਾ ਕਰਦਿਆਂ, ਉਹਨਾਂ ਦੀਆਂ ਦਿਲੀ ਭਾਵਨਾਵਾਂ ਦਾ ਆਦਰ ਕਰਦਿਆਂ, ਉਹਨਾਂ ਦੀ ਨਾ ਬਲਕਿ ਆਪਣੀ ਜ਼ਿੰਮੇਵਾਰੀ ਸਮਝਦਿਆਂ ਉਪਰੋਕਤ ਹੋਈਆਂ ਵਿਚਾਰਾਂ ਨੂੰ ਸਰਕਾਰ ਤੱਕ ਵਿਚਾਰਨ ਦਾ ਭਰੋਸਾ ਦਿੱਤਾ। ਇਸ ਸਭ ਵਿਚਾਰ ਮੰਚ ਦੌਰਾਨ ਸ. ਰਮੇਸ ਬੰਗੜ ਨੇ ਸ. ਬੰਗਾ ਦਾ ਸਵਾਗਤ ਕੀਤਾ ਅਤੇ ਚਾਹ-ਪਾਣੀ ਉਪਰੰਤ ਪ੍ਰੀਤੀ ਭੋਜਨ ਵੀ ਛਕਾਇਆ ਗਿਆ। ਸ. ਕਸ਼ਮੀਰ ਸਿੰਘ ਹੀਰਾ ਨੇ ਸ. ਬੰਗਾ ਅਤੇ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਅਜਿਹੀਆਂ ਮੀਟਿੰਗਾਂ ਦਾ ਹੋਣਾ ਇਕ ਸ਼ੁਭ ਸੰਕੇਤ ਕਹਿੰਦਿਆਂ ਦੁਬਾਰਾ ਫਿਰ ਮਿਲਣ ਲਈ ਕਿਹਾ।

**(ਤਸਵੀਰਾਂ ਦੇਖੋ ਸਫਾ 11 ‘ਤੇ)**

# ਮੰਗਲ ਹਠੂਰ ਦੀ ਪੁਸਤਕ “ਪੰਜਾਬ ਦਾ ਪਾਣੀ” ਫਰਿਜ਼ਨੋ ਵਿਖੇ ਲੋਕ ਅਰਪਿਤ





**ਫਰਿਜ਼ਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ –** ਉਘੇ ਗੀਤਕਾਰ ਮੰਗਲ ਹਠੂਰ ਦੀ ਸ਼ਾਇਰੋ-ਸ਼ਾਇਰੀ ਦੀ ਬਹੁ-ਚਰਚਤ ਪੁਸਤਕ "ਪੰਜਾਬ ਦਾ ਪਾਣੀ" ਲੰਘੇ ਐਤਵਾਰ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਇੱਕ ਪ੍ਰਭਾਵਸ਼ਾਲੀ ਸਾਦੇ ਸਮਾਗਮ ਦੌਰਾਂਨ ਰਲੀਜ ਕੀਤੀ ਗਈ। ਇਸ ਸਮਾਗਮ ਵਿੱਚ ਜਿਥੇ ਬਹੁਤ ਸਾਰੀਆਂ ਸਹਿਤਕ ਸ਼ਖਸੀਅਤਾਂ ਨੇ ਆਪਣੇਂ ਵਿਚਾਰ ਰੱਖੇ, ਉਥੇ ਲੋਕਲ ਕਵੀਆਂ ਅਤੇ ਸ਼ਾਇਰਾ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾ ਨਾਲ ਖ਼ੂਬ ਰੰਗ ਬੰਨਿਆ। ਇਸ ਮੌਕੇ ਬੁਲਾਰਿਆ ਨੇ ਮੰਗਲ ਹਠੂਰ ਦੀ ਨਿੱਗਰ ਸੋਚ ਨੂੰ ਸਮਾਜ ਨੂੰ ਸੇਧ ਦੇਣ ਵਾਲੀ ਕਲਮ ਗਰਦਾਨਿਆ, ਉਹਨਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਇਹ ਸਾਫ਼ ਸੁਥਰੀ ਕਲਮ ਹਮੇਸ਼ਾਂ ਅਰੁਕ ਚਲਦੀ ਰਹੇਗੀ। ਇਥੇ ਇਹ ਗੱਲ ਜਿਕਰਯੋਗ ਹੈ ਕਿ ਜਿਥੇ ਮੰਗਲ ਹੁਣ ਤੱਕ ਸੈਂਕੜੇ ਗੀਤ ਲਿਖ ਚੁੱਕਾ ਹੈ ਉਥੇ ਉਸ ਦੀਆਂ ਤਕਰੀਬਨ ਤੇਰਾਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣ ਚੁਕੀਆਂ ਹਨ। ਇਸ ਮੌਕੇ ਮੰਗਲ ਨੇ ਆਪਣੀ ਮਿਆਰੀ ਸ਼ਾਇਰੋ ਸ਼ਾਇਰੀ ਰਾਹੀਂ ਖ਼ੂਬ ਰੰਗ ਬੰਨਿਆ। ਇਸ ਮੌਕੇ ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਸੰਤੋਖ ਮਨਿਹਾਸ, ਸ਼ਾਇਰ ਹਰਜਿੰਦਰ ਕੰਗ, ਡਾ. ਅਰਜਨ ਸਿੰਘ ਜੋਸ਼ਨ ਆਦਿ ਸ਼ਾਮਲ ਸਨ।

ਇਸ ਤੋਂ ਬਿਨਾਂ ਲੋਕਲ ਗੀਤਕਾਰਾਂ ਤੇ ਸ਼ਾਇਰਾ ਨੇ ਵੀ ਹਾਜ਼ਰੀ ਭਰੀ ਜਿੰਨ੍ਹਾਂ ਵਿੱਚ ਸੁੱਖੀ ਧਾਲੀਵਾਲ, ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਗੈਰੀ ਢੇਸੀ, ਬਹਾਦਰ ਸਿੱਧੂ, ਰਣਜੀਤ ਗਿੱਲ, ਕਮਲਜੀਤ ਬੈਨੀਪਾਲ, ਸਾਧੂ ਸਿੰਘ ਸੰਘਾ, ਗੋਗੀ ਸੰਧੂ, ਮਲਕੀਤ ਮੀਤ, ਆਦਿ ਦੇ ਨਾਮ ਜਿਕਰਯੋਗ ਹਨ। ਇਸ ਸਮਾਗਮ ਵਿੱਚ ਫਰਿਜ਼ਨੋ ਦੀਆਂ ਸਿਰ ਕੱਢ ਸ਼ਖਸੀਅਤਾ ਨੇ ਸ਼ਿਰਕਤ ਕਰਕੇ ਪ੍ਰੋਗ੍ਰਾਮ ਨੂੰ ਹੋਰ ਚਾਰ ਚੰਨ ਲਾਏ। ਪੂਰੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ।

## ਗ੍ਰੀਨ ਕਾਰਡ ’ਤੇ ਲੱਗੀ ਸੀਲਿੰਗ ਹਟਾਉਣ ਲਈ ਅਮਰੀਕੀ ਕਾਂਗਰਸ ’ਚ ਵੋਟ




**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਕਾਨੂੰਨਸਾਜ਼ ਸੱਤ ਫੀਸਦ ਤੋਂ ਵੱਧ ਗ੍ਰੀਨ ਕਾਰਡ ਜਾਰੀ ਨਾ ਕਰਨ ’ਤੇ ਲੱਗੀ ਰੋਕ (ਸੀਲਿੰਗ) ਨੂੰ ਹਟਾਉਣ ਲਈ ਵੋਟ ਕਰਨਗੇ। ਅਮਰੀਕੀ ਕਾਨੂੰਨਸਾਜ਼ਾਂ ਦੀ ਇਸ ਪੇਸ਼ਕਦਮੀ ਦਾ ਦਹਾਕਿਆਂ ਤੋਂ ਗ੍ਰੀਨ ਕਾਰਡ ਹਾਸਲ ਕਰਨ ਲਈ ਕਤਾਰਾਂ ਵਿੱਚ ਲੱਗੇ ਹਜ਼ਾਰਾਂ ਅਤਿ-ਹੁਨਰਮੰਦ ਭਾਰਤੀ ਆਈਟੀ ਪੇਸ਼ੇਵਰਾਂ ਨੂੰ ਲਾਹਾ ਮਿਲ ਸਕਦਾ ਹੈ। ਗ੍ਰੀਨ ਕਾਰਡ ਧਾਰਕ ਨੂੰ ਅਮਰੀਕਾ ਵਿੱਚ ਸਥਾਈ ਤੌਰ ’ਤੇ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ ਹੁੰਦੀ ਹੈ। ਵਰਣਨਯੋਗ ਹੈ ਕਿ ਭਾਰਤੀ ਆਈਟੀ ਪੇਸ਼ੇਵਰਾਂ, ਜਿਨ੍ਹਾਂ ਵਿੱਚੋਂ ਬਹੁਤੇ ਅਤਿ ਹੁਨਰਮੰਦ ਹਨ, ਆਮ ਕਰਕੇ ਐੱਚ-1ਬੀ ਵਰਕ ਵੀਜ਼ੇ ’ਤੇ ਅਮਰੀਕਾ ਆਉਂਦੇ ਹਨ। ਅਮਰੀਕਾ ਦੀ ਮੌਜੂਦਾ ਪਰਵਾਸ ਪ੍ਰਣਾਲੀ ਮੁਤਾਬਕ ਕਿਸੇ ਵੀ ਮੁਲਕ ਨੂੰ ਸੱਤ ਫੀਸਦ ਤੋਂ ਵੱਧ ਗ੍ਰੀਨ ਕਾਰਡ ਜਾਰੀ ਨਹੀਂ ਕੀਤੇ ਜਾ ਸਕਦੇ। ਅਮਰੀਕਾ ਦੇ ਇਸ ਫੈਸਲੇ ਦੀ ਸਭ ਤੋਂ ਵੱਡੀ ਮਾਰ ਭਾਰਤੀ ਪੇਸ਼ੇਵਰਾਂ ਨੂੰ ਪਈ ਹੈ।

’ਫੇਅਰਨੈਸ ਫਾਰ ਹਾਈ ਸਕਿੱਲਡ ਇਮੀਗਰੈਂਟਸ ਐਕਟ’ ਨੂੰ ਪਾਸ ਕਰਵਾਉਣ ਲਈ 290 ਵੋਟਾਂ ਦੀ ਦਰਕਾਰ ਹੈ ਜਦੋਂਕਿ ਰਿਪਬਲਿਕਨ (108) ਤੇ ਡੈਮੋਕਰੈਟ (203) ਦੋਵਾਂ ਪਾਰਟੀ ਦੇ ਕੁੱਲ 310 ਕਾਨੂੰਨਸਾਜ਼ਾਂ ਦੀ ਹਮਾਇਤ ਨਾਲ ਹੀ ਬਿੱਲ ਪੇਸ਼ ਕੀਤਾ ਗਿਆ ਹੈ। ਲਿਹਾਜ਼ਾ 435 ਮੈਂਬਰੀ ਨੁਮਾਇੰਦਾ ਸਦਨ ਵਿੱਚ ਇਸ ਬਿੱਲ ਦੇ ਬਿਨਾਂ ਸੁਣਵਾਈ ਤੇ ਸੋਧਾਂ ਦੇ ਸੌਖਿਆਂ ਹੀ ਪਾਸ ਹੋ ਜਾਣ ਦੀ ਪੂਰੀ ਉਮੀਦ ਹੈ। ਉਂਜ ਸੀਲਿੰਗ ਹਟਣ ਨਾਲ ਭਾਰਤ ਵਰਗੇ ਮੁਲਕਾਂ ਦੇ ਆਈਟੀ ਪੇਸ਼ੇਵਰਾਂ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ। ਕੁਝ ਹਾਲੀਆ ਅਧਿਐਨਾਂ ਮੁਤਾਬਕ ਐੱਚ1ਬੀ ਪ੍ਰਾਪਤ ਕੁਝ ਭਾਰਤੀ ਆਈਟੀ ਪੇਸ਼ੇਵਰਾਂ ਲਈ ਗ੍ਰੀਨ ਕਾਰਡ ਦੀ ਉਡੀਕ 70 ਸਾਲ ਤੋਂ ਵੱਧ ਸਮੇਂ ਦੀ ਹੈ।

## ਡਾ.ਖਹਿਰਾ, ਹੈਪੀ ਹੀਰ ਅਤੇ ਲੱਕੀ ਸਹੋਤਾ ਵਲੋਂ 15ਵੇਂ ਵਿਸ਼ਵ ਕਬੱਡੀ ਕੱਪ ਲਈ 11000 ਡਾਲਰ ਦੇਣ ਦਾ ਐਲਾਨ



**ਸ਼ਿਕਾਗੋ (ਬਿਓਰੋ)–** ਹਾਲ ਹੀ ਵਿਚ ਸ਼ਿਕਾਗੋ ’ਚ ਅਯੋਜਿਤ ਕਬੱਡੀ ਕੱਪ ਦੇ ਮੁੱਖ ਪ੍ਰਬੰਧਕਾਂ ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ ਅਤੇ ਲੱਕੀ ਸਹੋਤਾ ਨੇ ਇੱਥੇ ਕਬੱਡੀ ਕੱਪ ਵਿਚ ਵਿਸ਼ੇਸ਼ ਤੌਰ ’ਤੇ ਪੁੱਜੇ ਯੁਨਾਈਟਡ ਸਪੋਰਟਸ ਕਲੱਬ ਦੇ ਸ. ਅਮੋਲਕ ਸਿੰਘ ਗਾਖਲ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨਾਲ ਗੱਲਬਾਤ ਕਰਦਿਆਂ ਮਾਣ ਨਾਲ ਐਲਾਨ ਕੀਤਾ ਕਿ ਉਹ ਆਪਣੇ ਸਮੂਹਿਕ ਮੈਂਬਰਾਂ ਨਾਲ ਯੂਨੀਅਨ ਸਿਟੀ ’ਚ 15 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ ’ਚ ਸ਼ਿਕਾਗੋ ਦੀਆਂ ਹੋਰ ਨਾਮੀ ਗਰਾਮੀ ਹਸਤੀਆਂ ਨੂੰ ਨਾਲ ਲੈ ਕੇ ਹੁੰਮ ਹੁਮਾ ਕੇ ਪੁੱਜਣਗੇ ਅਤੇ 11000 ਡਾਲਰ ਦਾ ਵਿਸ਼ੇਸ਼ ਸਹਿਯੋਗ ਦੇਣਗੇ ਕਿਉਂਕਿ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਇਸ ਵਿਸ਼ਵ ਕਬੱਡੀ ਕੱਪ ਦਾ ਕੌਮਾਂਤਰੀ ਕਬੱਡੀ ਜਗਤ ਵਿਚ ਇਕ ਖਾਸ ਰੁਤਬਾ ਹੈ।

## ਸਿਆਟਲ ਵਿਚ ਖੇਡ ਕੈਂਪ ਦੇ ਬੱਚਿਆਂ ਨੇ ਅਮਰੀਕਾ ਦਾ ਆਜ਼ਾਦੀ ਦਿਵਸ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਪੰਜਾਬੀ ਭਾਈਚਾਰੇ ਅਤੇ ਖੇਡ ਕੈਂਪ ਦੇ ਬੱਚਿਆਂ ਨੇ ਮਿਲ ਕੇ ਅਮਰੀਕਾ ਦਾ ਆਜ਼ਾਦੀ ਦਿਵਸ ਮਨਾਇਆ। ਇਸ ਮੌਕੇ ਬੱਚਿਆਂ ਤੇ ਨੌਜਵਾਨਾਂ ਦੇ ਫੁਟਬਾਲ ਤੇ ਵਾਲੀਬਾਲ ਦੇ ਮੁਕਾਬਲੇ ਕਰਵਾਏ ਗਏ। ਦਲਬੀਰ ਸਿੰਘ ਬੈਂਸ ਨੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਲਈ ਰੀਫ੍ਰੈਸ਼ਮੈਂਟ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਇਸ ਸਮਾਗਮ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਖਾਲਸਾ ਤਖਤ ਲੋਹਗੜ੍ਹ ਤੇ ਘੋਖ ਕਰ ਰਹੇ ਗੁਰਵਿੰਦਰ ਸਿੰਘ, ਕੁਲਦੀਪ ਸਿੰਘ, ਉਪਿੰਦਰ ਸਿੰਘ ਢੀਂਡਸਾ ਤੇ ਸਿਆਟਲ ਦੀ ਸਤਿਕਾਰਿਤ ਹਸਤੀ ਹਰਦੇਵ ਸਿੰਘ ਨੂੰ ਫੁੱਲਾਂ ਦੇ ਗਲਸਦਤੇ ਦੇ ਕੇ ਸਲਮਾਨਿਤ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਬੱਲੀ ’ਬੜਾ ਪਿੰਡ’, ਜੈਗ ਬਸਰਾ, ਉਂਕਾਰ ਸਿੰਘ, ਲੱਖਾ ਸਿੰਘ ਸੰਧੂ ਚਾਟੀਵਿੰਡ, ਜੀਵਨ ਸਿੰਘ, ਪਰਵਿੰਦਰ ਭੱਟੀ, ਮਨਮੋਹਨ ਸਿੰਘ, ਧਾਲੀਵਾਲ ਸਮੇਤ ਕਈ ਅਹਿਮ ਹਸਤੀਆਂ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਅਤੇ ਬੱਚਿਆਂ ਨੂੰ ਹੱਲਾਸ਼ੇਰੀ ਦਿੱਤੀ।



# ਮੀਂਹ ਤੋਂ ਪ੍ਰਭਾਵਿਤ ਮੈਚ ਦੇ ਬਾਵਜੂਦ ਭਾਰਤ ਦਾ ਪੱਲੜਾ ਭਾਰੀ ਰਿਹਾ

**ਮਾਨਚੈਸਟਰ–** ਵਿਸ਼ਵ ਕੱਪ ’ਚ ਮੰਗਲਵਾਰ ਨੂੰ ਇੱਥੇ ਨਿਊਜ਼ੀਲੈਂਡ ਵਿਰੁੱਧ ਭਾਰਤ ਨੇ ਆਪਣਾ ਪੱਲੜਾ ਭਾਰੀ ਰੱਖਿਆ ਪਰ ਮੀਂਹ ਕਾਰਨ ਮੈਚ ਕਿਸੇ ਨਤੀਜੇ ਉੱਤੇ ਨਹੀਂ ਪੁੱਜ ਸਕਿਆ। ਹੁਣ ਬੁੱਧਵਾਰ ਨੂੰ ਨਿਊਜ਼ੀਲੈਂਡ ਬਾਕੀ ਬਚੇ 3.5 ਓਵਰ ਖੇਡੇਗਾ। ਇਸ ਤੋਂ ਬਾਅਦ ਭਾਰਤੀ ਪਾਰੀ ਸ਼ੁਰੂ ਹੋਵੇਗੀ। ਜੇ ਕੱਲ੍ਹ ਵੀ ਮੀਂਹ ਪੈਂਦਾ ਹੈ ਤੇ ਨਿ-ਊਜ਼ੀਲੈਂਡ ਅੱਗੇ ਬੱਲੇਬਾਜ਼ੀ ਨਹੀਂ ਕਰ ਸਕਦਾ ਤਾਂ ਭਾਰਤ ਨੇ 46 ਓਵਰਾਂ ਵਿੱਚ 237 ਦੌੜਾਂ ਬਣਾਉਣੀਆਂ ਹੋਣਗੀਆਂ। ਜੇ ਸਿਰਫ 20 ਓਵਰ ਦੀ ਖੇਡ ਸੰਭਵ ਹੁੰਦੀ ਹੈ ਤਾਂ ਭਾਰਤ ਅੱਗੇ 148 ਦੌੜਾਂ ਦਾ ਟੀਚਾ ਹੋਵੇਗਾ। ਜੇ ਬੁੱਧਵਾਰ ਨੂੰ ਵੀ ਮੈਚ ਪੂਰਾ ਨਹੀਂ ਹੁੰਦਾ ਤਾਂ ਲੀਗ ਗੇੜ ਵਿੱਚ ਅੰਕਾਂ ਦੇ ਹਿਸਾਬ ਨਾਲ ਭਾਰਤੀ ਟੀਮ ਫਾਈਨਲ ਵਿੱਚ ਪੁੱਜ ਜਾਵੇਗੀ।

ਇਸ ਤੋਂ ਪਹਿਲਾਂ ਭਾਰਤੀ ਗੇਂਦਬਾਜ਼ਾਂ ਨੇ ਕਸਵੀਂ ਗੇਂਦਬਾਜ਼ੀ ਦਾ ਸ਼ਾਨਦਾਰ ਨਮੂਨਾ ਪੇਸ਼ ਕਰਦਿਆਂ ਨਿਊਜ਼ੀਲੈਂਡ ਨੂੰ ਆਈਸੀਸੀ ਇੱਕ ਰੋਜ਼ਾ ਵਿਸ਼ਵ ਕੱਪ ਦੇ ਪਹਿਲੇ ਸੈਮੀ -ਫਾਈਨਲ ਮੈਚ ਵਿੱਚ ਅੱਜ ਇੱਥੇ ਵੱਡਾ ਸਕੋਰ ਨਹੀਂ ਬਣਾਉਣ ਦਿੱਤਾ ਅਤੇ ਮੀਂਹ ਕਾਰਨ ਜਦੋਂ ਮੈਚ 46.1 ਓਵਰ ਦੌਰਾਨ ਰੋਕਿਆ ਗਿਆ ਤਾਂ ਕਿਵੀ ਟੀਮ ਪੰਜ ਵਿਕਟਾਂ ’ਤੇ 211 ਦੌੜਾਂ ਬਣਾ ਕੇ ਜੂਝ ਰਹੀ ਸੀ। ਕੇਨ ਵਿਲੀਅਮਸਨ (95 ਗੇਂਦਾਂ ’ਤੇ 67 ਦੌੜਾਂ) ਨੇ ਹੈਨਰੀ ਨਿਕੋਲਸ (51 ਗੇਂਦਾਂ ’ਤੇ 28 ਦੌੜਾਂ) ਨਾਲ ਦੂਜੀ ਵਿਕਟ ਲਈ 68 ਅਤੇ ਰੋਸ ਟੇਲਰ (ਨਾਬਾਦ 67 ਦੌੜਾਂ) ਨਾਲ ਤੀਜੀ ਵਿਕਟ ਲਈ 65 ਦੌੜਾਂ ਜੋੜੀਆਂ, ਪਰ ਭਾਰਤੀ ਗੇਂਦਬਾਜ਼ਾਂ ਨੇ ਸਹੀ ਸਮੇਂ ’ਤੇ ਵਿਕਟਾਂ ਝਟਕਾਈਆਂ। ਜਸਪ੍ਰੀਤ ਬੁਮਰਾਹ (25 ਦੌੜਾਂ ਦੇ ਕੇ ਇੱਕ) ਅਤੇ ਭੁਵਨੇਸ਼ਵਰ ਕੁਮਾਰ (30 ਦੌੜਾਂ ਦੇ ਕੇ ਇੱਕ) ਨੇ ਸ਼ੁਰੂ ਤੋਂ ਹੀ ਕਸੀ ਹੋਈ ਗੇਂਦਬਾਜ਼ੀ ਕਰਕੇ ਨਿਊਜ਼ੀਲੈਂਡ ’ਤੇ ਦਬਾਅ ਬਣਾਇਆ।

# ਅਮਰੀਕਾ ਦੇ ਅਜ਼ਾਦੀ ਦਿਵਸ 'ਤੇ ਠਾਠਾਂ ਮਾਰਦੀ ਸਿੱਖੀ ਪਹਿਚਾਣ ਵਿਚਕਾਰ ਅਮਰੀਕਨਾਂ ਵਲੋਂ ਤਾੜੀਆਂ, ਹੂਟਿੰਗ ਤੇ ਨਾਹਰਿਆਂ ਨਾਲ ਸਵਾਗਤ

## ਸਿੱਖਾਂ ਦੇ ਫਲੋਟ ਤੇ ਗੁਰਪ੍ਰੀਤ ਸਿੰਘ ਅਮਰੀਕਨ ਸਿੱਖ ਆਈਡਲ ਨੇ ਰਾਸ਼ਟਰੀ ਗੀਤਾਂ ਰਾਹੀ ਅਮਰੀਕਨਾਂ ਦੇ ਦਿਲ ਜਿੱਤੇ

**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ)**– ਅਮਰੀਕਾ ਦੇ ਸਿੱਖ ਪਿਛਲੇ ਬਾਰਾਂ ਸਾਲਾਂ ਤੋਂ ਅਮਰੀਕਾ ਦੀ ਅਜ਼ਾਦੀ ਦਿਵਸ ਤੇ ਆਪਣੀ ਪਹਿਚਾਣ ਨੂੰ ਉਭਾਰ ਰਹੇ ਹਨ। ਜਿਸ ਦਾ ਉਪਰਾਲਾ ਸਿੱਖਸ ਆਫ ਅਮਰੀਕਾ ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਣਥੱਕ ਮਿਹਨਤ ਅਤੇ ਕੰਵਲਜੀਤ ਸਿੰਘ ਸੋਨੀ ਦੇ ਸਮੁੱਚੇ ਸਹਿਯੋਗ ਨਾਲ ਸਿੱਖਾਂ ਦਾ ਫਲੋਟ 4 ਜੁਲਾਈ ਅਜ਼ਾਦੀ ਦਿਵਸ ਦੇ ਮੌਕੇ ਤੇ ਵਾਸ਼ਿੰਗਟਨ ਡੀ. ਸੀ. ਵਿੱਚ ਆਪਣੀ ਵੱਖਰੀ ਦਿੱਖ ਦਰਜ ਕਰ ਗਿਆ। ਪਰੇਡ ਦੀ ਸ਼ੁਰੂਆਤ ਕਾਨਸਟੀਚਿਊਟ ਐਵੀਨਿਊ ਤੋਂ ਸ਼ੁਰੂ ਹੋਈ ਜਿਸ ਨੂੰ ਮਾਰਸ਼ਲਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਅਗਵਾਈ ਦਿੱਤੀ, ਜਿਸ ਵਿੱਚ ਮਨਪ੍ਰੀਤ ਸਿੰਘ ਮਠਾਰੂ, ਕੰਵਲਜੀਤ ਸਿੰਘ ਸੋਨੀ, ਮਨਿੰਦਰ ਸਿੰਘ ਸੇਠੀ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਚਤਰ ਸਿੰਘ ਸੈਣੀ, ਬਖਸ਼ੀਸ਼ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਸਰਬਜੀਤ ਸਿੰਘ ਬਖਸ਼ੀ ਨੇ ਬਾਖੂਬ ਢੰਗ ਨਾਲ ਹਰੇਕ ਨੂੰ ਲੜੀਆਂ ਵਿੱਚ ਪ੍ਰੋਅ ਕੇ ਰੱਖਿਆ।




ਸਮੂਹ ਸਿੱਖਣੀਆਂ ਵਲੋਂ ਗਰੇਟ ਅਮਰੀਕਾ, ਲਵ ਅਮਰੀਕਾ, ਯੂ.ਐੱਸ.ਏ., ਗੌਡ ਬਲੈਸ ਅਮਰੀਕਾ ਦੇ ਨਾਅਰਿਆਂ ਨਾਲ ਹਾਜ਼ਰੀਨ ਤੋਂ ਵਧੀਆ ਕੌਮੈਂਟ ਦਰਜ ਕਰਵਾਏ।ਸੜ੍ਹਕ ਦੇ ਦੋਵੇਂ ਪਾਸੇ ਮਿਲੀਅਨ ਲੋਕਾਂ ਦੇ ਸਾਹਮਣੇ ਸਿੱਖਾਂ ਦੀ ਪਹਿਚਾਣ ਨੂੰ ਦਰਜ ਕੀਤਾ ਗਿਆ।ਅਮਰੀਕਨਾ ਵੱਲੋਂ ਇਨ੍ਹਾਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਸਮੂਹ ਸਿੱਖਾਂ ਲਈ ਕਾਬਲੇ ਤਾਰੀਫ ਸੀ। ਇਸ ਸਾਲ ਸਿੱਖਾਂ ਦਾ ਇਕੱਠ ਜਿੱਥੇ ਠਾਠਾਂ ਮਾਰਦਾ ਅਮਰੀਕਨ ਝੰਡੇ ਦੇ ਰੰਗਾਂ ਵਿੱਚ ਲਿਪਟਿਆ ਆਪਣੀ ਪਹਿਚਾਣ ਦਾ ਚਾਨਣ ਹਰ ਪਾਸੇ ਵੰਡ ਗਿਆ। ਜਿਸ ਦੀ ਸੁਗੰਧੀ ਅਮਰੀਕਨ ਲੋਚਦੇ ਆਮ ਨਜ਼ਰ ਆਏ। ਜਿੱਥੇ ਸਿੱਖ ਅਮਰੀਕਨ ਗੁਰਪ੍ਰੀਤ ਆਈਡਲ ਦੇ ਗੀਤਾਂ ਤੇ ਹਾਜ਼ਰੀਨ ਨੇ ਖੂਬ ਭੰਗੜਾ ਤੇ ਨਾਚ ਕੀਤਾ ।ਜੋ ਇੱਕ ਵੱਖਰਾ ਅਲੌਕਿਕ ਨਜ਼ਾਰਾ ਪੇਸ਼ ਕਰ ਗਿਆ। ਜਿਸ ਨੂੰ ਅਮਰੀਕਨਾਂ ਨੇ ਖੂਬ ਸਲਾਹਿਆ।

ਸਮੁੱਚੇ ਤੌਰ 'ਤੇ ਸਿੱਖਾਂ ਵਲੋਂ ਅਜ਼ਾਦੀ ਦਿਵਸ ਦੀ ਪਰੇਡ ਨੇ ਚਾਰ ਚੰਨ ਲਗਾ ਦਿੱਤੇ ਅਤੇ ਆਪਣੀ ਪਹਿਚਾਣ ਦੀ ਧਾਕ ਖੂਬ ਜਮ੍ਹਾ ਗਏ। ਜਿਸਦਾ ਸਿਹਰਾ ਮੁੱਖ ਤੌਰ 'ਤੇ ਸਿੱਖਸ ਆਫ ਅਮਰੀਕਾ ਦੀ ਸੰਸਥਾ ਨੂੰ ਜਾਂਦਾ ਹੈ।ਜਿਨ੍ਹਾਂ ਨੇ ਆਰਮੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਬੈਠੇ ਫੌਜੀ ਜਿਨ੍ਹਾਂ ਦੀ ਅਗਵਾਈ ਲੈਫਟੀਨੈਂਟ ਕਰਨਲ ਕੰਵਲਜੀਤ ਸਿੰਘ ਨੇ ਕੀਤੀ ਅਤੇ ਫਲੋਟ ਤੋਂ ਹੀ ਆਪਣੀ ਦਿੱਖ ਨੂੰ ਅਮਰੀਕਨਾ ਦੇ ਵਿੱਚ ਬਤੌਰ ਸਿੱਖ ਅਫਸਰ ਦਰਜ ਕਰਕੇ ਸਿੱਖਾਂ ਦੀ ਬਹਾਦਰੀ ਨੂੰ ਪੇਸ਼ ਕੀਤਾ।





ਮੰਚ ਤੋਂ ਜਿੱਥੇ ਸਿੱਖਾਂ ਦੇ ਵੱਖ-ਵੱਖ ਮਹਿਕਮਿਆਂ ਵਿੱਚ ਪਸਾਰੇ ਹੋਣ ਅਤੇ ਇਨ੍ਹਾਂ ਦੀ ਇਮਾਨਦਾਰੀ, ਬਹਾਦਰੀ ਅਤੇ ਸਹਿਣਸ਼ੀਲਤਾ ਦਾ ਪ੍ਰਗਟਾਵਾ ਕੀਤਾ ਹੈ।

ਜਿੱਥੇ ਇਨ੍ਹਾਂ ਦੀ ਧਾਰਮਿਕ ਰਹਿਮਤ ਅਤੇ ਰਹਿਬਰਾਂ ਦੀ ਪੜਚੋਲ ਨੂੰ ਦਰਸਾਇਆ, ਉੱਥੇ ਇਨ੍ਹਾਂ ਵਲੋਂ ਡਾਕਟਰੀ, ਇੰਜੀਨੀਅਰ, ਪਾਈਲਟ, ਪੁਲਿਸ ਤੇ ਫੌਜ ਵਿੱਚ ਕੀਤੀਆਂ ਕਾਰਗੁਜ਼ਾਰੀਆਂ ਨੂੰ ਖੂਬ ਉਭਾਰਿਆ ਗਿਆ। ਜੋ ਸਿੱਖਾਂ ਲਈ ਮਾਣ ਵਾਲੀ ਗੱਲ ਸੀ।

# ਇਕ ਸਿੱਖ ਨਾਲ ਨੌਕਰੀ ਵਿਚ ਭੇਦਭਾਵ ਦੇ ਮੁੱਦੇ 'ਤੇ ਕਮਲਾ ਹੈਰਿਸ ਦੀ ਅਲੋਚਨਾ, ਮੁਆਫ਼ੀ ਮੰਗਣ ਲਈ ਕਿਹਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਅਮਰੀਕਾ ਦੇ ਸਾਬਕਾ ਉੱਪ ਰਾਸ਼ਟਰਪਤੀ ਜੋਇ ਬਿਡਨ ਨਾਲ ਮਨੁੱਖੀ ਹੱਕਾਂ ਬਾਰੇ ਮੁੱਦਿਆਂ ਉਪਰ ਬਹਿਸ ਦੌਰਾਨ ਤਾਂ ਭਾਵੇਂ ਕਮਲਾ ਹੈਰਿਸ ਜੋ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਹਨ, ਜਿੱਤ ਗਈ ਹੋਵੇ ਪਰੰਤੂ ਸਿੱਖ ਭਾਈਚਾਰਾ ਇਹ ਸੋਚਕੇ ਅਚੰਭੇ ਵਿਚ ਹੈ ਕਿ ਕੀ ਹੈਰਿਸ ਸੱਚਮੁੱਚ ਉਸ ਵਿਚ ਵਿਸ਼ਵਾਸ਼ ਰਖਦੀ ਹੈ ਜੋ ਉਸ ਨੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਆਪਣੇ ਰਿਕਾਰਡ ਦੇ ਆਧਾਰ 'ਤੇ ਕਿਹਾ ਹੈ। ਹੈਰਿਸ ਦੀ ਟਿਪਣੀ ਨੇ ਸਿੱਖ ਭਾਈਚਾਰੇ ਨੂੰ ਨਰਾਜ਼ ਕਰ ਲਿਆ ਹੈ। ਸਿੱਖ ਕਾਰਕੁੰਨਾਂ ਨੇ ਇਕ ਪਟੀਸ਼ਨ ਜਾਰੀ ਕਰਕੇ ਮੰਗ ਕੀਤੀ ਹੈ ਕਿ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ 2011 ਵਿਚ ਇਕ ਸਿੱਖ ਦਰਖਾਸਤ ਕਰਤਾ ਨਾਲ ਨੌਕਰੀ ਲੈਣ 'ਚ ਕੀਤੇ ਗਏ ਭੇਦਭਾਵ ਲਈ ਹੈਰਿਸ



ਮੁਆਫ਼ੀ ਮੰਗੇ। ਵਕੀਲ ਤੇ ਰਾਜਸੀ ਸਲਾਹਕਾਰ ਰਾਜਦੀਪ ਸਿੰਘ ਜੌਲੀ ਨੇ ਕਿਹਾ ਹੈ ਕਿ ਹੈਰਿਸ ਆਪਣੇ ਵਿਰੋਧੀਆਂ ਨੂੰ ਮਨੁੱਖੀ ਹੱਕਾਂ ਦਾ ਪਾਠ ਪੜਾਉਂਦੀ ਹੈ ਜਦ ਕਿ ਉਸ ਨੂੰ ਖੁਦ ਇਕ ਸਿੱਖ ਨਾਲ ਨੌਕਰੀ ਵਿਚ ਕੀਤੇ ਗਏ ਭੇਦਭਾਵ ਦੇ ਮਾਮਲੇ ਵਿਚ ਮੁਆਫ਼ੀ ਮੰਗਣ ਦੀ ਲੋੜ ਹੈ। ਇਥੇ ਵਰਣਨਯੋਗ ਹੈ ਕਿ ਤਰਲੋਚਨ ਸਿੰਘ ਉਬਰਾਏ ਨੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਕੋਰੈਕਸ਼ਨਜ਼ ਐਂਡ ਰੀਹੈਬਲੀਟੇਸ਼ਨ ਵਿਚ ਕੋਰੈਕਸ਼ਨਜ਼ ਅਫਸਰ ਦੀ ਨੌਕਰੀ ਲਈ ਦਰਖਾਸਤ ਦਿੱਤੀ ਸੀ। ਉਸ ਨੇ ਲਿਖਤੀ ਟੈਸਟ ਸਮੇਤ ਇਸ ਨੌਕਰੀ ਲਈ ਲੋੜੀਂਦੇ ਸਾਰੇ ਟੈਸਟ ਪਾਸ ਕਰ ਲਏ ਸਨ ਪਰੰਤੂ ਉਸ ਨੂੰ ਦਾਹੜੀ ਕਟਵਾਉਣ ਲਈ ਕਿਹਾ ਗਿਆ।

ਜਦੋਂ ਉਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਵਿਭਾਗ ਨੇ ਉਸ ਦੀ ਚੋਣ ਨੂੰ ਰੱਦ ਕਰ ਦਿੱਤਾ ਸੀ। ਮਨੁੱਖੀ ਹੱਕਾਂ ਨਾਲ ਜੁੜੀਆਂ ਬਹੁਤ ਸਾਰੀਆਂ ਸੰਸਥਾਵਾਂ ਨੇ ਕਮਲਾ ਹੈਰਿਸ ਜੋ ਉਸ ਸਮੇਂ ਪਹਿਲੀ ਇੰਡੀਅਨ ਅਮਰੀਕਨ ਅਟਾਰਨੀ ਜਨਰਲ ਸੀ, ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਕਿਹਾ ਸੀ ਪਰ ਹੈਰਿਸ ਨੇ ਸਬੰਧਤ ਵਿਭਾਗ ਦਾ ਹੀ ਪੱਖ ਪੂਰਿਆ ਸੀ।

# 4 ਜੀਆਂ ਦੀ ਹੱਤਿਆ ਦਾ ਕਾਰਣ ਜਾਇਦਾਦ ਹੜੱਪਣਾ ਸੀ, ਹੋ ਸਕਦੀ ਹੈ ਮੌਤ ਦੀ ਸਜਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਵੈਸਟ ਚੈਸਟਰ ਵਿਚ ਇਕ ਪੰਜਾਬੀ ਡਰਾਈਵਰ ਵੱਲੋਂ ਆਪਣੀ ਪਤਨੀ, ਸੱਸ -ਸਹੁਰੇ ਸਮੇਤ ਪਰਿਵਾਰ ਦੇ 4 ਜੀਆਂ ਦੀ ਕੀਤੀ ਗਈ ਹੱਤਿਆ ਅੱਤ ਘਿਣਾਉਣਾ ਕਾਰਾ ਸੀ , ਜਿਸਨੇ ਸਾਰੇ ਭਾਈਚਾਰੇ ਨੂੰ ਝੰਜੋੜ ਕਰ ਕੇ ਰੱਖ ਦਿੱਤਾ ਸੀ। ਇਸਦਾ ਮੁੱਖ ਕਾਰਣ ਜੁਆਈ ਵਲੋਂ ਸਹੁਰੇ ਘਰ ਦੀ ਜਾਇਦਾਦ ਨੂੰ ਹੜੱਪਣਾ ਸੀ, ਇਹ ਪ੍ਰਗਟਾਵਾ ਵੈਸਟ ਚੈਸਟਰ ਦੇ ਪੁਲਿਸ ਮੁਖੀ ਜੋਇਲ ਹਰਜ਼ੋਗ ਨੇ ਕੀਤਾ ਹੈ। ਉਨਾਂ ਕਿਹਾ ਹੈ ਕਿ ਇਸ ਅੱਤ ਨਿੰਦਣਯੋਗ ਜੁਰਮ ਦਾ ਵੈਸਟ ਚੈਸਟਰ ਦੇ ਸਮੁੱਚੇ ਸਮਾਜ ਖਾਸ ਕਰਕੇ ਸਿੱਖ ਭਾਈਚਾਰੇ ਉਪਰ ਗਹਿਰਾ ਅਸਰ ਪਿਆ ਹੈ। ਇਹ ਭਾਈਚਾਰਾ ਅਜੇ ਤੱਕ ਇਸ ਸਦਮੇ ਵਿਚੋਂ ਉਭਰ ਨਹੀ ਸਕਿਆ ਹੈ। ਪੁਲਿਸ ਨੇ ਪਿਛਲੇ ਹਫਤੇ ਨੂੰ ਗੁਰਪ੍ਰੀਤ ਸਿੰਘ (37) ਨੂੰ ਡੈਸਟ ਚੈਸਟਰ, ਓਹਾਇਓ ਤੋਂ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ 4 ਹੱਤਿਆਵਾਂ ਕਰਨ ਦੇ ਬਕਾਇਦਾ ਦੋਸ਼ ਆਇਦ ਕਰ ਦਿੱਤੇ ਹਨ। ਇਸ ਸਮੇਂ ਉਹ ਬਰਾਨਫੋਰਡ ਕੋਨੈਕਟੀਕਟ ਜੇਲ ਵਿਚ ਬੰਦ ਹੈ। ਉਸ ਨੂੰ ਬਹੁਤ ਛੇਤੀ ਵੈਸਟ ਚੈਸਟਰ ਦੀ ਜੇਲ ਵਿਚ ਤਬਦੀਲ ਕੀਤੇ ਜਾਣ ਦੀ ਸੰਭਾਵਨਾ ਹੈ। ਗੁਰਪ੍ਰੀਤ ਸਿੰਘ ਨੂੰ ਪੁਲਿਸ ਨੇ ਅਪਣੀ ਪਤਨੀ ਸ਼ਲਿੰਦਰ ਕੌਰ 39, ਸੱਸ ਪਰਮਜੀਤ ਕੌਰ 62, ਸਹੁਰਾ ਹਰਕੀਰਤ ਸਿੰਘ ਪਨਾਗ 59 ਅਤੇ ਪਤਨੀ ਦੀ ਮਾਸੀ ਅਮਰਜੀਤ ਕੌਰ 58 ਨੂੰ ਉਨਾਂ ਦੇ ਘਰ ਅੰਦਰ ਹੀ ਕਤਲ ਕਰਨ ਦਾ ਦੋਸ਼ੀ ਪਾਇਆ ਹੈ। ਜਿਸ ਕਾਰਣ ਗੁਰਪ੍ਰੀਤ ਨੂੰ ਮੌਤ ਦੀ ਸਜਾ ਵੀ ਹੋ ਸਕਦੀ ਹੈ। ਇਕ ਪ੍ਰੈਸ ਬਿਆਨ ਵਿਚ ਬਰਾਨਫੋਰਡ ਪੁਲਿਸ ਨੇ ਕਿਹਾ ਹੈ ਕਿ ਗੁਰਪ੍ਰੀਤ ਸਿੰਘ ਨੂੰ ਸਥਾਨਕ ਵਾਲਮਾਰਟ ਦੇ ਪਾਰਕਿੰਗ ਸਥਾਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਥੇ ਵਰਣਣਯੋਗ ਹੈ ਕਿ ਇਸ ਸਾਲ 28 ਅਪ੍ਰੈਲ ਨੂੰ ਗੁਰਪ੍ਰੀਤ ਸਿੰਘ ਨੇ ਖੁਦ ਹੀ ਪੁਲਿਸ ਨੂੰ 911 ਫੋਨ ਉਪਰ ਉਸ ਦੇ ਘਰ ਵਿਚ ਹੱਤਿਆਵਾਂ ਹੋਣ ਦੀ ਜਾਣਕਾਰੀ ਦਿੱਤੀ ਸੀ। ਉਸ ਨੇ ਕਿਹਾ ਸੀ ਕਿ ਜਦੋਂ ਉਹ ਘਰ ਆਇਆ ਤਾਂ ਪਰਿਵਾਰ ਦੇ 4 ਜੀਅ ਫਰਸ਼ ਉਪਰ ਖੂਨ ਨਾਲ ਲੱਥਪੱਥ ਪਏ ਹਨ। ਉਸ ਨੇ ਪੁਲਿਸ ਨੂੰ ਕਿਹਾ ਕਿ ਉਸ ਦਾ ਦਿਮਾਗ ਸੁੰਨ ਹੋ ਗਿਆ ਤੇ ਉਸ ਨੂੰ ਕੁਝ ਨਹੀਂ ਸੁੱਝ ਰਿਹਾ। ਉਹ ਪਾਗਲਾਂ ਵਾਂਗ ਵਿਵਹਾਰ ਕਰ ਰਿਹਾ ਸੀ। ਉਸ ਨੇ ਇਹ ਹੱਤਿਆਵਾਂ ਨਸਲੀ ਨਫ਼ਰਤ ਨਾਲ ਜੋੜਨ ਦਾ ਵੀ ਯਤਨ ਕੀਤਾ ਪਰ ਪੁਲਿਸ ਨੇ ਉਸੇ ਵੇਲੇ ਹੀ ਕਹਿ ਦਿੱਤਾ ਸੀ ਕਿ ਇਹ ਸਿੱਧਾ ਸਾਧਾ ਹੱਤਿਆਵਾਂ ਦਾ ਮਾਮਲਾ ਹੈ। ਮਾਰੇ ਗਏ 4 ਜੀਆਂ ਦੇ 18 ਗੋਲੀਆਂ ਬਹੁਤ ਨੇੜਿਓਂ ਮਾਰੀਆਂ ਗਈਆਂ ਸਨ।



ਜਿਆਦਾਤਰ ਗੋਲੀਆਂ ਸਿਰਾਂ ਵਿਚ ਮਾਰੀਆਂ ਗਈਆਂ ਸਨ ਤਾਂ ਕਿ ਉਨਾਂ ਵਿਚੋਂ ਕੋਈ ਵੀ ਬਚ ਨਾ ਸਕੇ। ਪਤਾ ਲੱਗਾ ਹੈ ਕਿ ਗੁਰਪ੍ਰੀਤ ਨਸ਼ੇ ਦਾ ਵੀ ਆਦੀ ਸੀ ਤੇ ਕਿਸੇ ਹੋਰ ਔਰਤ ਨਾਲ ਵੀ ਨਜਾਇਜ ਸਬੰਧ ਦੱਸੇ ਗਏ ਹਨ। ਖੋਜ ਕਰਨ ਤੋਂ ਬਾਅਦ ਪਤਾ ਚੱਲਿਆ ਹੈ ਕਿ ਗੁਰਪ੍ਰੀਤ ਦੇ ਚਾਚੇ ਕੁਲਦੀਪ ਸਿੰਘ ਸੇਖੋਂ ਨੇ ਮ੍ਰਿਤਕ ਹਰਕੀਰਤ ਸਿੰਘ ( ਸਹੁਰੇ) ਦੀ ਫਤਿਹਗੜ ਸਹਿਬ-ਚੰਡੀਗੜ ਸੜਕ ਤੇ ਪੈਂਦੀ 22 ਏਕੜ ਜਮੀਨ ਤੇ ਵੀ ਕਬਜਾ ਕੀਤਾ ਹੋਇਆ ਹੈ, ਇਸਦਾ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਹੈ। ਪੁਲਿਸ ਮੁਖੀ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਵਾਉਣ ਵਿਚ ਮੱਦਦ ਕਰਨ ਲਈ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਹੈ।

# ਵੇਲਜ਼ (ਇੰਗਲੈਂਡ) 'ਚ ਹੋਏ ਵਿਸ਼ਵ ਪੱਧਰੀ ਸੰਗੀਤ ਮੇਲੇ 'ਚ ਪੰਜਾਬੀ ਗੱਭਰੂ ਤੇ ਮੁਟਿਆਰਾਂ ਛਾਈਆਂ

**ਲੰਡਨ (ਮਨਦੀਪ ਖੁਰਮੀ)** ਵੇਲਜ਼ ਦੀਆਂ ਖ਼ੂਬਸੂਰਤ ਵਾਦੀਆਂ 'ਚ ਘਿਰੇ ਨਿੱਕੇ ਜਿਹੇ ਕਸਬੇ ਲੈਂਗੋਲੈਨ ਵਿਖੇ ਈਸਟੈਂਡਵੋਡ 2019 ਨਾਮੀ "ਲੈਂਗੋਲੈਨ ਇੰਟਰਨੈਸ਼ਨਲ ਮਿਊਜ਼ਿਕ ਫੈਸਟੀਵਲ" ਦੌਰਾਨ ਢੋਲ ਦੇ ਡੱਗੇ ਹਰ ਕਿਸੇ ਨੂੰ ਮਜ਼ਬੂਰ ਕਰ ਰਹੇ ਸਨ। ਢੋਲ ਦੀਆਂ ਤਾਲਾਂ ਤੇ ਪੰਜਾਬੀ ਗੱਭਰੂ, ਮੁਟਿਆਰਾਂ ਦੀ ਆਪਣੇ ਲੋਕ ਨਾਚ ਵਿੱਚ ਨਿਪੁੰਨਤਾ ਸਦਕਾ ਰੀਅਲ ਫੋਕ ਕਲਚਰਲ ਇੰਟ: ਅਕੈਡਮੀ ਲੁਧਿਆਣਾ ਦੇ ਕਲਾਕਾਰਾਂ ਦੀ ਝੋਲੀ ਤਿੰਨ ਮੁਕਾਬਲਿਆਂ ਵਿੱਚ ਤਿੰਨ ਇਨਾਮ ਝੋਲੀ ਪਏ। ਪੰਜਾਬ ਅਕੈਡਮੀ ਦੇ ਪ੍ਰਧਾਨ ਗੁਰਜੀਤ ਸਿੰਘ ਚੀਮਾ, ਮੀਤ ਪ੍ਰਧਾਨ ਸਤਵੀਰ ਸਿੰਘ ਅਤੇ ਮੁੱਖ ਸਪਾਂਸਰ ਨਾਹਰ ਇੰਟਰਪ੍ਰਾਈਜਜ਼ ਵੱਲੋਂ ਡਾਇਰੈਕਟਰ ਜਗਦਿਆਲ ਸਿੰਘ ਘੋਲਾ ਨੇ ਆਪਣੇ ਕਲਾਕਾਰਾਂ ਦੀ ਜਿੱਤ 'ਤੇ ਖੁਸ਼ੀ ਜਾਹਰ ਕਰਦਿਆਂ ਦੱਸਿਆ ਕਿ ਇਸ ਮੇਲੇ ਵਿੱਚ ਹਰ ਖੇਤਰ ਦੇ ਮੁਕਾਬਲੇ ਵਿੱਚ ਵਿਸ਼ਵ ਦੇ ਵੱਖ ਵੱਖ ਮੁਲਕਾਂ ਦੇ ਕਲਾਕਾਰ ਆਪਣੀਆਂ ਟੀਮਾਂ ਲੈ ਕੇ ਪਹੁੰਚਦੇ ਹਨ। ਭਖਵੇਂ ਮੁਕਾ-ਬਲਿਆਂ ਵਿੱਚ ਪੰਜਾਬੀ ਕਲਾਕਾਰਾਂ ਨੇ ਕੋਰਿਓਗ੍ਰਾਫੀ ਲੋਕ ਨਾਚ ਝੂਮਰ ਵਿੱਚ ਦੂਸਰਾ ਸਥਾਨ, ਰਵਾਇਤੀ ਲੋਕ ਨਾਚ ਮਲਵਈ ਗਿੱਧਾ ਵਿੱਚ ਤੀਜਾ ਸਥਾਨ ਅਤੇ ਸਟਰੀਟ ਡਾਂਸ ਵੰਨਗੀ ਵਿੱਚ ਤੀਜਾ ਸਥਾਨ ਹਾਸਲ ਕਰਕੇ ਆਪਣੀ ਮਿਹਨਤ ਦਾ ਲੋਹਾ ਮੰਨਵਾਇਆ। ਜਿਕਰਯੋਗ ਹੈ ਕਿ ਇਹ ਮੇਲਾ ਈਸਟੈਂਡਵੋਡ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਮੇਲੇ ਦਾ ਮੁੱਢ 12 ਵੀਂ ਸਦੀ ਤੋਂ ਬੱਝਣਾ ਸ਼ੁਰੂ ਹੋਇਆ ਸੀ, ਜਦੋਂ 1176 ਵਿੱਚ ਪਹਿਲੀ ਵਾਰ ਸ਼ਾਇਰੀ ਤੇ ਸੰਗੀਤ ਦੀ ਮਹਿਫ਼ਿਲ 'ਦ ਲੌਰਡ ਰਿਹਸ' ਦੀ ਦੇਖਰੇਖ ਹੇਠ ਕਾਰਡੀਗਨ ਕਾਸਲ ਵਿਖੇ ਲੱਗੀ ਸੀ। ਇਸ ਵਿੱਚ ਵੇਲਜ਼ ਦੇ ਵੱਖ ਵੱਖ ਭਾਗਾਂ ਵਿੱਚੋਂ ਸ਼ਾਇਰ ਤੇ ਸੰਗੀਤ ਵਾਦਕ ਸੱਦੇ ਦੇ ਕੇ ਬੁਲਾਏ ਗਏ ਸਨ। ਜੇਤੂ ਸ਼ਾਇਰ ਤੇ ਸੰਗੀਤ ਵਾਦਕ ਨੂੰ ਮਾਣ ਵਜੋਂ ਲੌਰਡ ਦੇ ਮੇਜ ਅੱਗੇ ਕੁਰਸੀ 'ਤੇ ਬੈਠਣ ਦਾ ਮਾਣ ਹਾਸਲ ਹੋਇਆ ਸੀ। ਇਸ ਉਤਸਵ ਨੂੰ ਵਿਸ਼ਵ ਪੱਧਰੀ ਰੂਪ 1947 ਵਿੱਚ ਮਿਲਿਆ ਸੀ, ਜਿਸ ਵਿੱਚ ਸਮੁੱਚੇ ਵਿਸ਼ਵ ਭਰ ਵਿੱਚੋਂ ਆਪੋ ਆਪਣੇ ਦੇਸ਼ਾਂ ਦੇ ਲੋਕ ਨਾਚ ਜਾਂ ਸੰਗੀਤ ਮੰਡਲੀਆਂ ਦੇ ਰੂਪ ਵਿੱਚ ਕਲਾਕਾਰ ਹਰ ਸਾਲ ਜੁਲਾਈ ਮਹੀਨੇ ਡੈਨਬਿਗਸ਼ਾਇਰ ਦੇ ਲੈਂਗੋਲੈਨ ਕਸਬੇ ਵਿੱਚ ਪਹੁੰਚਦੇ ਹਨ। ਪੰਜਾਬੀਆਂ ਦੇ ਲੋਕ ਨਾਚ ਭੰਗੜੇ ਦੀ ਪੇਸ਼ਕਾਰੀ ਤੇ ਰਵਾਇਤੀ ਪੁਸ਼ਾਕ ਦੇਖ ਕੇ ਦਰਸ਼ਕ ਅਸ਼ ਅਸ਼ ਕਰ ਉੱਠੇ। ਰੀਅਲ ਫੋਕ ਕਲਚਰਲ ਇੰਟ: ਅਕੈਡਮੀ ਲੁਧਿਆਣਾ ਦੇ ਪ੍ਰਬੰਧਕਾਂ ਨੇ ਆਪਣੇ ਕਲਾਕਾਰਾਂ ਦੀ ਇਸ ਮਾਣਮੱਤੀ ਜਿੱਤ ਨੂੰ ਉਹਨਾਂ ਸਮੂਹ ਕਲਾਕਾਰਾਂ ਤੇ ਸ਼ੁਭਚਿੰਤਕਾਂ ਦੀ ਝੋਲੀ ਪਾਇਆ ਹੈ, ਜਿਹਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਤੇ ਸਹਿਯੋਗ ਸਦਕਾ ਲੋਕ ਨਾਚ ਪੀੜ੍ਹੀ ਦਰ ਪੀੜ੍ਹੀ ਹੋਰ ਵਧੇਰੇ ਜੋਸ਼ ਨਾਲ ਗਤੀਵਾਨ ਹਨ।





Members of Shri Guru Ravidass Dharmik Sabha Wolverhampton and Shri Guru Ravidass Bhavan Birmingham, jointly presented a copy of a memorandum to to Dr Aman Puri Consulate General India, Birmingham that has been sent to India PM Modhi, the President and CM of Delhi requesting immediate intervention to stop the infringement of the land at Shri Guru Ravidass Mandir, Tughlakabad, Delhi, 4th July 2019. In acknowledging this Dr Puri presented the Constitution of India to the delegation.

JK Chand MD Kanshi Radio, RP Hira, Baldev Mahay Gen Sec W'ton Sabha, Dr Aman Puri CGI, Nirmal Mahay Chairman Wolv -ton Sabha & Snr presenter Kanshi Radio, LK Banger, Makhan Mahay, Chanan Ram, TC Madahar, Balbir Kumar, Meetu Ram, Raj Gaddu, Dr Ravi Ahir & Miss Happy Guptan consulate staff.

# ਸਾਈਕਲ ਯਾਤਰਾ 'ਤੇ ਦੇਵਨਾਥ ਸਿਆਟਲ ਪੁੱਜੇ

**ਸਿਆਟਲ (ਹਰਮਨਪ੍ਰੀਤ ਸਿੰਘ)–** ਸਾਰੀ ਦੁਨੀਆ 'ਚ ਸ਼ਾਂਤੀ ਦਾ ਸੁਨੇਹਾ ਲੈ ਕੇ ਸੁੰਦਰਵਨ ਕੋਲਕਾਤਾ (ਭਾਰਤ) ਤੋਂ 27 ਮਈ 2004 ਨੂੰ ਘਰੋਂ ਸਾਈਕਲ ਯਾਤਰਾ 'ਤੇ ਨਿੱਕਲੇ 36 ਸਾਲਾ ਨੌਜਵਾਨ ਸੁਮੇਨ ਦੇਵਨਾਥ 191 ਮੁਲਕਾਂ ਤੋਂ 2 ਲੱਖ ਕਿੱਲੋਮੀਟਰ ਦਾ ਫ਼ਾਸਲਾ ਤੈਅ ਕਰਦਾ ਹੋਇਆ ਸਿਆਟਲ ਪੁੱਜਾ। ਸਿਆਟਲ ਦੇ ਮੁੱਖ ਗੁਰੂ ਘਰ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਸਿੱਖ ਭਾਈਚਾਰੇ ਦੇ ਆਗੂ ਤੇ ਪ੍ਰਸਿੱਧ ਕਾਰੋਬਾਰੀ ਤੇ ਅਕਾਊਂਟੈਂਟ ਮਹਿੰਦਰ ਸਿੰਘ ਸੋਹਲ ਤੇ ਗੁਰੂ ਘਰ ਕਮੇਟੀ ਦੇ ਪ੍ਰਧਾਨ ਹਰਨਾਮ ਸਿੰਘ ਨੇ ਇਸ ਨੌਜਵਾਨ ਦਾ ਸਵਾਗਤ ਕੀਤਾ। 'ਅਜੀਤ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਸੁਮੇਨ ਦੇਵਨਾਥ ਨੇ ਕਿਹਾ 2004 'ਚ ਸ਼ੁਰੂ ਕੀਤੀ ਵਿਸ਼ਵ ਸਾਈਕਲ ਯਾਤਰਾ 2006 ਤੋਂ 2009 ਤੱਕ ਏਸ਼ੀਆ ਤੇ 2015 ਅਫ਼ਰੀਕਾ ਦੇ 52 ਮੁਲਕਾਂ ਤੋਂ ਹੁੰਦਾ ਹੋਇਆ ਸਾਊਥ ਅਮਰੀਕਾ, ਸੈਂਟਰ ਅਮਰੀਕਾ ਤੇ ਕਈ ਹੋਰ ਮੁਲਕਾਂ ਤੋਂ ਹੁੰਦਾ ਬੀਤੇ ਦਿਨੀਂ ਅਮਰੀਕਾ ਪੁੱਜਾ ਸੀ ਤੇ ਇਸ ਨੇ ਅਮਰੀਕਾ ਦੇ 33 ਸੂਬੇ ਘੁੰਮ ਲਏ ਹਨ ਤੇ ਕੈਨੇਡਾ ਵੀ ਗਿਆ ਹੈ। ਦੇਵਨਾਥ ਨੇ ਕਿਹਾ ਕਿ 2020 'ਚ ਹੋਰ 40 ਮੁਲਕਾਂ ਤੋਂ ਹੁੰਦਾ ਹੋਇਆ ਉਹ ਭਾਰਤ ਪੁੱਜੇਗਾ। ਉਸ ਨੇ ਕਿਹਾ ਕਿ ਉਹ ਆਪਣੀ ਯਾਤਰਾ ਦੇ ਪਹਿਲੇ ਪੜਾਅ 'ਤੇ ਜਦੋਂ ਅਫ਼ਗਾਨਿਸਤਾਨ 'ਚ ਕਾਬਲ ਤੋਂ ਹਿਰਾਤ ਨੂੰ ਜਾ ਰਿਹਾ ਸੀ ਤਾਂ ਸੁੰਨਸਾਨ ਇਲਾਕੇ 'ਚ ਇਕ ਜੀਪ 'ਤੇ ਸਵਾਰ ਹਥਿਆਰਬੰਦ ਤਾਲਿਬਾਨੀ ਆ ਗਏ ਅਤੇ ਉਸ ਨੂੰ ਤੇ ਉਸ ਦੇ ਸਾਈਕਲ ਨੂੰ ਚੁੱਕ ਕੇ ਜੀਪ 'ਚ ਸੁੱਟ ਕੇ ਕੁੱਟਦੇ ਹੋਏ ਆਪਣੇ ਅੱਡੇ 'ਤੇ ਲੈ ਗਏ।



ਉਸ ਨੇ ਕਿਹਾ ਕਿ ਮੈਂ ਬਹੁਤ ਮਿੰਨਤਾਂ ਕੀਤੀਆਂ ਪਰ ਉਨ੍ਹਾਂ ਨੇ ਮੈਨੂੰ ਬੰਦੀ ਬਣਾ ਕੇ 9 ਦਿਨ ਸਫ਼ਾਈ ਕਰਵਾਈ ਤੇ 11 ਦਿਨ ਖਾਣਾ ਬਣਵਾਇਆ ਤੇ ਰੋਜ਼ਾਨਾ ਉਸ ਨੂੰ ਕੁੱਟਦੇ ਸਨ। ਫਿਰ ਇਕ ਦੋਭਾਸ਼ੀਆ ਮੰਗਵਾ ਕੇ ਉਨ੍ਹਾਂ ਨੂੰ ਮੇਰੀ ਗੱਲ ਸਮਝ ਆਈ ਤੇ ਮੈਨੂੰ ਛੱਡਿਆ। ਉਸ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਤੋਂ ਉਹ ਬਹੁਤ ਪ੍ਰਭਾਵਿਤ ਹੈ।

# ਭਾਰਤੀ ਮੂਲ ਦੀ ਸਿੱਖ ਪੰਜਾਬਣ ਫਿਲਮ ਨਿਰਮਾਤਾ ਨੇ ਜਿੱਤਿਆ ਐਮੀ ਅਵਾਰਡ




**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਪੰਜਾਬਣ ਫ਼ਿਲਮ ਨਿਰਮਾਤਾ ਹਰਪ੍ਰੀਤ ਕੌਰ ਨੇ ਸੀਜ਼ਨ-6 ਵਿਚ ਟੀ.ਵੀ ਸ਼ੋਅ ' ਮੈਰੀਲੈਂਡ ਫਾਰਮ ਐਂਡ ਹਾਰਵੈਸਟ' ਲਈ ਨਿਰਮਾਣ ਕੀਤੀ ਫਿਲਮ ਵਾਸਤੇ ਐਮੀ ਅਵਾਰਡ ਜਿੱਤਿਆ ਹੈ। ਇਸ ਪ੍ਰਾਪਤੀ ਨੇ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖਾਂ ਦਾ ਮਾਣ ਵਧਾਇਆ ਹੈ। ਹਰਪ੍ਰੀਤ ਕੌਰ ਮੈਰੀਲੈਂਡ ਪਬਲਿਕ ਟੈਲੀਵੀਜ਼ਨ 'ਤੇ ਨਿਰਮਾਤਾ ਵਜੋਂ ਕੰਮ ਕਰ ਰਹੀ ਹੈ। ਮੈਰੀਲੈਂਡ ਪਬਲਿਕ ਟੈਲੀਵੀਜ਼ਨ ਦੀ ਮੈਰੀਲੈਂਡ ਦੇ ਖੇਤੀਬਾੜੀ ਵਿਭਾਗ ਨਾਲ ਭਾਈਵਾਲੀ ਹੈ। ਉਹ 'ਮੈਰੀਲੈਂਡ ਫਾਰਮ ਐਂਡ ਹਾਰਵੈਸਟ' ਲਈ ਫਿਲਮਾਂ ਦਾ ਨਿਰਮਾਣ ਕਰਦੇ ਹਨ ਜਿਸ ਦਾ ਮਕਸਦ ਖੇਤੀਬਾੜੀ ਪ੍ਰਤੀ ਲੋਕਾਂ ਦੀ ਜਾਗਰੂਕਤਾ ਵਧਾਉਣਾ ਹੈ। ਖੇਤੀਬਾੜੀ 'ਤੇ ਮਨੁੱਖੀ ਚੇਹਰੇ ਨੂੰ ਉਭਾਰਕੇ ਖੇਤੀਬਾੜੀ ਬਾਰੇ ਸਿਖਿਅਤ ਕਰਨਾ, ਖੇਤੀਬਾੜੀ ਸਨਅਤ ਨਾਲ ਜੁੜੀਆਂ ਕਹਾਣੀਆਂ ਸੁਣਾਉਣੀਆਂ ਜਿਸ ਸਨਅਤ ਨੇ ਰਾਸ਼ਟਰ ਦਾ ਨਿਰਮਾਣ ਕੀਤਾ ਹੈ ਤੇ ਇਹ ਵਿਸ਼ਵ ਦਾ ਨਿਰੰਤਰ ਢਿੱਡ ਭਰ ਰਹੀ ਹੈ। 'ਦ ਵਿਡੋ ਕਲੋਨੀ' ਤੇ 'ਏ ਲਿਟਲ ਰੈਵੋਲੂਸ਼ਨ' ਵਰਗੀਆਂ ਐਵਾਰਡ ਜੇਤੂ ਫਿਲਮਾਂ ਪਿੱਛੇ ਵੀ ਹਰਪ੍ਰੀਤ ਕੌਰ ਦੀ ਮਿਹਨਤੀ ਹੀ ਰੰਗ ਲਿਆਈ ਸੀ।

# ਬਸਪਾ ਨੇ ਰੁਕੀਆ ਤਨਖਾਹਾਂ ਦੇ ਵਿਰੋਧ 'ਚ ਸਰਕਾਰ ਦਾ ਪੁਤਲਾ ਫੂਕਿਆ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੇ ਜੋਨ ਇੰਚਾਰਜ ਗੁਰਮੇਲ ਸਿੰਘ ਜੀ ਕੇ ਅਤੇ ਜਿਲਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਨਗਰ ਨਿਗਮ ਦੇ ਜੋਨ ਏ ਵਿੱਚ ਸੂਬਾ ਸਰਕਾਰ ਦਾ ਪੁਤਲਾ ਫੂਕਿਆ ਗਿਆ। ਬਸਪਾ ਨੇ ਨਗਰ ਨਿਗਮ ਦੇ ਮੁਲਾਜਮਾਂ ਨੂੰ ਕਈ ਮਹੀਨਿਆਂ ਤੋਂ ਤਨਖਾਹਾਂ ਨਾ ਦੇਣ ਦੇ ਰੋਸ਼ ਵਿੱਚ ਸਰਕਾਰ ਦਾ ਪੁਤਲਾ ਫੂਕ ਜਬਰਦਸਤ ਨਾਰੇ ਬਾਜੀ ਕਰ ਤਨਖਾਹਾਂ ਨੂੰ ਜਲਦ ਤੋਂ ਜਲਦ ਦੇਣ ਦੀ ਮੰਗ ਕੀਤੀ। ਤਨਖਾਹਾਂ ਨਾ ਦੇਣ ਦੀ ਸੂਰਤ ਵਿੱਚ ਬਸਪਾ ਨੇ ਨਿਗਮ ਮੁਲਾਜਮਾਂ ਦੇ ਪੱਖ ਵਿੱਚ ਧਰਨੇ ਮੁਜਾਹਰੇ ਕਰਨ ਦਾ ਐਲਾਨ ਵੀ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਵਾਂ ਆਗੂਆਂ ਨੇ ਕਿਹਾ ਕਿ ਤਨਖਾਹਾਂ ਨਾ ਮਿਲਣ ਕਾਰਨ ਮੁਲਾਜਮਾਂ ਨੂੰ ਅਪਣੇ ਚੁੱਲੇ ਚਲਾਉਣੇ ਔਖੇ ਹੋ ਗਏ। ਉਹਨਾਂ ਡਗਮਗਾਈ ਆਰਥਿਕ ਸਥਿਤੀ ਦਰੁਸਤ ਕਰਨ ਲਈ ਜਲਦੀ ਤਨਖਾਹਾਂ ਜਾਰੀ ਕੀਤੀਆਂ ਜਾਣ। ਉਹਨਾਂ ਕਿਹਾ ਕਿ ਸੂਬੇ ਦੇ ਸਾਰੇ ਕੰਮਾਂਕਾਰਾਂ ਦਾ ਠੱਪ ਹੋ ਜਾਣਾ ਅਤੇ ਮੁਲਾਜਮਾਂ ਨੂੰ ਕਈ ਮਹੀਨਿਆਂ ਤੋਂ ਤਨਖਾਹਾਂ ਨਾ ਦੇਣਾ ਇਸਦੇ ਦੀਵਾਲੀਆਪਣ ਦੀ ਨਿਸ਼ਾਨੀ ਹੈ। ਜੇਕਰ ਅਜਿਹਾ ਨਹੀਂ ਹੈ ਤਾਂ ਸਰਕਾਰ ਵਾਈਟ ਪੇਪਰ ਜਾਰੀ ਕਰਕੇ ਅਪਣੀ ਆਰਥਿਕ ਸਥਿਤੀ ਸਪੱਸਟ ਕਰੇ। ਆਗੂਆਂ ਨੇ ਕਿਹਾ ਕਿ ਪਹਿਲੀ ਸਰਕਾਰ ਨੇ ਪੰਜਾਬ ਨੂੰ ਲੁੱਟ ਖਾਧਾ ਸੀ ਅਤੇ ਇਸ ਸਰਕਾਰ ਨੇ ਤਾਂ ਪੰਜਾਬ ਵਰਗੇ ਖੁਸ਼ਹਾਲ ਸੂਬੇ ਨੂੰ ਕੰਗਾਲੀ ਦੀ ਕਗਾਰ ਤੇ ਖੜ•ਾ ਕਰ ਦਿੱਤਾ ਹੈ। ਉਨ•ਾਂ ਕਿਹਾ ਕਿ ਬਸਪਾ ਨਿਗਮ ਮੁਲਾਜਮਾਂ ਦੇ ਨਾਲ ਨਾਲ ਤਨਖਾਹਾਂ ਤੋਂ ਵਾਂਝੇ ਹਰ ਮੁਲਾਜਮ ਨਾਲ ਖੜ•ੀ ਹੈ। ਇਸ ਮੌਕੇ ਰਾਮ ਸਿੰਘ ਗੋਗੀ, ਭੁਪਿੰਦਰ ਸਿੰਘ ਜੋੜਾ, ਮਨਜੀਤ ਸਿੰਘ ਬਾੜੇਵਾਲ, ਮਨਜੀਤ ਸਿੰਘ ਕਾਹਲੋਂ, ਰਵਿੰਦਰ ਸਰੋਏ, ਜਸਵੀਰ ਪੌਲ, ਨਰੇਸ਼ ਬਸਰਾ, ਰਾਜਿੰਦਰ ਨਿੱਕਾ, ਸੁਰਿੰਦਰ ਹੀਰਾ, ਗੁਲਸ਼ਨ ਪਾਲ, ਬਿੱਟੂ ਸ਼ੇਰਪੁਰੀ, ਬਿੱਟੂ ਬਾੜੇਵਾਲ, ਵਿੱਕੀ ਬਹਾਦਰਕੇ, ਰਿਸੀ ਕੁਮਾਰ, ਰਵਿੰਦਰ ਸਿੰਘ, ਪਵਨ ਕੁਮਾਰ, ਅਮਰੀਕ ਸਿੰਘ ਘੜਿਆਲ, ਹਰਦਿਆਲ ਸਿੰਘ, ਇੰਦਰੇਸ਼ ਕੁਮਾਰ, ਮਹੂ ਸਿੰਘ ਅਤੇ ਹੋਰ ਹਾਜਰ ਸਨ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਐਲਬਾਕਰਕੀ ਨਿਊ-ਮੈਕਸੀਕੋ ਸੀਨੀਅਰ ਖੇਡਾਂ ਵਿੱਚ ਰੀਨੋ ਦੇ ਰਣਧੀਰ ਸਿੰਘ ਵਿਰਕ ਨੇ ਹੈਂਮਰ ਥਰੋ ਵਿੱਚ ਜਿੱਤਿਆ ਮੈਡਲ

**ਰੀਨੋ (ਨਵੈਡਾ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕਾ ਦੀ ਨਿਊ-ਮੈਕਸੀਕੋ ਸਟੇਟ ਦੇ ਸੋਹਣੇ ਸ਼ਹਿਰ ਐਲਬਾਕਰਕੀ ਵਿੱਚ 16 ਵੀਆਂ ਯੂ ਐਸ ਏ ਨੈਸ਼ਨਲ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਪੂਰੇ ਅਮਰੀਕਾ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ।ਇਹ ਖੇਡਾਂ ਸਥਾਨਿਕ ਗਰਾਉਂਡਾ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਰੀਨੋ ਦੇ ਪੰਜਾਬੀ ਸੀਨੀਅਰ ਗੱਭਰੂ ਰਣਧੀਰ ਸਿੰਘ ਵਿਰਕ ਨੇ ਵੀ ਹਿੱਸਾ ਲਿਆ ਤੇ 80 ਸਾਲ ਉਮਰ ਵਰਗ ਵਿੱਚ 90 ਫੁੱਟ ਹੈਂਮਰ ਥਰੋ ਕਰਕੇ ਕਾਂਸੀ ਦਾ ਮੈਡਲ ਆਪਣੇ ਨਾਮ ਕੀਤਾ। ਰਣਧੀਰ ਸਿੰਘ ਵਿਰਕ ਪੰਜਾਬ ਤੋਂ ਸੰਗਰੂਰ ਜ਼ਿਲ੍ਹੇ ਨੂੰ ਬਲੌਂਗ ਕਰਦੇ ਹਨ।



# ਭਗਵਾਨ ਬੁੱਧ ਦੀ ਸਿੱਖਿਆ

ਮਹਾਤਮਾ ਬੁੱਧ ਘਰ ਬਾਰ ਛੱਡ ਜਦੋਂ ਜੰਗਲਾਂ ਵਿੱਚ ਬੁੱਧਤਵ ਦੀ ਪ੍ਰਾਪਤੀ ਲਈ ਭਟਕ ਰਹੇ ਸਨ , ਤਾਂ ਸੱਚ ਅਤੇ ਗਿਆਨ ਦੀ ਪ੍ਰਾਪਤੀ ਨਾ ਹੁੰਦਿਆਂ ਦੇਖ ਉਨ੍ਹਾਂ ਦੀ ਹਿੰਮਤ ਟੁੱਟਣ ਲੱਗੀ। ਉਹ ਘਰ ਵਾਪਸੀ ਬਾਰੇ ਸੋਚਣ ਲੱਗੇ।

ਪਰ ਉਸ ਸਮੇਂ ਓਹਨਾ ਨੂੰ ਇੱਕ ਗਿਲਹਿਰੀ ਨੇ ਮੁੜ ਬੁੱਧਤਵ ਦੀ ਖੋਜ ਵੱਲ ਮੋੜ ਦਿੱਤਾ।ਮਹਾਤਮਾ ਬੁੱਧ ਆਪਣੀ ਪਿਆਸ ਬੁਜਾਉਂਣ ਲਈ ਇੱਕ ਝਰਨੇ ਵੱਲ ਗਏ ਤਾਂ ਉਹਨਾਂ ਦੀ ਨਜ਼ਰ ਅਚਾਨਕ ਉਸ ਗਿਲਹਿਰੀ ਵੱਲ ਗਈ , ਜੋ ਆਪਣੀ ਪੂਛ ਨੂੰ ਵਾਰ ਵਾਰ ਪਾਣੀ ਵਿੱਚ ਡਬੋ ਰਹੀ ਸੀ ਅਤੇ ਫੇਰ ਉਸਨੂੰ ਬਾਹਰ ਮਿੱਟੀ ਤੇ ਝਟਕ ਰਹੀ ਸੀ। ਮਹਾਤਮਾ ਬੁੱਧ ਉਸ ਗਿਲਹਿਰੀ ਦੀ ਝਰਨੇ ਨੂੰ ਸੁਖਾਉਣ ਦੀ ਕੀਤੀ ਜਾ ਰਹੀ ਅਸੰਭਵ ਕੋਸ਼ਿਸ਼ ਤੋਂ ਬੜੇ ਪ੍ਰਭਾਵਿਤ ਹੋਏ। ਉਹ ਸੋਚਣ ਲੱਗੇ ਕਿ ਇਹ ਗਿਲਹਿਰੀ ਕਦੇ ਵੀ ਇਸ ਤਰ੍ਹਾਂ ਨਾਲ ਇਸ ਸਰੋਵਰ ਨੂੰ ਖਾਲੀ ਨਹੀਂ ਕਰ ਸਕਦੀ। ਪਰ ਓਹ ਆਪਣੀ ਕੋਸ਼ਿਸ਼ ਨੂੰ ਨਹੀਂ ਛੱਡ ਰਹੀ। ਆਪਣੇ ਹੌਸਲੇ ਨੂੰ ਬਣਾਈ ਰੱਖਣ ਅਤੇ ਸਦਾ ਕੋਸ਼ਿਸ਼ ਕਰਦੇ ਰਹਿਣ ਦੀ ਗਿਲਹਿਰੀ ਦੀ ਜ਼ਿਦ ਨੇ ਮਹਾਤਮਾ ਬੁੱਧ ਨੂੰ ਆਪਣੇ ਬੋਧਤਵ ਨੂੰ ਪ੍ਰਾਪਤ ਕਰਨ ਦੇ ਰਸਤੇ ਤੇ ਮੁੜ ਹੋਰ ਦ੍ਰਿੜ ਕਰਕੇ ਲਿਆ ਖੜਾ ਕੀਤਾ। ਜਿਸ ਨੇ ਕੁੱਝ ਸਿੱਖਣਾ ਹੁੰਦਾ ਹੈ ਉਹ ਛੋਟੀ ਤੋਂ ਛੋਟੀ ਘਟਨਾ ਤੋਂ ਵੀ ਬਹੁਤ ਕੁੱਝ ਸਿੱਖ ਲੈਂਦਾ ਹੈ। ਜ਼ਿੰਦਗੀ ਵਿੱਚ ਹੌਸਲਿਆਂ ਅਤੇ ਹਿੰਮਤ ਨਾਲ ਵਿਅਕਤੀ ਉਹ ਸਭ ਕੁੱਝ ਪ੍ਰਾਪਤ ਕਰ ਲੈਂਦਾ ਹੈ ,ਜੋ ਉਹ ਕਰਨਾ ਚਾਹੁੰਦਾ ਹੈ। ਸਾਨੂੰ ਆਪਣੀ ਕੋਸ਼ਿਸ਼ ਕਦੇ ਨਹੀਂ ਛੱਡਣੀ ਚਾਹੀਦੀ , ਭਾਵੇਂ ਸਾਨੂੰ ਸਫਲਤਾ ਨਾ ਵੀ ਮਿਲੇ ਪਰ ਸਿੱਖਣ ਨੂੰ ਜ਼ਰੂਰ ਕੁੱਝ ਮਿਲੇਗਾ।



**– ਵਿਨੋਦ ਕੁਮਾਰ**
**9681767475**

# ਸਿਆਟਲ ਦੀ ਪੰਜਾਬੀ ਲਿਖਾਰੀ ਸਭਾ ਦੀ ਚੋਣ ਵਿਚ ਡਾ. ਜੇ. ਬੀ. ਸਿੰਘ ਪ੍ਰਧਾਨ ਤੇ ਬਲਹਾਰ ਲੇਹਲ ਸਕੱਤਰ ਚੁਣੇ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਮੀਟਿੰਗ ਕੈਂਟ ਦੀ ਲਾਇਬ੍ਰੇਰੀ ਵਿਚ ਹੋਈ, ਜਿੱਥੇ ਸਰਬਸੰਮਤੀ ਨਾਲ ਡਾ. ਜੇ. ਬੀ. ਸਿੰਘ ਨੂੰ ਪ੍ਰਧਾਨ, ਹਰਪਾਲ ਸਿੰਘ ਸਿੱਧੂ ਨੂੰ ਉਪ ਪ੍ਰਧਾਨ, ਬਲਹਾਰ ਸਿੰਘ ਲੇਲ ਨੂੰ ਸਕੱਤਰ, ਸਾਧੂ ਸਿੰਘ ਝੱਜ ਨੂੰ ਸਹਇਕ ਸਕੱਤਰ ਅਤੇ ਪ੍ਰਿਤਪਾਲ ਸਿੰਘ ਨੂੰ ਖਜਾਨਚੀ ਚੁਦਿਆ ਗਿਆ ਹੈ। ਪੰਜਾਬੀ ਲਿਖਾਰੀ ਸਭਾ ਦੇ ਹਰਭਜਨ ਸਿੰਘ ਬੈਂਸ, ਬੀਬੀ ਸਵਰਾਜ ਕੌਰ ਤੇ ਸ਼ਿੰਗਾਰਾ ਸਿੰਘ ਸਿੱਧੂ ਸਰਪ੍ਰਸਤ ਹੋਣਗੇ। ਬੀਬੀ ਮਨਜੀਤ ਕੌਰ ਗਿੱਲ, ਅਵਤਾਰ ਸਿੰਘ ਆਦਮਪੁਰੀ, ਹਰਦਿਆਲ ਸਿੰਘ ਚੀਮਾ, ਜਗੀਰ ਸਿੰਘ ਤੇ ਲਾਲੀ ਸੰਧੂ ਸਲਾਹਕਾਰ ਹੋਣਗੇ। ਇਸ ਮੌਕੇ ਅਵਤਾਰ ਬਿੱਲਾ ਨੇ ਆਪਣੇ ਮਕਬੂਲ ਗੀਤਾਂ ਨਾਲ ਮਾਹੌਲ ਰੰਗਲਾ ਬਣਾ ਦਿੱਤਾ।

ਇਸ ਮੀਟਿੰਗ ਵਿਚ 30 ਮੈਂਬਰਾਂ ਤੇ ਸ਼ੁਭ ਚਿੰਤਕਾਂ ਨੇ ਪਹੁੰਚ ਕੇ ਆਪਣੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਲੋੜੀਂਦੇ ਕਾਰਜਾਂ ਨੂੰ ਨਿਭਾਉਣ ਲਈ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਅਵਤਾਰ ਬਿਲਿੰਗ, ਦਲਜੀਤ ਕੌਰ ਚੀਮਾ, ਹਰਪ੍ਰੀਤ ਪ੍ਰਿੰਸ, ਉਮ ਪ੍ਰਕਾਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਦੇਸ਼ ਦੁਆਬਾ

# ਸਕੂਲਾਂ ਦੀ ਨਿੱਘਰੀ ਹਾਲਤ ਸੁਧਾਰਨ ਦੀ ਲੋੜ

ਭਾਰਤ ਦੀ ਕੇਂਦਰ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਲਿਆਉਣ ਦਾ ਐਲਾਨ ਕੀਤਾ ਹੈ। ਨਵੀਂ ਸਿੱਖਿਆ ਨੀਤੀ ਦੇ ਖਰੜੇ ਮੁਤਾਬਕ ਸਕੂਲੀ ਸਿੱਖਿਆ ਵਿਚ ਪ੍ਰਸਤਾਵਿਤ ਫਾਊਂਡੇਸ਼ਨ ਸਿੱਖਿਆ ਪੰਜ ਸਾਲ ਦੀ ਰੱਖੀ ਗਈ ਹੈ। ਇਸ 'ਚ ਪ੍ਰੀ-ਪ੍ਰਾਇਮਰੀ ਦੇ ਤਿੰਨ ਸਾਲ ਤੇ ਦੋ ਸਾਲ 'ਚ ਪਹਿਲੀ ਦੂਜੀ ਦੀ ਪੜ੍ਹਾਈ ਹੋਵੇਗੀ। ਤੀਜੀ ਲੜੀ ਮਿਡਲ ਪੱਧਰ ਦੀ ਹੋਵੇਗੀ, ਜਿਹੜੀ ਤਿੰਨ ਸਾਲ ਦੀ ਹੋਵੇਗੀ ਤੇ ਇਨ੍ਹਾਂ 'ਚ ਛੇਵੀਂ, ਸੱਤਵੀਂ ਤੇ ਅੱਠਵੀਂ ਨੂੰ ਸ਼ਾਮਲ ਕੀਤਾ ਜਾਵੇਗਾ। ਪ੍ਰਾਇਮਰੀ ਸਿੱਖਿਆ ਤਿੰਨ ਸਾਲਾਂ ਦੀ ਹੋਵੇਗੀ, ਜਿਸ ਵਿਚ ਤੀਜੀ, ਚੌਥੀ ਤੇ ਪੰਜਵੀਂ ਕਲਾਸ ਨੂੰ ਰੱਖਿਆ ਗਿਆ ਹੈ। ਮਿਡਲ ਵਿਚ ਛੇਵੀਂ, ਸੱਤਵੀ ਅਤੇ ਅੱਠਵੀਂ ਰੱਖੀ ਗਈ ਹੈ। ਚੌਥਾ ਪੜਾਅ ਸੈਕੰਡਰੀ ਪੱਧਰ ਦਾ ਹੋਵੇਗਾ। ਇਸ 'ਚ ਨੌਵੀਂ, ਦਸਵੀਂ, 11ਵੀਂ ਤੇ 12ਵੀਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਰਕਾਰ ਦੀ ਤਜਵੀਜ਼ਸ਼ੁਦਾ ਸਿੱਖਿਆ ਨੀਤੀ ਨੂੰ ਲੈ ਕੇ ਪਹਿਲਾਂ ਤੋਂ ਹੀ ਵਿਰੋਧ ਹੋ ਰਿਹਾ ਹੈ। ਕਈ ਸਿੱਖਿਆ ਸ਼ਾਸਤਰੀ ਇਸ ਨੂੰ ਸੰਘ ਪਰਿਵਾਰ ਦਾ ਏਜੰਡਾ ਕਰਾਰ ਦੇ ਰਹੇ ਹਨ ਜਦਕਿ ਸਰਕਾਰ ਦਾ ਤਰਕ ਹੈ ਕਿ 50 ਸਾਲ ਪੁਰਾਣੀ ਸਿੱਖਿਆ ਵਿਵਸਥਾ ਨੂੰ ਬਦਲਣਾ ਸਮੇਂ ਦੀ ਲੋੜ ਹੈ। ਸਰਕਾਰ ਮੁਤਾਬਕ ਇਸ ਨਾਲ ਸਕੂਲੀ ਸਿੱਖਿਆ 'ਚ ਰੱਟੇ ਲਾਉਣ ਦਾ ਰੁਝਾਨ ਖ਼ਤਮ ਹੋਵੇਗਾ ਤੇ ਬੱਚਿਆਂ 'ਚ ਜ਼ਰੂਰੀ ਗਿਆਨ, ਕਦਰਾਂ-ਕੀਮਤਾਂ, ਰੁਝਾਨ, ਹੁਨਰ, ਬਹੁਭਾਸ਼ੀ ਸਮਰੱਥਾ ਤੇ ਡਿਜੀਟਲ ਸਾਖਰਤਾ ਵਰਗੇ ਵਿਸ਼ਿਆਂ ਦੇ ਵਿਕਾਸ 'ਚ ਮਦਦ ਮਿਲੇਗੀ। ਬਦਲਾਅ ਦੀ ਇਹ ਸਿਫਾਰਸ਼ ਮੌਜੂਦਾ ਦੌਰ ਵਿਚ ਬੱਚਿਆਂ ਦੀ ਉਮਰ ਤੇ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਕੀਤੀ ਗਈ ਹੈ। ਸਕੂਲੀ ਸਿੱਖਿਆ ਦੇ ਢਾਂਚੇ 'ਚ ਬਦਲਾਅ ਦੇ ਟੀਚੇ ਨੂੰ 2022 ਤਕ ਹਾਸਲ ਕਰਨ ਦੀ ਗੱਲ ਕਹੀ ਜਾ ਰਹੀ ਹੈ।

ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦਾ ਤਾਂ ਸਵਾਗਤ ਹੈ ਪਰ ਸਿੱਖਿਆ ਦਾ ਵਿਸ਼ਾ ਜ਼ਿਆਦਾਤਰ ਸੂਬਾ ਸਰਕਾਰਾਂ ਦੇ ਅਧੀਨ ਹੈ ਅਤੇ ਭਾਰਤ ਦੇ ਜ਼ਿਆਦਾਤਰ ਸੂਬਿਆਂ ਵਿਚ ਸਰਕਾਰੀ ਸਕੂਲਾਂ ਦੀ ਹਾਲਤ ਖਸਤਾ ਹੈ। ਪੜ੍ਹਾਉਣ ਲਈ ਅਧਿਆਪਕਾਂ ਅਤੇ ਬੁਨਿਆਦੀ ਢਾਂਚੇ ਦੀ ਭਾਰੀ ਕਮੀ ਹੈ। ਸੂਬਿਆਂ ਦੇ ਸਿੱਖਿਆ ਬਜਟ ਵਿਚ ਕੋਈ ਉਤਸ਼ਾਹਜਨਕ ਵਾਧਾ ਨਜ਼ਰ ਨਹੀਂ ਆ ਰਿਹਾ। ਇਹ ਪਹਿਲੀ ਵਾਰ ਨਹੀਂ ਕਿ ਸਕੂਲੀ ਸਿੱਖਿਆ ਵਿਚ ਸੁਧਾਰਾਂ ਨੂੰ ਲੈ ਕੇ ਕੋਈ ਨਵੀਂ ਨੀਤੀ ਲਿਆਂਦੀ ਜਾ ਰਹੀ ਹੋਵੇ। ਇਸ ਤੋਂ ਪਹਿਲਾਂ ਵੀ ਬਹੁਤ ਵਾਰੀ ਸਿੱਖਿਆ ਸੁਧਾਰਾਂ ਲਈ ਯਤਨ ਕੀਤੇ ਗਏ ਹਨ। ਸਮੇਂ-ਸਮੇਂ ਸਰਕਾਰਾਂ ਨੇ ਸੁਧਾਰਾਂ ਲਈ ਵਿਆਪਕ ਤੌਰ 'ਤੇ ਕਮਿਸ਼ਨ ਗਠਨ ਕੀਤੇ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਕਦੀ ਲਾਗੂ ਕੀਤਾ ਗਿਆ। ਕਈ ਮਹੱਤਵਪੂਰਨ ਸਿਫਾਰਸ਼ਾਂ ਅੱਜ ਤਕ ਫਾਈਲਾਂ ਦੀ ਧੂੜ ਫੱਕ ਰਹੀਆਂ ਹਨ।

ਕਦੀ ਸਿੱਖਿਆ ਨੂੰ ਰੁਜ਼ਗਾਰ ਮੁਖੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ, ਕਦੀ ਕਦਰਾਂ ਕੀਮਤਾਂ ਵਾਲੀ ਸਿੱਖਿਆ ਨੂੰ ਮਹੱਤਵਪੂਰਨ ਦੱਸਿਆ ਗਿਆ ਅਤੇ ਕਦੀ ਸਮੁੱਚੇ ਵਿਕਾਸ ਨੂੰ ਧਿਆਨ ਵਿਚ ਰੱਖਣ ਦੀ ਗੱਲ ਕੀਤੀ ਗਈ। ਹਰ ਬੱਚੇ ਨੂੰ ਲਾਜ਼ਮੀ ਸਿੱਖਿਆ ਲਈ 'ਰਾਈਟ ਟੂ ਐਜੂਕੇਸ਼ਨ', 'ਮਿਡ-ਡੇ-ਮੀਲ' ਵਰਗੀਆਂ ਯੋਜਨਾਵਾਂ ਚਲਾਈਆਂ ਗਈਆਂ ਪਰ ਕੇਂਦਰ ਸਮੇਤ ਸੂਬਾ ਸਰਕਾਰਾਂ ਨੇ ਇਸ ਪਾਸੇ ਤੋਂ ਮੂੰਹ ਵੱਟੀ ਰੱਖਿਆ।

ਸਿੱਖਿਆ ਇਕ ਅਜਿਹਾ ਨਿਵੇਸ਼ ਹੈ, ਜਿਹੜਾ ਭਵਿੱਖ ਵਿਚ ਮੁਲਕ ਦੀ ਤਕਦੀਰ ਨੂੰ ਤਹਿ ਕਰਦਾ ਹੈ ਪਰ ਜੇਕਰ ਅੱਧੀ-ਅਧੂਰੀ ਸਿੱਖਿਆ ਜ਼ਿਆਦਾਤਰ ਬੱਚਿਆਂ ਨੂੰ ਮਿਲੇਗੀ ਤਾਂ ਉਹ ਰਾਸ਼ਟਰ ਨਿਰਮਾਣ ਵਿਚ ਜ਼ਿਆਦਾ ਬਿਹਤਰੀਨ ਯੋਗਦਾਨ ਨਹੀਂ ਦੇ ਸਕਦੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖ਼ੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-109

## "ਗੀਤਾ" ਲਫਜ਼ ਅਤੇ "ਗੀਤਾ ਗ੍ਰੰਥ"



ਅਵਤਾਰ ਸਿੰਘ ਮਿਸ਼ਨਰੀ
510-432-5827

ਗੀਤਾ ਲਫਜ਼ ਦਾ ਅਰਥ ਮਹਾਨ ਕੋਸ਼ ਨੇ ਗੀਤ, ਛੰਦ, ਯਸ਼ ਅਤੇ ਇਕ ਮਾਤ੍ਰਿਕ ਛੰਦ, ਡਾ. ਗੁਰਚਰਨ ਸਿੰਘ ਦੁਆਬਾ ਦੁਅਰਾ ਰਚਿਤ ਸ੍ਰੀ ਗੁਰੂ ਗ੍ਰੰਥ ਕੋਸ਼ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਕੁਰੂਸ਼ੇਤਰ ਦੇ ਯੁੱਧ ਸਮੇ ਅਰਜਨ ਨੂੰ ਦਿੱਤੇ ਉਪਦੇਸ਼ਾਂ ਦਾ ਸੰਚਯ ਗ੍ਰੰਥ, ਗੀਤ ਦਾ ਬਹੁ ਵਚਨ ਕੀਤਾ, ਗੁਰੂ ਗ੍ਰੰਥ ਵਿਸ਼ਵਕੋਸ਼ ਨੇ ਭਗਵਤ ਗੀਤਾ ਅਤੇ ਡਾ ਵੀਰ ਸਿੰਘ ਨੇ ਗੀਤਾ-ਜੋ ਗਾਵਿਆ ਜਾਏ, ਗੀਤ ਰਾਗ ਅਤੇ ਕੋਈ ਪੋਥੀ ਜੋ ਛੰਦ 'ਚ ਲਿਖੀ ਗਈ ਹੋਵੇ ਜਿਵੇਂ ਸ਼ਿਵ ਗੀਤਾ, ਰਾਮ ਗੀਤਾ ਤੇ ਕ੍ਰਿਸ਼ਨ ਜੀ ਦੀ ਰਚਿਤ ਮੰਨੀ ਗਈ ਭਾਗਵਤ ਗੀਤਾ ਕੀਤਾ ਅਤੇ ਅਜੋਕੇ ਅਪਗ੍ਰੇਡ ਵਿਦਵਾਨ ਗੀਤਾ ਦਾ ਅਰਥ ਗਿਆਨ ਕਰਦੇ ਹਨ।ਸੋ ਗੀਤਾ ਲਫਜ਼ ਤੇ ਗੀਤਾ ਗ੍ਰੰਥ ਚ ਇਹ ਫਰਕ ਹੈ।

"ਸ਼ਬਦ ਗੁਰੂ ਗ੍ਰੰਥ" ਵਿੱਚ ਸਮਕਾਲੀ ਧਰਮ ਗ੍ਰੰਥਾਂ ਅਤੇ ਧਾਰਮਿਕ ਆਗੂਆਂ ਤੋਂ ਇਲਾਵਾ ਰਾਜਨੀਤਕ ਹਾਕਮਾਂ ਤੇ ਵੀ ਸਾਰਥਕ ਟੀਕਾ-ਟਿਪਣੀਆਂ ਕੀਤੀਆਂ ਗਈਆਂ ਹਨ। ਇਸ ਗ੍ਰੰਥ ਵਿੱਚ ਵੇਦ ਪੁਰਾਨ ਤੇ ਕਤੇਬ ਕੁਰਾਨ ਆਦਿਕ ਧਰਮ ਗ੍ਰੰਥਾਂ ਦੇ ਹਵਾਲੇ ਦੇ ਕੇ ਸਮਝਾਉਣ ਤੋਂ ਸੰਕੋਚ ਵੀ ਨਹੀਂ ਕੀਤਾ ਪਰ ਅਜਿਹਾ ਕਰਦਿਆਂ ਇਨ੍ਹਾਂ ਗ੍ਰੰਥਾਂ ਵਿੱਚਲੇ ਉਹ ਅੰਸ਼ ਵੀ ਦਰਸਾਏ ਜੋ ਮਨੁੱਖਤਾ ਲਈ ਘਾਤਕ ਸਿੱਧ ਹੋ ਰਹੇ ਸਨ। ਜਿਵੇਂ ਕਿ ਪਾਪ ਪੁੰਨ ਕੀ ਹਨ? ਸੁਰਗ, ਨਰਕ ਤੇ ਦਾਨ ਦੀ ਵਪਾਰਕ ਪ੍ਰਥਾ ਨੂੰ ਪ੍ਰਚਾਰਨ ਹਿੱਤ ਆਖਿਆ ਗਿਐ ਕਿ ਹੱਥੋਂ ਦੇ ਕੇ ਹੀ ਮੁੜ ਲਈਦਾ ਅਤੇ ਜੋ ਕੁੱਝ ਕਿਸੇ ਤੋਂ ਲੈਂਦੇ ਹਾਂ ਉਹੀ ਅਗਲੇ ਜਨਮ ਵਿੱਚ ਮੋੜੀਦਾ ਅਤੇ ਕੀਤੇ ਕਰਮਾਂ ਅਨੁਸਾਰ ਨਰਕ ਜਾਂ ਸੁਰਗ ਵਿੱਚ ਜਾਈਦਾ ਹੈ। ਇਸ ਪੁਜਾਰੀ ਪ੍ਰਧਾਨ ਸਿਖਿਆ ਦੇ ਸਿੱਟੇ ਵਜੋਂ ਲੋਕਾਈ ਉੱਚੀਆਂ ਨੀਵੀਆਂ ਜਾਤਾਂ ਤੇ ਕਈ ਕਿਸਮਾਂ ਦੇ ਭਰਮਾਂ 'ਚ ਪੈ ਗਈ-ਕਥਾ ਕਹਾਣੀ, ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ॥(੧੨੪੩)

ਭਾਰਤੀ ਸੰਵਿਧਾਨ ਦੇ ਲੇਖਕ ਡਾ. ਭੀਮਰਾਉ ਅੰਬੇਡਕਰ ਵਰਗਾ ਵਿਦਵਾਨ ਤਾਂ ਗੀਤਾ ਨੂੰ ਧਰਮ-ਪੁਸਤਕ ਹੀ ਨਹੀਂ ਮੰਨਦਾ ਜਿਸ ਦੇ ਕੁੱਲ ੧੮ ਅਧਿਆਇ ਅਤੇ ਉਨ੍ਹਾਂ ਵਿਖੇ ਸ਼ਲੋਕਾਂ ਦੀ ਗਿਣਤੀ ੭੦੦ ਹੈ। ਮੰਨਿਆ ਜਾਂਦੈ ਕਿ ਕ੍ਰਿਸ਼ਨ ਜੀ ਨੇ ਕੁਰਸ਼ੇਤਰ ਦੇ ਮੈਦਾਨ ਵਿੱਚ ਪਾਂਡਵ ਅਰਜਨ ਨੂੰ ਯੁੱਧ ਤੋਂ ਉਦਾਸ ਹੁੰਦਿਆਂ ਵੇਖ ਜੋ ਉਪਦੇਸ਼ ਕੀਤਾ "ਗੀਤਾ" ਹੈ। "ਗੀਤਾ" ਨੂੰ ਮਾਂ ਕਹਿਣ ਵਾਲੇ ਮਹਾਤਮਾ ਗਾਂਧੀ ਅਨੁਸਾਰ ਇਹ ਜੰਗ ਬਾਹਰੀ ਨਹੀਂ ਸਗੋਂ ਅੰਦਰੂਨੀ ਹੈ।

ਮਹਾਨ ਕੋਸ਼ ਅਨੁਸਾਰ ਜਿਸ ਥਾਂ ਕ੍ਰਿਸ਼ਨ ਤੇ ਅਰਜਨ ਦਾ ਸੰਵਾਦ ਹੋਇਆ ਉਸ ਦਾ ਨਾਂ ਹੁਣ "ਜਯੋਤੀਸਰ" ਤੇ ਓਥੇ ਸੁੰਦਰ "ਗੀਤਾ-ਭਵਨ" ਉਸਾਰਿਆ ਗਿਆ ਹੈ। ਅਜੋਕੇ ਵੇਦਾਂ ਪੁਰਾਣਾਂ ਦੇ ਪ੍ਰਚਾਰਕ ਤੇ ਯੂਨੀਵਰਸਿਟੀਆਂ ਦੇ ਕੁੱਝ ਵਿਦਵਾਨ ਬੜੇ ਜ਼ੋਰ ਨਾਲ ਇਹ ਪ੍ਰਚਾਰਦੇ ਨੇ ਕਿ "ਸ਼ਬਦ ਗੁਰੂ ਗ੍ਰੰਥ" ਵਿੱਚ ਵੀ "ਗੀਤਾ" ਦੀ ਮਹਿਮਾ ਤੇ ਵਿਚਾਰਧਾਰਾ ਪੱਖੋਂ ਵੀ ਇਹ ਦੋਵੇਂ ਗ੍ਰੰਥ ਬਰਾਬਰ ਹਨ। ਇਸ ਗੁੰਮਰਾਹਕੁੰਨ ਵਿਚਾਰ ਦੀ ਪ੍ਰੋੜਤਾ ਲਈ "ਸ਼ਬਦ ਗੁਰੂ ਗ੍ਰੰਥ" ਦੀਆਂ ਇਹ ਤੁਕਾਂ ਵਰਤੀਆਂ ਜਾ ਰਹੀਆਂ ਹਨ-ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥(ਨਾਮਦੇਵ-੮੭੪) ਅਤੇ ਅੰਮ੍ਰਿਤ ਨਾਮ ਦਾਨੁ, ਨਾਨਕ ਕਉ; ਗੁਣ ਗੀਤਾ ਨਿਤ ਵਖਾਣੀਆ॥(੧੦੨੦) ਪ੍ਰਸਿੱਧ ਪ੍ਰਚਾਰਕ ਤੇ ਲੇਖਕ ਗਿ. ਜਗਤਾਰ ਸਿੰਘ ਜਾਚਕ ਲਿਖਦੇ ਹਨ ਕਿ-ਖੋਜ ਕਰਨ ਤੇ ਪਤਾ ਲਗਦੈ ਕਿ "ਗੀਤਾ" ਕੇਵਲ ਇੱਕ ਹੀ ਪੁਸਤਕ ਨਹੀਂ ਸਗੋਂ ਕਈ ਹਨ। ਬਚਿਤ੍ਰ ਨਾਟਕ ਵਾਂਗ "ਗੋਬਿੰਦ ਗੀਤਾ" ਨਾਂ ਦੀ ਇੱਕ ਰਚਨਾ ਦਾ ਸਬੰਧ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਜੋੜਿਆ ਜਾਂਦੈ ਭਾਵੇਂ ਕਿ ਭਾਈ ਕਾਨ੍ਹ ਸਿੰਘ ਨਾਭਾ ਮੁਤਾਬਿਕ ਇਹ ਲਿਖਤ ਕਾਂਸ਼ੀ ਨਿਵਾਸੀ ਕ੍ਰਿਸ਼ਨ ਲਾਲ ਨਾਂ ਦੇ ਕਿਸੇ ਕਵੀ ਦੀ ਹੈ।

ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ "ਮਹਾਭਾਰਤ ਗ੍ਰੰਥ" ਦੀ ਮਹੱਤਵਪੂਰਨ ਉਪਲਬਧੀ "ਭਗਵਦ-ਗੀਤਾ" ਹੈ। ਇਸ ਦੇ ਰਚਨਾ ਕਾਲ ਬਾਰੇ ਵਿਦਵਾਨਾਂ ਵਿੱਚ ਮਤ-ਭੇਦ ਹੈ। ਕੁਝ ਸੰਪ੍ਰਦਾਈ ਲੇਖਕ ਇਸ ਦੀ ਰਚਨਾ "ਮਹਾਭਾਰਤ" ਦੇ ਨਾਲ ਹੋਈ ਅਤੇ ਪੱਛਮੀ ਵਿਦਵਾਨ ਇਸ ਨੂੰ ਈਸਵੀ ਸੰਨ ਦੇ ਸ਼ੁਰੂ ਹੋਣ ਦੇ ਨੇੜੇ ਤੇੜੇ ਦੀ ਰਚਨਾ ਮੰਨਦੇ ਹਨ।

ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨ ਜੀ ਨੇ "ਦਾ ਭਾਗਵਤ" ਨਾਂ ਦੀ ਪੁਸਤਕ ਦੇ ਸਫਾ ੨੯੧ 'ਤੇ ਲਿਖਿਐ ਕਿ-ਹਮੇਂ ਗੀਤਾ ਕੇ ਰਚਿਤਾ ਕਾ ਕੁਛ ਪਤਾ ਨਹੀਂ ਕਿ ਵੋ ਕੌਨ ਹੈ? "ਗੀਤਾ" ਦੀਆਂ ਕਈ ਐਡੀਸ਼ਨਾਂ ਵਿੱਚ ਸ਼ਲੋਕ ੭੪੫ ਵੀ ਹਨ ਕਿਉਂਕਿ ਇਸ ਵਿੱਚ ਯੁੱਗ ਦੇ ਸਮਕਾਲੀਨ ਰਾਜਨੀਤਕ ਤੇ ਸਮਾਜਿਕ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖ ਕੇ, ਹਿੰਦੂ ਵਿਦਵਾਨਾਂ ਵੱਲੋਂ ਸਮੇਂ ਸਮੇਂ ਕਈ ਕਿਸਮ ਦੇ ਵਾਧੇ ਘਾਟੇ ਕੀਤੇ ਜਾਂਦੇ ਰਹੇ ਹਨ। ਡਬਲਯੂ. ਵਨ. ਹਮਵੋਲਟ, ਡਾ. ਰੋਡਲਫ਼ ਵਰਗੇ ਪਛਮੀ, ਡਾ, ਅੰਬੇਡਕਰ ਅਤੇ ਡਾ. ਸੁਰਿੰਦਰ ਅਗਿਆਤ ਵਰਗੇ ਪ੍ਰਸਿੱਧ ਭਾਰਤੀ ਵਿਦਵਾਨਾਂ ਅਨੁਸਾਰ ਵਰਤਮਾਨ ਗੀਤਾ ਉਹ ਨਹੀਂ, ਜੋ ਮੂਲ-ਰੂਪ ਸੀ। ਡਾ. ਰਾਧਾ ਕ੍ਰਿਸ਼ਨ ਜੀ ਨੇ ਉਪ੍ਰੋਕਤ ਪੁਸਤਕ ਦੇ ਸਫਾ ੧੪ 'ਤੇ ਸ਼ੰਕਾ ਪ੍ਰਗਟ ਕੀਤੈ ਕਿ ਮੂਲ ਗੀਤਾ 'ਚ ਬਾਦ ਮੇਂ ਕਈ ਬਦਲਾਵ ਹੂਏ ਹੋਂਗੇ।

ਗੁਰਮਤਿ ਨੂੰ ਗੀਤਾ ਅਨੁਸਾਰੀ ਪ੍ਰਚਾਰਨ ਲਈ "ਸ਼ਬਦ ਗੁਰੂ ਗ੍ਰੰਥ" ਦੀਆਂ ਜਿਹੜੀਆਂ ਤੁਕਾਂ ਨੂੰ ਵਰਤਿਆ ਜਾ ਰਿਹੈ, ਜਦ ਉਨ੍ਹਾਂ ਦੇ ਪੂਰੇ ਸ਼ਬਦਾਂ ਨੂੰ ਵਿਚਾਰਦੇ ਹਾਂ ਤਾਂ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ ਜਿਵੇਂ-ਗੋਂਡ॥ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥੧॥ਹਉ ਤਉ ਏਕੁ ਰਮਈਆ ਲੈਹਉ॥ਆਨ ਦੇਵ ਬਦਲਾਵਨਿ ਦੈਹਉ॥੧॥ਰਹਾਉ॥ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ਬਰਦ ਚਢੇ ਡਉਰੂ ਢਮਕਾਵੈ॥੨॥ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥੩॥ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥੫॥ (ਨਾਮਦੇਵ-੮੭੪)

ਨਾਮਦੇਵ ਜੀ ਅਖ਼ੀਰਲੀ ਤੁਕ 'ਚ ਕਿਸੇ ਪੰਡਿਤ ਨੂੰ ਇਸ ਸ਼ਬਦ ਰਾਹੀਂ ਭੈਰਉ, ਸ਼ਿਵ, ਮਹਾਂਮਾਈ ਆਦਿਕ ਦੀ ਪੂਜਾ ਵਲੋਂ ਵਰਜ ਰਹੇ ਹਨ ਕਿ-ਹੇ ਪੰਡਤ! ਮੈਂ ਤਾਂ ਇੱਕ ਸੋਹਣੇ ਰਾਮ ਦਾ ਨਾਮ ਹੀ ਲੈਂਦਾ ਤੇ ਤੁਹਾਡੇ ਹੋਰ ਸਾਰੇ ਦੇਵਤੇ ਉਸ ਵੱਟੇ ਤੁਹਨੂੰ ਦਿੰਦਾ ਹਾਂ ਭਾਵ ਪ੍ਰਭੂ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਭੀ ਦੇਵੀ ਦੇਵਤੇ ਦੀ ਲੋੜ ਨਹੀਂ। ਤੁਹਾਡੇ ਮੁਤਾਬਿਕ ਜੋ ਮਨੁੱਖ ਭੈਰੋਂ ਦੀ ਅਰਾਧਨਾ ਕਰਦੈ, ਉਹ ਭੈਰੋਂ ਵਰਗਾ ਹੀ ਭੂਤ ਬਣਦਾ ਜੋ ਸੀਤਲਾ ਨੂੰ ਅਰਾਧਦੈ, ਉਹ ਸੀਤਲਾ ਵਾਂਗ ਖੋਤੇ ਦੀ ਸਵਾਰੀ ਕਰਦਾ ਸੁਆਹ ਹੀ ਉਡਾਉਂਦੈ। ਜੋ ਮਨੁੱਖ ਸ਼ਿਵ ਦਾ ਨਾਮ ਰਟਦੈ, ਉਹ ਸ਼ਿਵ ਦਾ ਰੂਪ ਧਾਰ ਬਲਦ 'ਤੇ ਚੜ੍ਹ, ਸ਼ਿਵ ਵਾਂਗ ਡਮਰੂ ਵਜਾਉਂਦਾ ਹੈ। ਤੁਹਾਡੇ ਮੁਤਾਬਿਕ ਜੋ ਮਨੁੱਖ ਪਾਰਬਤੀ ਦੀ ਪੂਜਾ ਕਰਦੈ ਉਹ ਮਨੁੱਖ ਤੋਂ ਜ਼ਨਾਨੀ ਬਣ ਜਾਂਦੈ ਪਰ ਮੈਂ ਇਸ ਨਾਲ ਸਹਿਮਤ ਨਹੀਂ ਕਿਉਂਕਿ ਇਸ 'ਚ ਔਰਤ ਨੀਚਤਾ ਦਰਸਾਈ ਗਈ ਹੈ। ਕਹੀ ਜਾਂਦੀ ਆਦਿ ਭਵਾਨੀ! ਆਪਣੇ ਭਗਤਾਂ ਨੂੰ ਮੁਕਤੀ ਦੇਣ ਵੇਲੇ ਪਤਾ ਨਹੀਂ ਕਿੱਥੇ ਲੁਕ ਜਾਂਦੀ ਹੈਂ? ਨਾਮਦੇਵ "ਕਹੇ ਗੀਤਾ" ਭਾਵ ਗਿਆਨ-ਉਪਦੇਸ਼ ਕਰਦਾ ਹੈ ਕਿ ਹੇ ਮਿੱਤ੍ਰ ਪੰਡਤ! ਗੁਰੂ ਗਿਆਨ ਧਾਰਨ ਕਰਕੇ ਸੱਚੇ ਪ੍ਰਭੂ ਦਾ ਹੀ ਆਸਰਾ ਲੈਂਦਾ, ਜੀਵਨ ਸਫਲ ਕਰ ਨਾ ਕਿ ਮੰਨੇ ਗਏ ਭੰਬਲ-ਭੂਸਿਆਂ 'ਚ ਪੌਣ ਵਾਲੇ ਕਥਿਤ ਦੇਵੀ-ਦੇਵਤਿਆਂ ਦੀ ਅਗਿਆਨ ਪੂਜਾ 'ਚ ਉਲਝਿਆ ਰਹੋ!

ਦੂਜਾ ਸ਼ਬਦ-ਮਿਹਰ ਕਰੇ ਤਾ ਖਸਮੁ ਧਿਆਈ।। ਸੰਤਾ ਸੰਗਤਿ ਨਰਕਿ ਨ ਪਾਈ।। ਅੰਮ੍ਰਿਤ ਨਾਮ ਦਾਨੁ, ਨਾਨਕ ਕਉ; ਗੁਣ ਗੀਤਾ ਨਿਤ ਵਖਾਣੀਆ।।(੧੦੨੦) ਭਾਵ ਜੇ ਪ੍ਰਭੂ ਆਪ ਮਿਹਰ ਕਰੇ ਤਾਂ ਹੀ ਮੈਂ ਸੰਸਾਰ ਮਾਲਕ ਨੂੰ ਧਿਆਨ ਵਿੱਚ ਰੱਖਦਾ ਭਲੇ ਪੁਰਖਾਂ ਦੀ ਸੰਗਤ 'ਚ ਰਹਿੰਦਾ ਬੁਰੇ ਕਰਮਾਂ ਦੇ ਨਰਕ ਵਿੱਚ ਨਹੀਂ ਪੈਂਦਾ। ਹੇ ਕਰਤਾਰ! ਨਾਨਕ ਨੂੰ ਆਤਮਕ ਜੀਵਨ ਦੇਣ ਵਾਲਾ ਆਪਣਾ ਨਾਮ (ਨਿਯਮ) ਦਾਨ ਦੇਹ ਤਾਂ ਕਿ ਮੈਂ ਸਦਾ ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦਾ ਰਹਾਂ। ਸਪਸ਼ਟ ਹੈ ਕਿ ਪਹਿਲੇ ਸ਼ਬਦ ਦੀ ਤੁਕ ਵਿੱਚ "ਗੀਤਾ" ਦਾ ਅਰਥ ਗਿਆਨ ਗੀਤ ਨਾ ਕਿ ਕੋਈ ਪੁਸਤਕ ਗੀਤਾ ਹੈ। ਦੂਜੇ ਸ਼ਬਦ ਦੀ ਤੁਕ ਵਿੱਚ "ਗੀਤਾ" (ਗੀਤਾਂ) ਬਹੁਵਚਨੀ ਨਾਂਵ ਦਾ ਮਤਲਵ ਰੱਬੀ ਸਿਫ਼ਤ-ਸਾਲਾਹ ਦੇ ਗੀਤ ਨਾ ਕਿ ਮੰਨੀ ਗਈ ਹਿੰਦੂ "ਗੀਤਾ"।

ਦੇਖੋ! ਜੇ ਇਸ ਸ਼ਬਦ 'ਚ ਅਰਥ ਹਿੰਦੂਆਂ ਵਾਲੀ ਗੀਤਾ ਕਰਦੇ ਹਾਂ ਇਹ ਭਗਤ ਨਾਮਦੇਵ ਜੀ ਦੀ ਗੁਰਮਤਿ ਨਾਲ ਧੱਕਾ ਹੈ ਕਿਉਂਕਿ ਹਿੰਦੂ "ਗੀਤਾ" ਕ੍ਰਿਸ਼ਨ ਜੀ ਨੂੰ ਵਿਸ਼ਨੂੰ ਦੇਵਤੇ ਦਾ ਅਵਤਾਰ ਮੰਨਦੀ ਪਰ ਨਾਮਦੇਵ ਜੀ ਕਥਿਤ ਦੇਵੀ ਦੇਵਤੇ ਰੱਦ ਕਰਦੇ ਹਨ। "ਸ਼ਬਦ ਗੁਰੂ ਗ੍ਰੰਥ" ਨਾਲ ਤਾਂ ਕਦਾਚਿਤ ਵੀ ਕਥਿਤ ਗੀਤਾ ਬਰਾਬਰ ਨਹੀਂ ਕਹੀ ਜਾ ਸਕਦੀ ਜਿਸ 'ਚ ਦੇਵੀ ਦੇਵਤਾ ਦੀ ਪੂਜਾ, ਕੇਵਲ ਕਰਮ ਬੰਦਸ਼ ਤੇ ਜਾਤੀਵਾਦ ਦੇ ਫੋਕਟ ਕਰਮ ਹਨ।ਜਦ ਕਿ "ਸ਼ਬਦ ਗੁਰੂ ਗ੍ਰੰਥ" ਜਾਤ-ਪਾਤ ਤੇ ਛੂਤ-ਛਾਤ ਵਾਲੇ ਮਨੂੰਵਾਦੀ ਵਰਣ-ਵੰਡ ਦਾ ਵਿਰੋਧੀ ਹੈ- ਜਾਣਹੁ ਜੋਤਿ, ਨ ਪੂਛਹੁ ਜਾਤੀ॥(੩੪੯) ਅਤੇ ਦਰਸਉਂਦਾ ਹੈ ਕਿ-ਜਾਤਿ ਕਾ ਗਰਬੁ ਨ ਕਰਿ, ਮੂਰਖ ਗਵਾਰਾ।। (੧੧੨੭)

ਓਧਰ ਗੀਤਾ ਪ੍ਰੈਸ ਗੋਰਖਪੁਰ ਦੇ ਹਿੰਦੀ ਟੀਕੇ ਮੁਤਾਬਿਕ ਗੀਤਾ ਜਾਤ-ਪਾਤ ਦਾ ਕੇਵਲ ਸਮਰਥਨ ਹੀ ਨਹੀਂ ਕਰਦੀ ਸਗੋਂ ਭਗਵਾਨ ਕਹੇ ਜਾਂਦੇ ਕ੍ਰਿਸ਼ਨ ਜੀ ਆਪਣੇ ਆਪ ਨੂੰ ਵਰਣਵੰਡ ਦਾ ਕਰਤਾ ਵੀ ਦੱਸਦੇ ਹਨ-ਹੇ ਅਰਜਨ! ਗੁਣ ਔਰ ਕਰਮੋਂ ਕੇ ਵਿਭਾਗ ਸੇ ਬ੍ਰਾਹਮਣ, ਕਸ਼ਤ੍ਰੀ, ਵੈਸ਼੍ਯ ਔਰ ਸ਼ੂਦਰ ਮੇਰੇ ਦੁਆਰਾ ਰਚੇ ਗਏ ਹਨ (ਅਧਿਆਇ ੩, ਸ਼ਲੋਕ ੧੩) ਬ੍ਰਾਹਮਣ, ਕਸ਼ਤ੍ਰੀਓਂ ਔਰ ਵੈਸ਼ੋਂ ਤਥਾ ਸ਼ੁਦਰੋਂ ਕੇ ਭੀ ਕਰਮ, ਪੂਰਵਕ੍ਰਿਤ ਕਰਮੋਂ ਕੇ ਸੰਸਕਾਰ ਰੂਪ ਸਭਾਵ ਸੇ ਉਤਪਨ ਹੋਏ ਗੁਣੋਂ ਕੇ ਅਨੁਸਾਰ ਬਾਂਟੇ ਗਏ ਹੈਂ।(ਅਧਿਆਏ ੧੮, ਸਲੋਕ ੪੧) "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਤਾਂ-ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ।।(੫੫੧) ਦਾ ਉਪਦੇਸ਼ ਅਤੇ-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।।(੮੫੩) ਪ੍ਰਚਾਰਦੀ ਵਿਸ਼ਵ-ਸ਼ਾਂਤੀ ਦੀ ਪ੍ਰੇਰਨਾ ਦਿੰਦੀ ਪਰ ਮੰਨੀ ਗਈ ਕ੍ਰਿਸ਼ਨ-ਗੀਤਾ ਜੰਗ-ਯੁੱਧ ਲਈ ਉਤਸ਼ਾਹਤ ਕਰਦੀ ਹੈ। ਗੀਤਾ ਦੇ ਪਹਿਲੇ ਦੋ ਅਧਿਆਵਾਂ ਵਿੱਚ ਅਰਜਨ, "ਕ੍ਰਿਸ਼ਨ" ਨੂੰ ਵਾਰ ਵਾਰ ਇਹੀ ਕਹਿੰਦੇ ਦਿਖਾਈ ਦਿੰਦੇ ਨੇ ਕਿ ਉਹ ਆਪਣੇ ਸਕੇ ਸਬੰਧੀਆਂ ਨਾਲ ਲੜਾਈ ਨਹੀਂ ਕਰਨਾ ਚਹੁੰਦਾ ਪ੍ਰੰਤੂ "ਕ੍ਰਿਸ਼ਨ" ਉਸ ਨੂੰ ਕਈ ਪ੍ਰਕਾਰ ਦੀਆਂ ਦਲੀਲਾਂ ਦੇ ਕੇ ਯੁੱਧ ਕਰਨ ਲਈ ਮਜਬੂਰ ਕਰਦਾ ਇਹ ਆਖਦੈ ਕਿ ਜੇ ਤੂੰ ਧਰਮ-ਯੁੱਧ ਨਹੀਂ ਕਰੇਂਗਾ ਤਾਂ ਜੋਧਾ ਨਹੀਂ ਮੰਨਿਆ ਜਾਏਗਾ ਤੇ ਨਿੰਦਿਆ ਦਾ ਪਾਤ੍ਰ ਬਣੇਂਗਾ। ਯਸ਼ਵੀ ਪੁਰਸ਼ ਵਾਸਤੇ ਅਯਸ਼ਵੀ ਹੋਣਾ ਤਾਂ ਮਰਨ ਤੋਂ ਵੀ ਬੁਰਾ ਹੈ। ਆਖ਼ਰ "ਸ੍ਰੀ ਕ੍ਰਿਸ਼ਨ" ਹੇਠ ਲਿਖੇ ਤੀਜੇ ਅਧਿਆਇ ਦੇ ੩੦ਵੇਂ ਸ਼ਲੋਕ 'ਚ ਆਖਦਾ ਹੈ ਕਿ ਹੇ ਅਰਜਨ! ਤੂੰ ਕਰਮ-ਫਲ ਤੋਂ ਨਾ ਡਰ "ਅਧਿਆਤਮ-ਚਿੱਤ ਸੇ ਮੁਝੇ ਹੀ ਸਭੀ ਕਰਮ ਸਮਰਪਤ ਕਰ, ਆਸ਼ਾ ਤਥਾ ਮਮਤਾ ਕਾ ਤਿਆਗ ਕਰਕੇ ਨਿਸ਼ਚਿੰਤ ਹੋ ਕਰ ਯੁੱਧ ਕਰ।

ਸ਼ਬਦ ਗੁਰੂ ਗ੍ਰੰਥ-ਤਖਤਿ ਬਹੈ ਤਖਤੈ ਕੀ ਲਾਇਕ।।(੧੦੩੯) ਦੀ ਸਿਧਾਂਤਕ ਯੋਗਤਾ ਵਾਲਾ ਉਪਦੇਸ਼ ਦਿੰਦਾ ਹਰੇਕ ਮਨੁਖ ਨੂੰ ਹਰ ਕੰਮ ਕਰਨ ਅਤੇ ਹਰ ਪਦਵੀ ਪਰ ਨਿਯੁਕਤ ਹੋਣ ਦਾ ਅਧਿਕਾਰ ਦਿੰਦੈ ਪਰ ਗੀਤਾ ਯੋਗਤਾ ਦੀ ਥਾਂ ਵਰਣ ਵੰਡ ਅਨੁਸਾਰ ਪਦਵੀ ਦਿੰਦੀ ਹੈ। ਜਿਵੇਂ ਤੀਜੇ ਅਧਿਆਇ ਦੇ ੩੫ਵੇਂ ਸ਼ਲੋਕ 'ਚ ਕਿਹਾ ਕਿ-ਹੇ ਅਰਜਨ! ਅਪਨਾ ਕਰਮ ਅਰਥਾਤ ਜਾਤੀ ਕਾ ਪੇਸ਼ਾ ਵਾ ਕਰਤਵ ਆਦਿ ਗੁਣ ਰਹਿਤ ਹੋਨੇ ਪਰ ਭੀ ਦੂਸਰੇ ਕੇ ਕਰਮ ਸੇ ਸ੍ਰੇਸ਼ਠ ਹੈ। ਅਪਨੀ ਜਾਤੀ ਕੇ ਨਿਸ਼ਚਤ ਕਰਤਵੋਂ ਵਾ ਪੇਸ਼ੇ ਕੋ ਨਿਭਾਤੇ ਹੂਏ ਮਰਨਾ ਭੀ ਭਲਾ ਦੂਸਰੇ ਕੇ ਕਰਮ ਕੋ ਅਪਨਾਨਾ ਪਰ ਅਧੀਨਤਾ ਹੈ।

ਗੀਤਾ ਕਰਮ ਨੂੰ ਪ੍ਰਧਾਨਤਾ ਦਿੰਦੀ ਪਰ ਗੁਰਮਤਿ "ਕਰਮ-ਹੰਕਾਰੀ" ਦੀ ਥਾਂ "ਕਰਮ-ਬਖਸ਼ਿਸ਼" ਦਾ ਉਪਦੇਸ਼ ਦਿੰਦੀ ਹੈ। ਗੁਰਮਤਿ ਭਾਈ ਲਹਿਣੇ ਤੋਂ ਬਾਬਾ ਤੇਗ ਬਹਦਰ ਤੱਕ ਦੇ ਗੁਰੂ ਨਿਕਟੀ ਸਿੱਖਾਂ ਨੂੰ ਗੁਰੂ ਬਣਾ ਦਿੰਦੀ ਪਰ ਗੀਤਾ ਅਰਜਨ ਜਾਂ ਹੋਰ ਕ੍ਰਿਸ਼ਨ ਸ਼ਿਸ਼ਾਂ ਨੂੰ "ਕ੍ਰਿਸ਼ਨ ਭਗਵਾਨ" ਜਾਂ ਰਾਜਾ ਕ੍ਰਿਸ਼ਨ ਨਹੀਂ ਬਣਾ ਸਕੀ। ਇਸ ਲਈ "ਗੀਤਾ" ਰੱਬੀ ਗਿਆਨ ਦੇ ਸੋਮੇ ਸ਼ਬਦ ਗੁਰੂ ਗ੍ਰੰਥ" ਦੇ ਬਰਾਬਰ ਕਦਾਚਿਤ ਵੀ ਨਹੀਂ ਮੰਨੀ ਜਾ ਸਕਦੀ। ਸੋ "ਸ਼ਬਦ ਗੁਰੂ ਗ੍ਰੰਥ" ਵਿਖੇ ਆਏ ਵੱਖ ਵੱਖ ਬੋਲੀਆਂ ਤੇ ਗ੍ਰੰਥਾਂ ਦੇ ਲਫਜ਼ ਧਿਆਨ ਨਾਲ ਵਿਚਾਰਨੇ ਚਾਹੀਦੇ ਹਨ ਨਾ ਕਿ ਲਕੀਰ ਦੇ ਫਕੀਰ ਬਣਨਾ ਚਾਹੀਦਾ ਹੈ।

# ਰਾਸ਼ਟਰਪਤੀ ਦੀ ਉਮੀਦਵਾਰੀ ਤੋਂ ਪਿੱਛੇ ਹਟੇ ਡੈਮੋਕ੍ਰੇਟ ਐਰਿਕ

**ਵਾਸ਼ਿੰਗਟਨ-** ਡੈਮੋਕ੍ਰੇਟ ਐਂਮਪੀ ਐਰਿਕ ਸਵਾਲਵੇਲ (38) ਨੇ ਅਮਰੀਕੀ ਰਾਸ਼ਟਰ-ਪਤੀ ਅਹੁਦੇ ਦੀ ਉਮੀਦਵਾਰੀ ਤੋਂ ਆਪਣਾ ਨਾਂ ਵਾਪਲ ਲੈ ਲਿਆ ਹੈ। ਅਜਿਹੇ ਕਰਨ ਵਾਲੇ ਉਹ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਪਹਿਲੇ ਆਗੂ ਹਨ। ਉਹ ਆਪਣੇ ਲਈ ਇਕ ਫ਼ੀਸਦੀ ਲੋਕਾਂ ਦਾ ਸਮੱਰਥਨ ਨਹੀਂ ਇਕੱਤਰ ਕਰ ਸਕੇ ਜਿਸ ਕਾਰਨ ਉਨ੍ਹਾਂ ਨੇ ਆਪਣਾ ਨਾਂ ਵਾਪਸ ਲੈਣ ਦਾ ਫ਼ੈਸਲਾ ਕੀਤਾ। ਸੰਸਦ ਵਿਚ ਕੈਲੀ-ਫੋਰਨੀਆ ਦਾ ਪ੍ਰਤੀਨਿਧਤਵ ਕਰਨ ਵਾਲੇ ਐਰਿਕ ਨੇ ਕਿਹਾ ਕਿ ਅੱਜ ਮੇਰੀ ਚੋਣ ਮੁਹਿੰਮ ਦਾ ਅੰਤ ਹੋ ਰਿਹਾ ਹੈ ਪ੍ਰੰਤੂ ਇਹ ਨਵੀਆਂ ਸੰਭਾਵਨਾਵਾਂ ਦੀ ਸ਼ੁਰੂਆਤ ਵੀ ਹੈ।



ਐਰਿਕ ਦੇ ਹਟਣ ਪਿੱਛੋਂ 20 ਦਾਅਵੇਦਾਰ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਉਮੀਦਵਾਰੀ ਪਾਉਣ ਦੀ ਦੌੜ ਵਿਚ ਹਨ। ਇਨ੍ਹਾਂ ਵਿਚ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਸਭ ਤੋਂ ਅੱਗੇ ਹਨ। ਪਹਿਲੀ ਪ੍ਰਾਈਮਰੀ ਬਹਿਸ ਪਿੱਛੋਂ ਹਾਲਾਂਕਿ ਉਨ੍ਹਾਂ ਦੇ ਸਮੱਰਥਕਾਂ ਦੀ ਗਿਣਤੀ 32 ਤੋਂ ਘੱਟ ਕੇ 26 ਫ਼ੀਸਦੀ 'ਤੇ ਪੁੱਜ ਗਈ ਹੈ। ਬਹਿਸ ਵਿਚ ਚੰਗੇ ਪ੍ਰਦਰਸ਼ਨ ਪਿੱਛੋਂ ਭਾਰਤੀ-ਅਮਰੀਕੀ ਸੈਨੇਟਰ ਕਮਲਾ ਹੈਰਿਸ ਦੀ ਸਥਿਤੀ ਮਜ਼ਬੂਤ ਹੋਈ ਹੈ। ਇਸ ਕਾਰਨ ਬਿਡੇਨ ਅਤੇ ਹੈਰਿਸ ਵਿਚ ਕਾਂਟੇ ਦੀ ਟੱਕਰ ਹੋਣ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਿਆਨੀ ਹਰਬੰਸ ਸਿੰਘ 'ਤੇਗ' ਸਦੀਵੀ ਵਿਛੋੜਾ ਦੇ ਗਏ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)–** ਪੰਥ ਪ੍ਰਸਿੱਧ ਵਿਦਵਾਨ ਕਥਾਕਾਰ ਅਤੇ ਦੋ ਕਿਤਾਬਾਂ ਦੇ ਲੇਖਕ ਗਿਆਨੀ ਹਰਬੰਸ ਸਿੰਘ ਤੇਗ ਲਗ ਭਗ ਤਿੰਨ ਮਹੀਨੇ ਜ਼ਿੰਦਗੀ-ਮੌਤ ਵਿਚ ਜੂਝਦਿਆਂ 8 ਜੁਲਾਈ ਵਾਲ਼ੇ ਦਿਨ ਅਕਾਲ ਚਲਾਣਾ ਕਰ ਗਏ। ਇਸੇ ਵਰ੍ਹੇ 26 ਮਾਰਚ ਨੂੰ ਉਨ੍ਹਾਂ ਦਾ ਆਪਣੇ ਪਿੰਡ ਭਾਰਟਾ ਖੁਰਦ (ਜ਼ਿਲ੍ਹਾ ਨਵਾਂ ਸ਼ਹਿਰ) ਲਾਗੇ ਹੀ ਇਕ ਭਿਆਨਕ ਐਕਸੀਡੈਂਟ ਹੋ ਗਿਆ ਸੀ। ਉਹ ਉਦੋਂ ਤੋਂ ਹੀ ਬੇਹੋਸ਼ ਚਲੇ ਆ ਰਹੇ ਸਨ।ਦੋ ਮਹੀਨੇ ਡੀ.ਐਮ.ਸੀ ਲੁਧਿਆਣਾ ਵਿਖੇ ਦਾਖਲ ਰਹਿਣ ਤੋਂ ਬਾਅਦ ਉਹ ਢਾਹਾਂ-ਕਲੇਰਾਂ ਹਸਪਤਾਲ ਵਿਚ ਦਾਖਲ ਰਹੇ। ਲਗਭਗ ਤਿੰਨ ਮਹੀਨੇ ਬੇਹੋਸ਼ੀ ਦੀ ਹਾਲਤ ਵਿਚ ਰਹਿੰਦਿਆਂ ਉਨ੍ਹਾਂ ਸਵਾਸ ਤਿਆਗ ਦਿੱਤੇ।

2 ਫਰਵਰੀ 1945 ਨੂੰ ਭਾਰਟਾ ਖੁਰਦ ਦੇ ਸਧਾਰਨ ਕਿਸਾਨ ਪ੍ਰਵਾਰ ਵਿਚ ਸਰਦਾਰ ਪ੍ਰੀਤਮ ਸਿੰਘ ਦੇ ਘਰ ਜਨਮੇ ਗਿਆਨੀ ਤੇਗ ਸਕੂਲੀ ਵਿੱਦਿਆ ਮਗਰੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਜਾ ਦਾਖਲ ਹੋਏ। ਜਿੱਥੇ ਉਹ ਵਿੱਦਿਆ-ਮਾਰਤੰਡ ਪ੍ਰਿੰਸੀਪਲ ਧਰਮਾਨੰਤ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਵਿਦਿਆਰਥੀ ਰਹੇ। ਇੱਥੋਂ ਉਹ ਸ਼੍ਰੋਮਣੀ ਕਮੇਟੀ ਵਿਚ ਬਤੌਰ ਪ੍ਰਚਾਰਕ ਚਲੇ ਗਏ। ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਨ ਦੀ ਡਿਊਟੀ ਨਿਭਾਉਣ ਉਪਰੰਤ ਉਹ ਲੰਬਾਂ ਸਮਾਂ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਮੈਨੇਜ਼ਰ ਤੇ ਕਥਾਵਾਚਕ ਵਜੋਂ ਤਾਇਨਾਤ ਰਹੇ।



ਪੰਥਕ ਮੋਰਚਿਆਂ ਦੌਰਾਨ ਉਹ ਆਪਣੇ ਹੋਰ ਪ੍ਰਵਾਰਕ ਮੈਂਬਰਾਂ ਨਾਲ ਜੇਲ੍ਹਾਂ ਵਿੱਚ ਵੀ ਗਏ। ਪੰਜਾਬ ਦੇ ਚਲੰਤ ਮਾਮਲਿਆਂ ਬਾਰੇ ਉਨ੍ਹਾਂ ਦੇ ਲੇਖ ਅਖਬਾਰਾਂ ਮੈਗਜ਼ੀਨਾਂ ਵਿਚ ਛਪਦੇ ਹੀ ਰਹਿੰਦੇ ਸਨ। ਗੁਰਮਤਿ ਫਿਲਾਸਫੀ ਬਾਰੇ ਆਪ ਨੇ ਦੋ ਕਿਤਾਬਾਂ ਵੀ ਲਿਖੀਆਂ। ਕੁੱਝ ਸਾਲ ਇੰਗਲੈਂਡ ਦੇ ਪ੍ਰਚਾਰ ਦੌਰੇ ਤੋਂ ਬਾਅਦ ਉਹ ਇਲਾਕੇ ਵਿਚ ਨਿਸ਼ਕਾਮ ਪ੍ਰਚਾਰਕ ਵਜੋਂ ਵਿਚਰਦੇ ਰਹੇ। 74 ਸਾਲ ਦੀ ਉਮਰ ਹੋ ਜਾਣ ਦੇ ਬਾਵਜੂਦ ਵੀ ਉਹ ਰੋਜ਼ਾਨਾ ਖੇਤਾਂ ਵਿਚ ਜਾ ਕੇ ਕਹੀ-ਰੰਬਾ ਚਲਾਉਂਦੇ ਰਹਿੰਦੇ ਸਨ। ਦੁਨੀਆਂ ਭਰ ਦੇ ਰੇਡੀਉ-ਟੀਵੀ ਉਨ੍ਹਾਂ ਦੇ ਵਿਚਾਰਾਂ ਨੂੰ ਅਕਸਰ 'ਲਾਈਵ' ਦਿਖਾਉਂਦੇ- ਸੁਣਾਉਂਦੇ ਰਹਿੰਦੇ ਸਨ। ਸਥਾਨਕ ਪੱਧਰ ਉੱਤੇ ਹੁੰਦੇ ਸੰਘਰਸ਼ਮਈ ਲੋਕ-ਘੋਲ਼ਾਂ ਵਿਚ ਵੀ ਉਹ ਸਰਗਰਮ ਹਿੱਸਾ ਲੈਂਦੇ ਸਨ। ਕਥਾ-ਵਿਚਾਰ ਜਾਂ ਵੈਸੇ ਭਾਸ਼ਣ ਕਰਦਿਆਂ ਉਹ ਕਿਸੇ ਵੱਡੇ ਤੋਂ ਵੱਡੇ ਆਗੂ ਦੀ ਵੀ ਪ੍ਰਵਾਹ ਨਹੀਂ ਸਨ ਕਰਦੇ ਸਗੋਂ ਬੜੀ ਬੇਬਾਕੀ ਨਾਲ਼ ਖਰੀਆਂ ਖਰੀਆਂ ਸੁਣਾ ਦਿੰਦੇ ਸਨ। ਆਪਣੇ ਪਿੰਡ ਵਿਚਲੇ ਹੋਰ ਕਈ ਸੁਧਾਰਾਂ ਦੇ ਨਾਲ਼ ਨਾਲ਼ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਵਿਚ ਲਾਇਬਰੇਰੀ ਕਾਇਮ ਕਰਨ ਸਦਕਾ ਉਨ੍ਹਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ! ਸਿੱਖ ਜਗਤ ਵਿਚ 'ਤੇਗ' ਤਖੱਲਸ ਵਾਲ਼ੀਆਂ ਸਿਰਫ ਦੋ ਹੀ ਸਖਸ਼ੀਅਤਾਂ ਹੋਈਆਂ ਹਨ, ਪਹਿਲੇ ਗਿਆਨੀ ਸੰਤ ਸਿੰਘ ਤੇਗ ਜੋ ਜੰਮੂ ਕਸ਼ਮੀਰ ਨਾਲ ਸਬੰਧਿਤ ਸਨ। ਦੂਜੇ ਇਹ ਨਵਾਂ ਸ਼ਹਿਰ ਜ਼ਿਲ੍ਹੇ ਦੇ ਗਿਆਨੀ ਹਰਬੰਸ ਸਿੰਘ ਤੇਗ। ਵਾਹਿਗੁਰੂ ਦੇ ਹੁਕਮ ਵਿਚ ਪੰਥਕ ਪਿੜ ਦੀਆਂ ਇਹ ਦੋਵੇਂ ਤੇਗਾਂ ਹੁਣ ਅਲੋਪ ਹੋ ਗਈਆਂ ! ਤੇਗ ਜੀ ਦੇ ਦੋ ਪੁਤਰਾਂ ਦੇ ਦੱਸਣ ਮੁਤਾਬਕ 10 ਜੁਲਾਈ ਦਿਨ ਬੁੱਧਵਾਰ ਨੂੰ ਭਾਰਟਾ ਖੁਰਦ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ।

# ਉਲੰਪੀਅਨ ਮਹਿੰਦਰ ਸਿੰਘ ਗਿੱਲ ਹੋਣਗੇ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ

## ਸੰਦੀਪ, ਪਾਲਾ, ਸੁਲਤਾਨ ਤੇ ਖੁਸ਼ੀ ਦਾ ਗਾਖ਼ਲ ਪਰਿਵਾਰ ਵਲੋਂ ਹੋਵੇਗਾ ਗੋਲਡ ਮੈਡਲਾਂ ਨਾਲ ਸਨਮਾਨ

**ਯੂਨੀਅਨ ਸਿਟੀ (ਬਿਓਰੋ) –**ਇੱਥੇ ਰਾਜਾ ਸਵੀਟਸ ਵਿਖੇ ਯੂਨੀਅਨ ਸਿਟੀ 'ਚ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕਬੱਡੀ ਦੇ ਨਾਮੀ ਖਿਡਾਰੀਆਂ ਦੀ ਸ਼ਮੂਲੀਅਤ, ਕੱਬਡੀ ਕੱਪ ਦੇ ਪ੍ਰਬੰਧਾਂ ਅਤੇ ਹੋਰ ਮਹੱਤਵਪੂਰਨ ਮਸਲਿਆਂ ਸਬੰਧੀ ਵਿਸਥਾਰ 'ਚ ਚਰਚਾ ਕੀਤਾ ਗਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਗਾਖ਼ਲ ਪਰਿਵਾਰ ਵਲੋਂ ਕਬੱਡੀ ਵਿਚ ਵੱਡਾ ਨਾਮਣਾ ਖੱਟਣ ਵਾਲੇ ਤੇ ਪਿਛਲੇ ਪਿਛਲੇ ਵਿਸ਼ਵ ਕਬੱਡੀ ਕੱਪਾਂ ਵਿਚ ਆਪਣੀ ਸ਼ਾਨਦਾਰ ਖੇਡ ਨਾਲ ਦਰਸ਼ਕਾਂ ਲਈ ਬੇਹੱਦ ਆਕਰਸ਼ਕ ਬਣੇ ਰਹੇ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਸੁਲਤਾਨ ਅਤੇ ਖੁਸ਼ੀ ਦੁੱਗਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।







ਗਾਖ਼ਲ ਪਰਿਵਾਰ ਵਲੋਂ ਸ. ਅਮੋਲਕ ਸਿੰਘ ਗਾਖ਼ਲ, ਇਕਬਾਲ ਸਿੰਘ ਗਾਖ਼ਲ ਅਤੇ ਪਲਵਿੰਦਰ ਸਿੰਘ ਗਾਖ਼ਲ ਨੇ ਕਿਹਾ ਕਿ ਉਹ ਆਪਣੇ ਸਪੋਰਟਸਮੈਨ ਰਹੇ ਪਿਤਾ ਸਵ. ਨਸੀਬ ਸਿੰਘ ਗਾਖ਼ਲ ਦੀ ਯਾਦ 'ਚ ਆਏ ਵਰ੍ਹੇ ਕਬੱਡੀ ਨੂੰ ਅੱਗੇ ਲੈ ਕੇ ਜਾਣ ਵਾਲੀਆਂ ਹਸਤੀਆਂ, ਸਾਬਕਾ ਖਿਡਾਰੀਆਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕਰਨ ਦੀ ਪ੍ਰੰਪਰਾ ਜਾਰੀ ਰੱਖ ਰਿਹਾ ਹੈ ਅਤੇ ਇਸੇ ਤਹਿਤ ਹੀ ਗਾਖਲ ਪਰਿਵਾਰ ਇਨ੍ਹਾਂ ਖਿਡਾਰੀਆਂ ਨੂੰ ਇਹ ਮਾਣ ਦੇ ਕੇ ਖੁਸ਼ੀ ਮਹਿਸੂਸ ਕਰੇਗਾ। ਕਲੱਬ ਨੇ ਬੜੇ ਮਾਣ ਨਾਲ ਐਲਾਨ ਕੀਤਾ ਕਿ ਸਾਬਕਾ ਓਲੰਪੀਅਨ ਤੇ ਰਿਕਾਰਡ ਹੋਲਡਰ ਦੌੜਾਕ ਮਹਿੰਦਰ ਸਿੰਘ ਗਿੱਲ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ ਹੋਣਗੇ।

ਇਸ ਮੀਟਿੰਗ ਵਿਚ ਹੁਣ ਤੱਕ ਦੀਆਂ ਤਿਆਰੀਆਂ ਦਾ ਨਿਰੀਖਣ ਵੀ ਕੀਤਾ ਗਿਆ ਤੇ ਦਰਸ਼ਕਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪ੍ਰਬੰਧਾਂ ਦਾ ਬਰੀਕੀ ਨਾਲ ਜਾਇਜ਼ਾ ਲਿਆ ਗਿਆ। ਪਿਛਲੇ ਸਾਲਾਂ ਵਾਂਗ ਹਜ਼ਾਰਾਂ ਦਰਸ਼ਕਾਂ ਲਈ ਰਾਜਾ ਸਵੀਟਸ ਵਲੋਂ ਚਾਹ ਪਕੌੜਿਆਂ ਦਾ ਲੰਗਰ ਅਤੇ ਗੁ-ਰੂਘਰ ਵਲੋਂ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ। ਕਲੱਬ ਵਲੋਂ ਸਮੂਹਿਕ ਤੌਰ 'ਤੇ ਖਿਡਾਰੀਆਂ ਨੂੰ ਡਰੱਗ ਦੇ ਲੱਗ ਰਹੇ ਦਾਗਾਂ ਨੂੰ ਧੋਣ ਅਤੇ ਮਾਂ ਖੇਡ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਡਰੱਗ ਫ੍ਰੀ ਇਹ 15ਵਾਂ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮ-ਰਪਿਤ ਹੋਵੇਗਾ ਜਿਸ ਵਿਚ ਉੱਘੀਆਂ ਸਖਸ਼ੀਅਤਾਂ ਹੀ ਸ਼ਾਮਲ ਨਹੀਂ ਹੋਣਗੀਆਂ ਸਗੋਂ ਧਾਰਮਿਕ ਖੇਤਰ ਦੀਆਂ ਅਹਿਮ ਹਸਤੀਆਂ ਨੂੰ ਵਿਸ਼ੇਸ਼ ਮਾਣ ਸਨਮਾਨ ਵੀ ਕੀਤਾ ਜਾਵੇਗਾ।

# ਜੱਲਿਆਂਵਾਲਾ ਬਾਗ਼ ਦੇ ਸਾਕਾ ਨੂੰ ਸਮਰਪਿਤ ਸੈਮੀਨਾਰ ਸਤੰਬਰ 7, 2019 ਨੂੰ



ਇਤਿਹਾਸਿਕ ਜਾਗ੍ਰਿਤੀ ਅਤੇ ਵਿਰਸੇ ਨਾਲ ਜੁੜੇ ਰੱਖਣ ਲਈ ਸਤੰਬਰ 7, 2019 ਨੂੰ ਗ਼ਦਰ ਲਹਿਰ ਨਾਲ ਸਬੰਧਤ ਅਤੇ ਜੱਲਿਆਂਵਾਲਾ ਬਾਗ਼ ਦੇ ਸਾਕਾ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਹਮੇਸ਼ਾਂ ਵਾਂਗ ਤੁਹਾਡੇ ਸਹਿਯੋਗ ਦੀ ਲੋੜ ਹੈ। ਆਪਣੇ ਪਰਿਵਾਰ ਤੇ ਪਰਿਵਾਰਿਕ ਦੋਸਤਾਂ ਨੂੰ ਨਾਲ ਲਿਆਵੋ।

**ਧੰਨਵਾਦ ਸਹਿਤ ਵਲੋਂ:-**
**ਇੰਡੋ-ਅਮੈਰੀਕਨ ਹੈਰੀਟੇਜ ਫ਼ਉਂਡੇਸ਼ਨ ਆਫ਼, ਨਿਉਯਾਰਕ।**
**ਵੇਰਵੇ ਲਈ ਫ਼ੋਨ ਕਰੋ ਜੀ:-**
**ਮਨਮੋਹਨ ਪੂੰਨੀ 347-753-5940**
**ਸਵਰਨ ਸਿੰਘ ਸਲੈਚ 917-224-3645**




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



A & S
Auto Repair & Services

ਕਿਰਨਦੀਪ ਕੌਰ ਸਪੁੱਤਰੀ ਸ: ਗੁਰਪ੍ਰੀਤ ਸਿੰਘ
ਮਹਿਦੂਦਾਂ, ਗੁਰਿੰਦਰ ਕੌਰ ਮਹਿਦੂਦਾਂ
ਲੁਧਿਆਣਾ ਪੰਜਾਬ

Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸੰਘਾ ਪਰਿਵਾਰ ਨੂੰ ਸਦਮਾ



ਇਹ ਖਬਰ ਬੜੇ ਦੁੱਖ ਅਤੇ ਸਦਮੇ ਨਾਲ ਪੜ੍ਹੀ ਜਾਵੇਗੀ ਕਿ ਬੀਬੀ ਤਰਸੇਮ ਕੌਰ ਪਤਨੀ ਸਵਰਗੀ ਹਰਪਾਲ ਸਿੰਘ ਸੰਘਾ ਜੋ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਆਗੂ ਸਨ। 6 ਜੁਲਾਈ ਦਿਨ ਸਨਿਚਰਵਾਰ ਨੂੰ ਯੂਬਾ ਸਿਟੀ ਵਿਚ ਇਸ ਫਾਨੀ ਸੰਸਾਰ ਨੂੰ ਅਚਾਨਕ ਸਦਾ-ਸਦਾ ਲਈ ਛੱਡ ਗਏ ਹਨ।

ਉਹ ਆਪਣੇ ਪਿੱਛੇ 2 ਪੁੱਤਰ ਰੁਪਿੰਦਰ ਸਿੰਘ ਸੰਘਾ ਅਤੇ ਹਰਵਿੰਦਰ ਸਿੰਘ ਸੰਘਾ, ਨੂੰਹ ਸੰਨਦੀਪ ਸੰਘਾ, ਪ੍ਰਵਿੰਦਰ ਸੰਘਾ, ਦੋ ਪੋਤੇ ਚਾਰ ਪੋਤੀਆਂ ਨਾਲ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਤਰਸੇਮ ਕੌਰ ਦਾ ਪੇਕਾ ਪਿੰਡ ਗੋਬਿੰਦਪੁਰ ਸੀ ਅਤੇ ਉਹਨਾਂ ਦਾ ਵਿਆਹ ਸ. ਹਰਪਾਲ ਸਿੰਘ ਸੰਘਾ ਨਾਲ ਪਿੰਡ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਇਆ ਸੀ। ਬੀਬੀ ਤਰਸੇਮ ਕੌਰ ਜੀ 70 ਵਰ੍ਹਿਆਂ ਦੇ ਸਨ। ਸਮੁੱਚੀ ਇੰਡੋ ਅਮਰੀਕਨ ਕਲਚਰਲ ਆਰਗ਼ੇਨਾਈਜ਼ੇਸ਼ਨ ਇਸ ਦੁੱਖ ਦੀ ਘੜੀ ਵਿਚ ਉਹਨਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ। ਬੀਬੀ ਜੀ ਦਾ ਅੰਤਿਮ ਸਸਕਾਰ ਯੂਬਾ ਸਿਟੀ ਵਿਚ 817 ਐਲਮੰਡ ਸਟ੍ਰੀਟ ਯੂਬਾ ਸਿਟੀ 95991 (ਫੋਨ 530-673-9543) ਸ਼ਮਸ਼ਾਨ ਘਾਟ ਵਿਚ 11 ਵਜੇ ਤੋਂ 1 ਵਜੇ ਤੱਕ ਹੋਵੇਗਾ। 13 ਜੁਲਾਈ ਦਿਨ ਸਨਿਚਰਵਾਰ ਨੂੰ 11 ਵਜੇ ਤੋਂ 1 ਵਜੇ ਤੱਕ ਅੰਤਮ ਅਰਦਾਸ ਸਿੰਘ ਟੈਂਪਲ ਟਾਇਰਾ ਬੁਇਨਾ ਯੂਬਾ ਸਿਟੀ ਵਿਖੇ ਹੋਵੇਗੀ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ ਰੁਪਿੰਦਰ ਸਿੰਘ 530-682-7810 ਜਾਂ ਸੰਨਦੀਪ ਕੌਰ 530-923-1555**

# ਜੀ.ਐਚ.ਜੀ.ਅਕੈਡਮੀ ਫਰਿਜ਼ਨੋ ਵੱਲੋਂ ਸਾਲਾਨਾ ਕੈਂਪ ਬਹੁਤ ਹੀ ਧੂਮ-ਧੜੱਕੇ ਨਾਲ ਸ਼ੁਰੂ



**ਫਰਿਜ਼ਨੋ-** ਜੀ. ਐਚ. ਜੀ. ਅਕੈਡਮੀ ਵੱਲੋਂ ਗਿਆਰਵਾਂ ਸਾਲਾਨਾ ਕੈਂਪ ਬਹੁਤ ਹੀ ਜ਼ੋਰ-ਸ਼ੋਰ ਅਤੇ ਉਤਸ਼ਾਹ ਨਾਲ ਬੱਚਿਆਂ ਦੀ ਵੱਡੀ ਗਿਣਤੀ ਨਾਲ 5 ਜੁਲਾਈ ਤੋਂ ਸ਼ੁਰੂ ਹੋ ਗਿਆ ਹੈ। ਮਾਪਿਆਂ ਅਤੇ ਬੱਚਿਆਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਤਕਰੀਬਨ 800 ਬੱਚੇ ਜੀ. ਐਚ. ਜੀ. ਅਕੈਡਮੀ ਦੇ ਯੂਥ ਵਿੰਗ ਦੇ ਕਰੀਬ 60 ਕੋਚਾਂ ਦੇ ਕਾਫਲੇ ਦੀ ਦੇਖ-ਰੇਖ ਹੇਠ ਸਿੱਖਿਆ ਪ੍ਰਾਪਤ ਕਰ ਰਹੇ ਹਨ। ਜੀ. ਐਚ. ਜੀ. ਅਕੈਡਮੀ ਦਾ ਇੱਥੋਂ ਦੀ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਵਾਕਫ ਕਰੀ ਰੱਖਣ ਲਈ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਹਰ ਵਰ੍ਹੇ ਹਜ਼ਾਰਾਂ ਹੀ ਬੱਚੇ ਆਪਣੀ ਮਾਂ-ਬੋਲੀ ਨਾਲ ਜੁੜ ਰਹੇ ਹਨ। ਉਮਰ ਅਤੇ ਤਜਰਬੇ ਦੇ ਆਧਾਰ ਤੇ ਤਕਰੀਬਨ ਬੱਚਿਆਂ ਦੇ 40 ਗਰੁੱਪ ਬਣਾਏ ਗਏ ਹਨ। ਇਹ ਸਿੱਖਿਆ ਪ੍ਰਾਪਤ ਬੱਚੇ 20 ਜੁਲਾਈ ਨੂੰ ਸੈਂਟਰਲ ਹਾਈ ਸਕੂਲ ਵਿਖੇ ਹੋਣ ਵਾਲੇ ਜੀ. ਐਚ. ਜੀ. ਅੰਤਰ ਰਾਸ਼ਟਰੀ ਫੈਸਟੀਵਲ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

ਇਸਦੇ ਨਾਲ ਹੀ ਇੰਟਰਨੈਸ਼ਨਲ ਭੰਗੜਾ ਕੰਪੀਟੀਸ਼ਨ ਦੇ ਵਿਚ ਬਹੁਤ ਹੀ ਚੋਟੀ ਦੀਆਂ ਟੀਮਾਂ ਸ਼ਿਰਕਤ ਕਰਨਗੀਆਂ। ਸਮੂਹ ਪੰਜਾਬੀ ਭਾਈਚਾਰੇ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ 20 ਜੁਲਾਈ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਇਹਨਾਂ ਬੱਚਿਆਂ ਨੂੰ ਆਸ਼ੀਰਵਾਦ ਦਿਓ। 19 ਤਾਰੀਖ ਤੱਕ ਤੁਸੀਂ ਪੰਜਾਬੀ ਸਕੂਲ ਦੀਆਂ ਗਰਾਊਂਡਾਂ ਵਿਚ ਚੱਲ ਰਹੇ ਕੈਂਪ ਦੌਰਾਨ ਪਹੁੰਚ ਕੇ ਬੱਚਿਆਂ ਨੂੰ ਕਲਾ ਦੀਆਂ ਬਰੀਕੀਆਂ ਤੋਂ ਜਾਣੂ ਹੁੰਦੇ ਵੇਖ ਸਕਦੇ ਹੋ। ਹਰ ਰੋਜ਼ ਸ਼ਾਮੀ 5 ਵਜੇ ਤੋਂ 8 ਵਜੇ ਤੱਕ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ। ਵਰਣਨਯੋਗ ਹੈ ਕਿ ਇਹ ਅਕੈਡਮੀ ਗੈਰ ਮੁਨਾਫ਼ਾ ਸੰਸਥਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਆਪਣੇ ਬੱਚਿਆਂ ਨੂੰ ਸਭਿਆਚਾਰ ਅਤੇ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਸਿਰ ਤੋੜ ਯਤਨ ਕਰ ਰਹੀ ਹੈ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਪਰਮਜੀਤ ਸਿੰਘ ਧਾਲੀਵਾਲ 559-351-9465, ਉਦੇਦੀਪ ਸਿੱਧੂ 559-333-4065 ਜਾਂ ਸ਼ਗਨਦੀਪ ਵੜੈਚ 557-362-7661

# ਕਰਨਾਟਕ ਸਰਕਾਰ ਦਾ ਸੰਕਟ- ਗੱਠਜੋੜ ਦੇ ਸਾਰੇ ਮੰਤਰੀਆਂ ਵੱਲੋਂ ਅਸਤੀਫ਼ੇ

ਬੰਗਲੌਰ- ਕਰਨਾਟਕ ਦੀ 13 ਮਹੀਨੇ ਪਹਿਲਾਂ ਹੋਂਦ 'ਚ ਆਈ ਤੇ ਮੌਜੂਦਾ ਸਮੇਂ ਸਿਆਸੀ ਸੰਕਟ ਵਿਚ ਘਿਰੀ ਕਾਂਗਰਸ-ਜੇਡੀ (ਐੱਸ) ਗੱਠਜੋੜ ਸਰਕਾਰ ਨੂੰ ਬਚਾਉਣ ਦੇ ਆਖ਼ਰੀ ਹੰਭਲੇ ਤਹਿਤ ਅੱਜ ਕਾਂਗਰਸ ਤੇ ਜੇਡੀ (ਐੱਸ) ਦੇ ਸਾਰੇ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ ਹਨ ਤਾਂ ਕਿ ਕੈਬਨਿਟ ਦਾ ਪੁਨਰਗਠਨ ਕਰ ਕੇ ਬਾਗ਼ੀ ਵਿਧਾਇਕਾਂ ਲਈ ਥਾਂ ਬਣਾਈ ਜਾ ਸਕੇ।

ਜ਼ਿਕਰਯੋਗ ਹੈ ਕਿ ਦਰਜਨ ਤੋਂ ਵੱਧ ਵਿਧਾਇਕਾਂ ਨੇ ਸਰਕਾਰ ਨਾਲ ਨਾਰਾਜ਼ਗੀ ਜਤਾਉਂਦਿਆਂ ਕੁਝ ਦਿਨ ਪਹਿਲਾਂ ਅਸਤੀਫ਼ੇ ਦੇ ਦਿੱਤੇ ਸਨ। ਕਾਂਗਰਸ ਦਾ ਕਹਿਣਾ ਹੈ ਕਿ ਮੰਤਰੀਆਂ ਨੇ ਮਰਜ਼ੀ ਨਾਲ ਅਸਤੀਫ਼ੇ ਦਿੱਤੇ ਹਨ।

ਕਾਂਗਰਸ ਦੇ ਸਾਰੇ 21 ਤੇ ਜੇਡੀ(ਐੱਸ) ਦੇ ਸਾਰੇ ਨੌਂ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ ਹਨ। ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ ਦੇ ਦਫ਼ਤਰ ਨੇ ਵੀ ਇਹੀ ਕਿਹਾ ਹੈ ਕਿ ਅਸਤੀਫ਼ੇ ਕੈਬਨਿਟ ਪੁਨਰਗਠਨ ਲਈ ਰਾਹ ਪੱਧਰਾ ਕਰਨ ਲਈ ਦਿੱਤੇ ਗਏ ਹਨ। ਦਫ਼ਤਰ ਮੁਤਾਬਕ ਕੈਬਨਿਟ ਦਾ ਪੁਨਰਗਠਨ ਛੇਤੀ ਕੀਤਾ ਜਾਵੇਗਾ। ਇਸ ਸਬੰਧੀ ਫ਼ੈਸਲਾ ਡਿਪਟੀ ਮੁੱਖ ਮੰਤਰੀ ਜੀ. ਪਰਮੇਸ਼ਵਰ ਦੀ ਰਿਹਾਇਸ਼ 'ਤੇ ਕਾਂਗਰਸੀਆਂ ਮੰਤਰੀਆਂ ਦੀ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੌਕੇ ਕਾਂਗਰਸ ਵਿਧਾਇਕ ਦਲ ਦੇ ਆਗੂ ਸਿੱਧਾਰਮਈਆ ਤੇ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵੀ ਹਾਜ਼ਰ ਸਨ।

ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ ਨੇ ਮੀਟਿੰਗ ਤੋਂ ਬਾਅਦ ਕਾਂਗਰਸੀ ਆਗੂਆਂ ਨਾਲ ਮੀਟਿੰਗ ਕੀਤੀ। ਵੇਣੂਗੋਪਾਲ ਨੇ ਕਿਹਾ ਕਿ ਪਾਰਟੀ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸੀਨੀਅਰ ਆਗੂਆਂ ਤੇ ਮੰਤਰੀਆਂ ਨਾਲ ਲੰਮੀ ਵਿਚਾਰ-ਚਰਚਾ ਤੋਂ ਬਾਅਦ ਸਵੇਰੇ ਉਹ ਮੰਤਰੀਆਂ ਨੂੰ ਮਿਲੇ।

ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਮੰਤਰੀਆਂ ਨੇ ਖ਼ੁਦ ਹੀ ਅਸਤੀਫ਼ੇ ਸੌਂਪ ਦਿੱਤੇ। ਉਨ੍ਹਾਂ ਕਿਹਾ ਕਿ ਸੂਬਾ ਮੰਤਰੀਆਂ ਨੇ ਕੈਬਨਿਟ ਦੇ ਪੁਨਰਗਠਨ ਬਾਰੇ ਕੋਈ ਵੀ ਫ਼ੈਸਲਾ ਲੈਣ ਦਾ ਹੱਕ ਪਾਰਟੀ ਨੂੰ ਦੇ ਦਿੱਤਾ ਹੈ ਤਾਂ ਕਿ ਸੰਕਟ ਦਾ ਹੱਲ ਕੱਢਿਆ ਜਾ ਸਕੇ।

ਸਿੱਧਾਰਮਈਆ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ। ਵੇਣੂਗੋਪਾਲ ਨੇ ਕਿਹਾ ਕਿ ਪਾਰਟੀ ਅਸਤੀਫ਼ਾ ਦੇ ਗਏ ਵਿਧਾਇਕਾਂ ਨਾਲ ਸਾਰੇ ਮੁੱਦਿਆਂ 'ਤੇ ਗੱਲਬਾਤ ਲਈ ਤਿਆਰ ਹੈ।

ਅਸਤੀਫ਼ਾ ਦੇਣ ਵਾਲੇ ਕਾਂਗਰਸ ਦੇ ਦਸ, ਜੇਡੀ(ਐੱਸ) ਦੇ ਦੋ ਅਤੇ ਦੋ ਆਜ਼ਾਦ ਵਿਧਾਇਕ ਮੁੰਬਈ ਤੋਂ ਗੋਆ ਪੁੱਜ ਗਏ ਹਨ।


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables




New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
530-671-0439, Fax 530-822-0439 Cell- 530-844-3250



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar 510-755-2132
Harmandeep Singh

# ਅਮਰੀਕਾ ਨੇ ਨੀਦਰਲੈਂਡ ਨੂੰ 2-0 ਨਾਲ ਹਰਾ ਕੇ ਵਿਸ਼ਵ ਕੱਪ ਜਿੱਤਿਆ, ਟਰੰਪ ਨੇ ਮਹਿਲਾ ਟੀਮ ਨੂੰ ਦਿੱਤੀ ਵਧਾਈ

**ਨਿਊਯਾਰਕ–** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੀਫਾ ਮਹਿਲਾ ਵਿਸ਼ਵ ਕੱਪ ਦਾ ਖ਼ਿਤਾਬ ਜਿੱਤਣ ਵਾਲੀ ਅਮਰੀਕੀ ਟੀਮ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਹ ਜਲਦੀ ਹੀ ਟੀਮ ਨੂੰ ਵ੍ਹਾਈਟ ਹਾਊਸ ਵਿਚ ਆਉਣ ਦਾ ਸੱਦਾ ਦੇਣਗੇ। ਟਰੰਪ ਨੇ ਟਵਿੱਟਰ ’ਤੇ ਲਿਖਿਆ ਕਿ ਅਮਰੀਕਾ ਦੀ ਮਹਿਲਾ ਫੁੱਟਬਾਲ ਟੀਮ ਨੂੰ ਵਿਸ਼ਵ ਕੱਪ ਜਿੱਤਣ ’ਤੇ ਵਧਾਈ। ਬਿਹਤਰੀਨ ਤੇ ਰੋਮਾਂਚਕ ਖੇਡ। ਅਮਰੀਕਾ ਨੂੰ ਤੁਹਾਡੇ ਸਾਰਿਆਂ ’ਤੇ ਮਾਣ ਹੈ। ਟਰੰਪ ਨੇ ਇਸ ਤੋਂ ਪਹਿਲਾਂ ਵੀ ਮਹਿਲਾ ਟੀਮ ਨੂੰ ਵ੍ਹਾਈਟ ਹਾਊਸ ’ਚ ਆਉਣ ਦਾ ਸੱਦਾ ਦੇਣ ਦੀ ਗੱਲ ਕਹੀ ਸੀ ਜਿਸ ਨੂੰ ਅਮਰੀਕੀ ਫੁੱਟਬਾਲਰ ਸਟਾਰ ਮੇਗਾਨ ਰੇਪੀਨੋ ਨੇ ਆਪਣੀ ਤਿੱਖੀ ਪ੍ਰਤੀਕਿਰਿਆ ਦੇ ਕੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਤਦ ਟਰੰਪ ਨੇ ਕਈ ਸੁਨੇਹਿਆਂ ਰਾਹੀਂ ਰੇਪੀਨੋ ਖ਼ਿਲਾਫ਼ ਆਪਣਾ ਗੁੱਸਾ ਜ਼ਾਹਿਰ ਕੀਤਾ ਸੀ। ਅਮਰੀਕਾ ਨੇ



ਨੀਦਰਲੈਂਡ ਨੂੰ 2-0 ਨਾਲ ਹਰਾ ਕੇ ਵਿਸ਼ਵ ਕੱਪ ਆਪਣੇ ਨਾਂ ਕੀਤਾ ਸੀ।

ਐਲੇਕਸ ਮਾਰਗਨ ਦੇ ਫ਼ੈਸਲਾਕੁਨ ਗੋਲ ਤੇ ਗੋਲਕੀਪਰ ਲਿਸਾ ਨਾਹੇਰ ਦੇ ਸ਼ਾਨਦਾਰ ਬਚਾਅ ਦੀ ਮਦਦ ਨਾਲ ਪਿਛਲੀ ਵਾਰ ਦੀ ਚੈਂਪੀਅਨ ਅਮਰੀਕਾ ਦੀ ਟੀਮ ਨੇ ਇੰਗਲੈਂਡ ਨੂੰ 2-1 ਨਾਲ ਹਰਾ ਕੇ ਫੀਫਾ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਆਪਣੇ 30ਵੇਂ ਜਨਮ ਦਿਨ ਦੇ ਮੌਕੇ ’ਤੇ ਸੈਮੀਫਾਈਨਲ ਵਿਚ ਅਮਰੀਕਾ ਦੀ ਕਪਤਾਨ ਮਾਰਗਨ ਨੇ ਹੈਡਰ ਰਾਹੀਂ ਵਿਸ਼ਵ ਕੱਪ ਦਾ ਕੁੱਲ ਛੇਵਾਂ ਤੇ ਫ਼ੈਸਲਾਕੁਨ ਗੋਲ ਕੀਤਾ। ਇਸ ਤੋਂ ਪਹਿਲਾਂ ਅਮਰੀਕਾ ਨੂੰ ਕ੍ਰਿਸਟੀਅਨ ਪ੍ਰੇਸ ਨੇ ਗੋਲ ਕਰ ਕੇ ਸ਼ੁਰੂਆਤੀ ਬੜ੍ਹਤ ਦਿਵਾਈ ਸੀ ਪਰ 10 ਮਿੰਟ ਬਾਅਦ ਹੀ ਏਲੇਨ ਵ੍ਹਾਈਟ ਨੇ ਗੋਲ ਕਰ ਕੇ ਇੰਗਲੈਂਡ ਨੂੰ ਬਰਾਬਰੀ ’ਤੇ ਲਿਆ ਖੜ੍ਹਾ ਕੀਤਾ।

# ਮੰਜਲ ਵੱਲ ਵਧਦੇ ਸਫ਼ਲ ਕਦਮ- ਅਮਰਦੀਪ ਕੌਰ



ਪ੍ਰੀਤਮ ਲੁਧਿਆਣਵੀ
+91-9876428641

ਪੰਜਾਬ ਦੇ ਜਿਲਾ ਜਲੰਧਰ ਦੇ ਪਿੰਡ ਦਕੋਹਾ ਦੀ ਜੰਮ-ਪਲ ਅਮਰਦੀਪ ਕੌਰ ਦੇ ਪਿਤਾ ਸ. ਹਿੰਮਤ ਸਿੰਘ ਜੀ ਰੇਲਵੇ ਵਿੱਚ ਨੌਕਰੀ ਕਰਦੇ ਸਨ ਤੇ ਮਾਤਾ ਸ੍ਰੀਮਤੀ ਹਰਮਿੰਦਰ ਕੌਰ ਜੀ ਘਰੇਲੂ ਔਰਤ ਸਨ। ਆਪਣੇ ਲਿਖਣ ਦੇ ਸਫ਼ਰ ਦੀ ਗੱਲ ਕਰਦਿਆਂ ਉਹ ਦੱਸਦੀ ਹੈ ਕਿ ਉਸ ਦਾ ਇਹ ਸਫ਼ਰ ਗੋਰਮਿੰਟ ਪੋਲੀਟੈਕਨਿਕ ਜਲੰਧਰ ਵਿਖੇ ਆਫ਼ਿਸ ਮੈਨੇਜਮੈਂਟ ਦਾ ਡਿਪਲੋਮਾ ਕਰਦਿਆਂ ਸ਼ੁਰੂ ਹੋਇਆ। ਉੱਥੋਂ ਦੇ ਇੱਕ ਲੋਕਲ ਮੈਗ਼ਜ਼ੀਨ ਨੇ ’ਮੇਰੇ ਜੀਵਨ ਦਾ ਉਦੇਸ਼’ ਵਿਸ਼ੇ ਉੱਪਰ ਕਾਲਜ ਦੇ ਵਿਦਿਆਰਥੀਆਂ ਤੋਂ ਆਰਟੀਕਲ ਮੰਗੇ ਸਨ। ਜਿਸ ਵਿੱਚ ਉਸ ਦਾ ਆਰਟੀਕਲ ਵੀ (ਸਮੇਤ ਫੋਟੋ) ਛਾਪਿਆ ਗਿਆ ਸੀ। ਇਸ ਤਰਾਂ ਉਸ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਹ ਵੀ ਲਿਖ ਸਕਦੀ ਹੈ। ਅਮਰਦੀਪ ਕਵਿਤਾਵਾਂ ਦੇ ਨਾਲ-ਨਾਲ ਕਹਾਣੀਆਂ ਤੇ ਲੇਖ ਵੀ ਲਿਖਦੀ ਹੈ। ਉਸ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਵੱਖ-ਵੱਖ ਅਖਬਾਰਾਂ ਤੇ ਮੈਗਜੀਨਾਂ ਦਾ ਸ਼ਿੰਗਾਰ ਬਣਦੇ ਆ ਰਹੇ ਹਨ। ਹਾਇਕੂ ਵਿਸ਼ੇ ਤੇ ਉਸ ਦੀਆਂ ਦੋ ਸਾਂਝੀਆਂ ਕਿਤਾਬਾਂ ’ਸੰਦਲੀ ਪੈੜਾਂ’ ਅਤੇ ’ਪੰਜਾਬੀ ਹਾਇਕੂ ਰਿਸ਼ਮਾਂ’ (ਸੰਪਾਦਕ ਪਰਮਜੀਤ ਸਿੰਘ ਰਾਮਗੜੀਆ) ਛਪ ਚੁੱਕੀਆਂ ਹਨ। ਇੱਕ ਤਾਂਕਾ ਵਿਸ਼ੇ ਤੇ ’ਇੱਕੋ ਰਾਹ ਦੇ ਪਾਂਧੀ’ (ਸਾਂਝੀ ਪੁਸਤਕ) ਵੀ ਛਪਣ ਅਧੀਨ ਹੈ। ਇਸਤੋਂ ਇਲਾਵਾ ਉਸ ਦੀਆਂ ਰਚਨਾਵਾਂ ਹੁਣ ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ



ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ ਰਜਿ; ਦੇ ਕਾਵਿ-ਸੰਗ੍ਰਹਿ ਵਿੱਚ ਵੀ ਛਪ ਰਹੀਆਂ ਹਨ।

ਇਸ ਸਫ਼ਰ ਦੇ ਵਧਦੇ ਕਦਮਾਂ ਦੀ ਗੱਲ ਕਰਦਿਆਂ ਉਹ ਦੱਸਦੀ ਹੈ ਕਿ ਆਮ ਸਟੇਜਾਂ ਤੋ ਇਲਾਵਾ 20 ਅਕਤੂਬਰ 2015 ਨੂੰ ਪੰਜਾਬੀ ਸੂਬੇ ਦੀ ਮਨਾਈ ਗਈ 50-ਵੀਂ ਵਰੇ-ਗੰਢ ਦੇ ਮੌਕੇ ਤੇ ਉਸ ਨੇ ਬਤੌਰ ਐਂਕਰ ਕੰਮ ਕੀਤਾ ਸੀ। ਇਸ ਮੌਕੇ ਸੁਖਬੀਰ ਸਿੰਘ ਬਾਦਲ ਜੀ ਮੁੱਖ ਮਹਿਮਾਨ ਵਜੋਂ ਆਏ ਸਨ। ਉਸ ਅੱਗੇ ਕਿਹਾ, ’ਬਾਕੀ ਸੰਘਰਸ਼ ਅਜੇ ਜਾਰੀ ਹੈ। ਬਿਨਾਂ ਸ਼ੱਕ ਬਹੁਤ ਸਾਰੇ ਲੋਕ ਇਸ ਖੇਤਰ ਵਿੱਚ ਹੱਥ ਫੜ ਕੇ ਉਸ ਨੂੰ ਅੱਗੇ ਵਧਾਉਂਦੇ ਰਹੇ ਹਨ ਜਿਨਾਂ ਵਿੱਚ ਸ. ਹਰੀ ਸਿੰਘ ਜਾਚਕ, ਜਸਵਿੰਦਰ ਸਿੰਘ ਰੂਪਾਲ ਅਤੇ ਪਰਮਜੀਤ ਸਿੰਘ ਰਾਮਗੜੀਆ ਜੀ ਪ੍ਰਮੁੱਖ ਹਨ।’

ਮੁਲਾਕਾਤ ਦੌਰਾਨ ਇਕ ਸਵਾਲ ਦਾ ਜੁਵਾਬ ਦਿੰਦਿਆਂ ਬੀਬੀ ਅਮਰਦੀਪ ਕੌਰ ਨੇ ਕਿਹਾ, ’ਮੈਂ ਐਮ. ਏ. ਬੀ. ਐਡ ਦੇ ਨਾਲ-ਨਾਲ ਆਫ਼ਿਸ ਮੈਨੇਜਮੈਂਟ ਦਾ ਡਿਪਲੋਮਾ ਵੀ ਕੀਤਾ ਹੋਇਆ ਹੈ ਤੇ ਅੱਜ-ਕੱਲ ਮੈਂ ਬਾਲ ਭਾਰਤੀ ਪਬਲਿਕ ਸਕੂਲ (ਸੀ. ਬੀ. ਐਸ. ਈ.) ਵਿੱਚ ਬਤੌਰ ਪੰਜਾਬੀ ਅਧਿਆਪਕਾ (ਮੁਖੀ ਪੰਜਾਬੀ ਵਿਭਾਗ) ਭੂਮਿਕਾ ਨਿਭਾਅ ਰਹੀ ਹਾਂ। ਮੈਂ ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਹੁੰਦੇ ਕਵਿਤਾ, ਭਾਸ਼ਣ, ਮਾਈਮ ਤੇ ਸਕਿੱਟ ਆਦਿ ਦੇ ਮੁਕਾਬਲਿਆਂ ਦੀ ਵੀ ਤਿਆਰੀ ਕਰਵਾਉਂਦੀ ਹਾਂ।’

ਆਪਣੇ ਜੀਵਨ-ਸਾਥੀ ਸ. ਰਾਜਿੰਦਰ ਸਿੰਘ ਅਤੇ ਆਪਣੇ ਲਾਡਲੇ ਫੁੱਲ ਸਹਿਜਬੀਰ ਸਿੰਘ ਤੇ ਅਰਸ਼ਦੀਪ ਕੌਰ ਨਾਲ ਲੁਧਿਆਣਾ ਸ਼ਹਿਰ ਵਿਚ ਸੁੱਖਾਂ ਭਰਿਆ ਜੀਵਨ ਗੁਜਾਰ ਰਹੀ ਅਮਰਦੀਪ ਨੇ ਮਾਣ-ਸਨਮਾਨ ਖੇਤਰ ਦੀ ਗੱਲ ਕਰਦਿਆਂ ਕਿਹਾ, ’ਮਾਣ-ਸਨਮਾਨ ਤਾਂ ਮਿਲਦੇ ਰਹਿੰਦੇ ਨੇ। ਪਰਮਾਤਮਾ ਦੀ ਬਹੁਤ ਕਿਰਪਾ ਹੈ।

ਪਰ ਸੁਪਨੇ ਵੀ ਬੜੇ ਉੱਚੇ ਨੇ। ਮਿਹਨਤ ਤੋਂ ਮੈਂ ਕਦੇ ਨਹੀਂ ਡਰਦੀ, ਦੋਗਲੇ ਲੋਕਾਂ ਤੋਂ ਬਹੁਤ ਨਫ਼ਰਤ ਹੈ। ਸ਼ਾਲਾ ਇੱਕ ਦਿਨ ਸੁਪਨੇ ਜ਼ਰੂਰ ਪੂਰੇ ਹੋਣਗੇ ਤੇ ਮੰਜ਼ਿਲ ਤੇ ਪਹੁੰਚ ਹੀ ਜਾਵਾਂਗੀ।’

ਸਾਹਿਤਕ ਤੇ ਸੱਭਿਆਚਾਰਕ ਖੇਤਰ ਵਿਚ ਸੰਘਰਸ਼-ਸ਼ੀਲ ਇਸ ਮੁਟਿਆਰ ਦੇ ਸੰਘਰਸ਼ ਨੂੰ ਭਰਵਾਂ ਬੂਰ ਪਵੇ !ਰੱਬ ਕਰੇ! ਉਹ ਸੁਪਨਿਆਂ ਦੀ ਮੰਜਲ ਦੇ ਉਪਰਲੇ ਡੰਡੇ ਨੂੰ ਜਾ ਛੋਹੇ ! ਉਹ ਮਾਣ-ਮੱਤੀ ਸਵੇਰ ਜਲਦੀ ਆਵੇ !

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

ਸੂਰਜ ਕਿਰਣਿ ਮਿਲੇ, ਜਲ ਕਾ ਜੁਲ ਹੁਆ ਰਾਮ ॥ ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ

# ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ
# ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਮਹਾਰਾਜ ਜੀ
# ਬ੍ਰਹਮਲੀਨ 108 ਸੰਤ ਬੀਬੀ ਜਵਾਲੀ ਰਾਮ ਮਹਾਰਾਜ ਜੀ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ
ਪੂਜਯ ਗੁਰੂਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ
**ਸ਼੍ਰੀਮਾਨ 108 ਸੰਤ ਬਾਬਾ ਅਮਰਦਾਸ ਮਹਾਰਾਜ ਜੀ ਦੀ 10ਵੀਂ ਬਰਸੀ**
ਮਿਤੀ 17 ਜੁਲਾਈ 2019 ਦਿਨ ਬੁੱਧਵਾਰ ਨੂੰ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋ, (ਹੁਸ਼ਿਆਰਪੁਰ)
ਵਿਖੇ ਮਨਾਈ ਜਾ ਰਹੀ ਹੈ। ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

## ਪ੍ਰੋਗਰਾਮ

ਦਿਨ ਸੋਮਵਾਰ 15 ਜੁਲਾਈ 2019
ਆਰੰਭ ਸ੍ਰੀ ਅਖੰਡ ਪਾਠ 10 ਵਜੇ ਤੱਕ
ਗੁਰਬਾਣੀ ਕੀਰਤਨ 10 ਤੋਂ 12 ਵਜੇ ਤੱਕ
ਮਹਾਂਪੁਰਸ਼ਾਂ ਦੇ ਪ੍ਰਵਚਨ 12 ਤੋਂ 2 ਵਜੇ ਤੱਕ
ਪੰਡਾਲ ਦੀ ਸਮਾਪਤੀ 2 ਵਜੇ ਦੁਪਹਿਰ

## ਦਰਸ਼ਨ ਅਭਿਲਾਸ਼ੀ

ਸ਼੍ਰੀਮਾਨ 108 ਸੰਤ ਰਾਮ ਕ੍ਰਿਸ਼ਨ ਜੀ, ਸ਼੍ਰੀਮਾਨ 108 ਸੰਤ ਚਰਨ ਦਾਸ ਜੀ
ਪ੍ਰਧਾਨ ਸ਼੍ਰੀਮਾਨ 108 ਸੰਤ ਨਿਰਮਲ ਦਾਸ ਜੀ, ਸ਼੍ਰੀਮਤੀ 108 ਸੰਤ ਬੀਬੀ ਨੰਤੀ ਦੇਵੀ ਜੀ
ਸੰਗਤ ਦੇ ਦਾਸ ਸ਼੍ਰੀਮਾਨ 108 ਸੰਤ ਰਮੇਸ਼ ਦਾਸ ਜੀ ਅਤੇ ਸਮੂਹ ਸੰਗਤ ਡੇਰਾ ਬਾਬਾ ਕੱਲਰਾਂ
ਪਿੰਡ ਸ਼ੇਰਪੁਰ ਢੱਕੋ, ਡਾਕਖਾਨਾ ਬਾਹੋਵਾਲ (ਹੁਸ਼ਿਆਰਪੁਰ)
ਫੋਨ 01884-243355, 98726-69445, 94634- 71795

ਗੁਰੂ ਕਾ ਲੰਗਰ ਅਤੁੱਟ ਵਰਤੇਗਾ


# SUNSHINE AUTO CARE INC.
DBA
# PHILLIPS AUTO CARE

## Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੌਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਸਾਬਕਾ ਐਮ.ਐਲ.ਏ.ਸ.ਮੋਹਣ ਸਿੰਘ ਬੰਗਾ ਦਾ ਸੈਕਰਾਮੈਂਟੋ 'ਚ ਨਿੱਘਾ ਸਵਾਗਤ











ਤਸਵੀਰਾਂ ਅਤੇ ਵੇਰਵਾ
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





















# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

**530-824-5134**

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:

**650-642-0697**

## 3525 Highway 99, West Corning, CA 96021

Across the Street from TA Truck Stop

# TANDOOR

Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

**We are open seven days 11 AM to 10 PM**

Desi Root.Org Presents :-

# PITTSBURG'S 5TH ANNUAL

# Teeyan Da Mela

## 27 ਜੁਲਾਈ 2019 ਦਿਨ ਸ਼ਨਿਚਰਵਾਰ

### at Martin Luther King JR High School 2012 Carion Ct Pittsburg CA 94565



ਪੰਜਾਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਆਂ ਦਾ ਮੇਲਾ 27 ਜੁਲਾਈ 2019 ਦਿਨ ਸ਼ਨਿਚਰਵਾਰ ਨੂੰ ਦੁਪਹਿਰ 1 ਵਜੇ ਤੋਂ 6 ਵਜੇ ਤੱਕ Martin Luther King JR High School 2012 Carion Ct Pittsburg CA 94565 ਵਿਖੇ ਪੂਰਨ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਬਿਲਕੁਲ ਫਰੀ ਹੈ ਅਤੇ ਸਿਰਫ ਔਰਤਾਂ ਅਤੇ ਬੱਚਿਆਂ ਲਈ ਹੋਵੇਗਾ। ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ। ਰੈਫਲ ਗਿਫਟ ਕੱਢੇ ਜਾਣਗੇ।

**ਪ੍ਰੋਗਰਾਮ**
27 ਜੁਲਾਈ 2019 ਦਿਨ ਸ਼ਨਿਚਰਵਾਰ
ਸਮਾਂ: ਸ਼ਾਮ 1 ਵਜੇ ਤੋਂ 6 ਵਜੇ ਤੱਕ
ਸਥਾਨ: Martin Luther King JR High School
2012 Carion Ct Pittsburg CA 94565

ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟ, ਲਾਈਵ ਡੀ. ਜੇ. ਅਤੇ ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ।

**Sponsors**
Parmjit Raju, Satya Kaur
Manjit Kaur, Kamaljit Bhatia
Pramjit Kaur/ Spice of India
DJ by :- DJ Munna




**ਹੋਰ ਜਾਣਕਾਰੀ ਲਈ ਸੰਪਰਕ ਕਰੋ :**

**ਪਰਮਜੀਤ ਰਾਜੂ (925)-473-9417, ਕਸ਼ਮੀਰ ਕੌਰ (925)-329-9835**
**ਸੁਮਨ ਹੀਰ (925)-219-5991, ਰੂਬੀ ਰਾਜੂ (925)-550-1088**



# ਸਤਿਗੁਰ ਗਿਆਨ ਨਾਥ ਜੀ ਦਾ ਜਨਮ ਦਿਹਾੜਾ 14 ਜੁਲਾਈ 2019 ਨੂੰ ਮਨਾਇਆ ਜਾਵੇਗਾ



ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਸਤਿਗੁਰ ਗਿਆਨ ਨਾਥ ਜੀ ਦਾ ਜਨਮ ਦਿਹਾੜਾ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸਤਿਕਾਰ ਤੇ ਸ਼ਰਧਾ ਨਾਲ 14 ਜੁਲਾਈ 2019 ਦਿਨ ਐਤਵਾਰ ਨੂੰ *ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (84/86 ਪਰਸੀ ਐਵਨਿਊ) ਕੈਲੇਫੋਰਨੀਆ 05951* ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਸਮੇਂ ਸਿਰ ਗੁਰੂ ਚਰਨਾਂ 'ਚ ਹਾਜ਼ਰੀ ਲਗਵਾ ਕੇ ਗੁਰੂ ਗਿਆਨ ਨਾਥ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਮਨਾਓ ਜੀ।

**ਪ੍ਰੋਗਰਾਮ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗਾ। ਸਾਰਾ ਦਿਨ ਲੰਗਰਾਂ ਦੀ ਅਤੁੱਟ ਸੇਵਾ ਚੱਲੇਗੀ**



ਫਾਇਲ ਚਿੱਤਰ

## ਵੱਲੋਂ: ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਪ੍ਰੇਮ ਲਾਲ ਸੌਂਧੀ (ਪ੍ਰਧਾਨ) 530-751-3887**




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਵਾਧਾ-ਖੇਤੀਬਾੜੀ ਨੀਤੀ ਵਿਚ ਵੱਡੇ ਬਾਦਲਾਵਾਂ ਦੀ ਲੋੜ

3 ਜੁਲਾਈ, 2019 ਨੂੰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਮੀਟਿੰਗ ਵਿਚ ਸਾਉਣੀ ਦੀਆਂ 13 ਖੇਤੀਬਾੜੀ ਜਿਨਸਾਂ ਦੀ ਘੱਟੋ-ਘੱਟ ਸਮਰਥਨ ਕੀਮਤਾਂ ਵਿਚ ਵਾਧੇ ਨੂੰ ਮਨਜੂਰੀ ਦੇ ਦਿੱਤੀ ਗਈ ਹੈ। ਸਾਉਂਣੀ ਦੀ ਇਕ ਪ੍ਰਮੁੱਖ ਖੇਤੀਬਾੜੀ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ 65 ਰੁਪਏ ਪ੍ਰਤਿ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਇਸ ਤਰ੍ਹਾਂ ਆਮ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ 1750 ਰੁਪਏ ਤੋਂ 1815 ਰੁਪਏ ਅਤੇ ਏ-ਗਰੇਡ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ 1770 ਰੁਪਏ ਤੋਂ 1835 ਰੁਪਏ ਪ੍ਰਤਿ ਕੁਇੰਟਲ ਕਰ ਦਿੱਤੀ ਗਈ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਿਛਲੇ ਸਾਲ ਆਮ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ 200 ਰੁਪਏ ਪ੍ਰਤਿ ਕੁਇੰਟਲ ਦਾ ਵਾਧਾ ਕੀਤਾ ਗਿਆ ਸੀ। ਇਨ੍ਹਾਂ ਤੱਥਾ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਫ਼ੈਸਲੇ ਰਾਜਸੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿਚ ਰੱਖਕੇ ਕੀਤੇ ਜਾਂਦੇ ਹਨ। ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਹੋਈ ਸੀ। ਉਸ ਸਮੇਂ ਭਾਰਤ ਵਿਚ ਖਾਧ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਇਨ੍ਹਾਂ ਦੀਆਂ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਸਨ। ਉਸ ਸਮੇਂ ਦੀ ਸਰਕਾਰ ਨੇ ਜਿੱਥੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕੁਝ ਪ੍ਰਮੁੱਖ ਅਨਾਜਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਨਿਸ਼ਚਿਤ ਕੀਤੀਆਂ, ਉੱਥੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ। ਮੁਲਕ ਦੀ ਖੇਤੀਬਾੜੀ ਕੀਮਤ ਨੀਤੀ ਵਿਚ ਇਕ ਬਹੁਤ ਹੀ ਅਹਿਮ ਪੜ੍ਹਾਅ 1965 ਵਿਚ ਆਇਆ। ਇਸ ਸਾਲ ਦੌਰਾਨ 'ਖੇਤੀਬਾੜੀ ਕੀਮਤਾਂ ਕਮਿਸ਼ਨ' ਅਤੇ 'ਫੂਡ ਕਾਰਪੋਰੇਸ਼ਨ ਆਫ਼ ਇੰਡੀਆ' ਦੀ ਸਥਾਪਨਾ ਕੀਤੀ ਗਈ। 'ਖੇਤੀਬਾੜੀ ਕੀਮਤਾਂ ਕਮਿਸ਼ਨ' ਦਾ ਮੁੱਖ ਉਦੇਸ਼ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸੰਬੰਧੀ ਕੇਂਦਰ ਸਰਕਾਰ ਨੂੰ ਆਪਣੀਆਂ ਸਿਫ਼ਾਰਸ਼ਾਂ ਅਤੇ 'ਫੂਡ ਕਾਰਪੋਰੇਸ਼ਨ ਆਫ਼ ਇੰਡੀਆ' ਦਾ ਮੁੱਖ ਉਦੇਸ਼ ਕੇਂਦਰ ਸਰਕਾਰ ਲਈ ਖੇਤੀਬਾੜੀ ਜਿਨਸਾਂ ਦੀ ਖ਼ਰੀਦ ਕਰਕੇ ਸਟੋਰ ਕਰਨਾ ਸੀ।

'ਖੇਤੀਬਾੜੀ ਕੀਮਤਾਂ ਕਮਿਸ਼ਨ' ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰ ਨੂੰ ਕੁਝ ਖੇਤੀਬਾੜੀ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਕਰਦਾ ਆ ਰਿਹਾ ਹੈ। 1965 ਤੋਂ 1969 ਤੱਕ ਇਹ ਸਿਫ਼ਾਰਸ਼ਾਂ ਕਿਸਾਨਾਂ ਦੇ ਹੱਕ ਵਿਚ ਸਨ ਅਤੇ ਪਿਛਲੇ 50 ਸਾਲ ਤੋਂ ਕਿਸਾਨਾਂ ਦੇ ਵਿਰੁੱਧ ਹਨ। 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੁਆਰਾ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੀ ਮੁਲਕ ਦੀਆਂ ਵੱਖ-ਵੱਖ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਵੱਲੋਂ ਵੱਡੇ ਪੱਧਰ ਉੱਪਰ ਨੁਕਤਾਚੀਨੀ ਕੀਤੀ ਜਾਣ ਲੱਗੀ। ਇਸ ਨੁਕਤਾਚੀਨੀ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ, 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ। ਪਰ ਅਸਲੀਅਤ ਵਿਚ ਅਜਿਹਾ ਨਹੀਂ ਕੀਤਾ ਗਿਆ ਸਗੋਂ ਰਾਜਸੀ ਗਿਣਤੀਆਂ-ਮਿਣਤੀਆਂ ਨੂੰ ਹੀ ਧਿਆਨ ਵਿਚ ਰੱਖਿਆ ਗਿਆ। ਇਸਦੀ ਇਕ ਤਾਜ਼ਾ ਉਦਾਹਰਨ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਪਿੱਛਲੇ ਸਾਲ 200 ਰੁਪਏ ਅਤੇ ਇਸ ਸਾਲ ਸਿਰਫ਼ 65 ਰੁਪਏ ਪ੍ਰਤਿ ਕੁਇੰਟਲ ਦਾ ਵਾਧਾ ਕਰਨਾ ਹੈ। ਵਰਤਮਾਨ ਸਾਲ ਦੌਰਾਨ ਝੋਨੇ ਦੀ ਉਤਪਾਦਨ ਲਾਗਤ ਪਿੱਛਲੇ ਸਾਲ ਨਾਲੋਂ ਝੋਨੇ ਦੀ ਲਵਾਈ ਦੇ ਰੇਟ ਵਧਣ ਅਤੇ ਮੁਲਕ ਦ ਬਹੁਤੇ ਭਾਗਾਂ ਵਿਚ ਆਮ ਨਾਲੋਂ ਘੱਟ ਮੀਂਹ ਕਾਰਨ ਵਧੀ ਹੈ ਜਿਸ ਤੋਂ ਪ੍ਰਤੱਖ ਰੂਪ ਵਿਚ ਦਿਖਾਈ ਦਿੰਦਾ ਹੈ ਕਿ ਪਿੱਛਲੇ ਸਾਲ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਿਆ ਗਿਆ ਸੀ।

ਭਾਵੇਂ ਕੇਂਦਰ ਸਰਕਾਰ ਨੇ ਇਸ ਸਾਲ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਇਹ ਦਾਅਵਾ ਕੀਤਾ ਸੀ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਤੈਅ ਕੀਤੀਆਂ ਗਈਆਂ ਹਨ। ਪਰ ਅਸਲੀਅਤ ਵਿਚ ਅਜਿਹਾ ਨਹੀਂ ਹੋ ਰਿਹਾ ਹੈ। ਸਵਾਮੀਨਾਥਨ ਕਮਿਸ਼ਨ ਨੇ ਖੇਤੀਬਾੜੀ ਉਤਪਾਦਨ ਲਾਗਤਾਂ ਉੱਪਰ 50 ਫ਼ੀਸਦ ਨਫ਼ੇ ਦੀ ਸਿਫ਼ਾਰਸ਼ ਕੀਤੀ ਸੀ। ਇਸ ਕਮਿਸ਼ਨ ਨੇ ਸੀ-2 ਲਾਗਤਾਂ ਨੂੰ ਅਧਾਰ ਬਣਾਉਣ ਬਾਰੇ ਕਿਹਾ ਸੀ। ਇਨ੍ਹਾਂ ਲਾਗਤਾਂ ਵਿਚ ਖੇਤੀਬਾੜੀ ਉਤਪਾਦਨ ਲਈ ਮੰਡੀ ਵਿਚੋਂ ਖਰੀਦ ਅਤੇ ਕਿਸਾਨ ਦੇ ਆਪਣੇ ਘਰੋਂ ਵਰਤੇ ਸਾਧਨਾਂ ਦੀਆਂ ਲਾਗਤਾਂ ਸ਼ਾਮਲ ਹੁੰਦੀਆਂ ਹਨ।

ਖੇਤੀਬਾੜੀ ਲਾਗਤਾਂ ਦੀਆਂ ਗਿਣਤੀਆਂ-ਮਿਣਤੀਆਂ ਕਰਨ ਵਿਚ ਅਨੇਕਾਂ ਊਣਤਾਈਆਂ ਹਨ। ਕਿਸਾਨ ਅਤੇ ਉਸਦੇ ਪਰਿਵਾਰ ਦੇ ਹੋਰ ਮਰਦ ਜੀਆਂ ਦੇ ਕੰਮ ਨੂੰ ਕੁਝ ਘੰਟਿਆਂ ਤੱਕ ਹੀ ਸੀਮਿਤ ਕਰਕੇ ਦੇਖਿਆ ਜਾਂਦਾ ਹੈ, ਜਦੋਂ ਕਿ ਇਹ ਸਾਰੇ ਜੀਅ ਸਾਲ ਦੇ 365 ਦਿਨ 24 ਘੰਟੇ ਕੰਮ ਕਰਨ ਲਈ ਤਿਆਰ ਰਹਿੰਦੇ ਹਨ ਅਤੇ ਕੰਮ ਕਰਦੇ ਵੀ ਹਨ। ਉਹ ਹੱਡਾਂ ਨੂੰ ਪਿਘਲਾਉਂਦੀ ਗਰਮੀ ਅਤੇ ਹੱਡਾਂ ਨੂੰ ਚੀਰਦੀ ਠੰਡ ਵਿਚ ਵੀ ਕੰਮ ਕਰਦੇ ਹਨ। ਜਦੋਂ ਸਰਦੀਆਂ ਵਿਚ ਕੋਰਾ ਪੈਂਦਾ ਹੈ ਤਾਂ ਅੱਧੀ ਰਾਤ ਨੂੰ ਵੀ ਖੇਤਾਂ ਨੂੰ ਪਾਣੀ ਲਾਉਂਦੇ ਮਿਲਦੇ ਹਨ ਅਤੇ ਇਸੇ ਤਰ੍ਹਾਂ ਲੋੜ ਤੋਂ ਵੱਧ ਮੀਂਹ ਪੈਣ ਮੌਕੇ ਆਪਣੀਆਂ ਫ਼ਸਲਾਂ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਵਿਚ ਅਪਣੀ ਪੂਰੀ ਵਾਹ ਲਗਾ ਦਿੰਤੇ ਹਨ। ਕਿਸਾਨ ਦੀ ਘਰ ਵਾਲੀ ਅਤੇ ਉਸਦੇ ਪਰਿਵਾਰ ਦੀਆਂ ਹੋਰ ਔਰਤਾਂ ਜੋ ਆਪਣਾ ਦਿਨ ਸਵੇਰੇ ਸੁਵਖਤੇ ਸ਼ੁਰੂ ਅਤੇ ਰਾਤ ਨੂੰ ਦੇਰ ਨਾਲ ਪੂਰਾ ਕਰਦੀਆਂ ਘਰ ਦੇ ਜੀਆਂ ਅਤੇ ਖੇਤ ਮਜ਼ਦੂਰਾਂ ਲਈ ਚਾਹ ਬਣਾਉਣ ਅਤੇ ਰੋਟੀ ਪਕਾਉਣ ਤੋਂ ਬਿਨਾਂ ਪਸ਼ੂਆਂ ਦੀ ਦੇਖਭਾਲ ਕਰਨ ਦੇ ਨਾਲ ਨਾਲ ਖੇਤਾਂ ਵਿਚ ਜਿਸਮਾਨੀ ਕੰਮ ਵੀ ਕਰਦੀਆਂ ਹਨ ਉਨ੍ਹਾਂ ਦੀ ਕਿਰਤ ਦੀ ਕੋਈ ਗਿਣਤੀ-ਮਿਣਤੀ ਕੀਤੀ ਹੀ ਨਹੀਂ ਜਾਂਦੀ। ਜ਼ਮੀਨ ਦੇ ਠੇਕੇ ਨੂੰ ਬਹੁਤ ਹੀ ਜ਼ਿਆਦਾ ਘਟਾਕੇ ਆਂਕਿਆ ਜਾਂਦਾ ਹੈ। ਜਿਵੇਂ ਪੰਜਾਬ ਵਿਚ ਇਕ-ਤਿਮਾਹੀ ਤੋਂ ਵੀ ਘੱਟ ਖੇਤੀਬਾੜੀ ਲਈ ਲੋੜੀਦੀ ਮਸ਼ੀਨਰੀ, ਬਿਲਡਿੰਗਾਂ ਅਤੇ ਹੋਰ ਪੂੰਜੀ ਦੇ ਸਾਧਨਾਂ ਦੀ ਘਸਾਈ ਨੂੰ ਬਹੁਤ ਹੀ ਘਟਾਕੇ ਆਂਕਿਆ ਜਾਂਦਾ ਹੈ। ਖੇਤੀਬਾੜੀ ਉੱਚ ਉਤਪਾਦਨ ਵਾਲਿਆਂ ਸੂਬਿਆਂ ਜਿਵੇਂ ਪੰਜਾਬ ਨਾਲ ਇਕ ਬੇਇਨਸਾਫ਼ੀ ਇਹ ਵੀ ਕੀਤੀ ਜਾਂਦੀ ਹੈ ਕਿ ਸਾਰੀਆਂ ਊਣਤਾਈਆਂ ਨਾਲ ਤਿਆਰ ਕੀਤੀਆਂ ਗਈਆਂ ਗਿਣਤੀਆਂ-ਮਿਣਤੀਆਂ ਦੀ ਔਸਤ ਲੈ ਲਈ ਜਾਂਦੀ ਹੈ।

ਵਰਤਮਾਨ ਸਮੇਂ ਦੌਰਾਨ ਹਾੜ੍ਹੀ ਅਤੇ ਸਾਊਣੀ ਦੀਆਂ 22 ਜਿਨਸਾਂ ਅਤੇ ਇਕ ਸਲਾਨਾ ਜਿਨਸ ਗੰਨੇ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਜਿਨਸਾਂ ਵਿਚੋਂ ਮੁੱਖ ਤੌਰ ਉੱਤੇ ਕਣਕ ਅਤੇ ਝੋਨੇ ਦੀ ਖ਼ਰੀਦ ਕੇਂਦਰ ਸਰਕਾਰ ਦੁਆਰਾ ਕੁਝ ਕੁ ਇਲਾਕਿਆਂ ਵਿਚੋਂ ਹੀ ਕੀਤੀ ਜਾਂਦੀ ਹੈ ਅਤੇ ਗੰਨੇ ਦੀ ਖ਼ਰੀਦ ਤਾਂ ਘੱਟੋ-ਘੱਟ ਸਮਰਥਨ ਕੀਮਤ ਉੱਪਰ ਕਰ ਲਈ ਜਾਂਦੀ ਸਹੈ ਪਰ ਉਸਦੀ ਅਦਾਇਗੀ ਲਈ ਕਿਸਾਨਾਂ ਨੂੰ ਧਰਨੇ ਮਾਰਨੇ ਅਤੇ ਹੋਰ ਸੰਘਰਸ਼ ਕਰਨੇ ਪੈਂਦੇ ਹਨ।

ਸਾਊਣੀ ਦੀ ਇਕ ਪ੍ਰਮੁੱਖ ਖੇਤੀਬਾੜੀ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਸਾਊਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲਤਨ ਵੱਧ ਰੱਖਣ ਨਾਲ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦੇ ਗਿਰਦੇ ਪੱਧਰ, ਪੀਣ ਵਾਲੇ ਪਾਣੀ ਦੀ ਥੁੜ੍ਹ ਅਤੇ ਵਾਤਾਵਰਨ ਦੇ ਗੰਧਲੇਪਨ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਵਰਤਮਾਨ ਸਮੇਂ ਦੌਰਾਨ ਪੰਜਾਬ ਵਿਚ ਤਿੰਨ-ਚੌਥਾਈ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਹੇਠਾਂ ਚਲਿਆ ਗਿਆ ਹੈ। ਇਹ ਵਿਕਾਸ ਖੰਡ ਉਹ ਹਨ ਜਿੱਥੇ ਧਾਨ ਦੀ ਲਵਾਈ ਹੁੰਦੀ ਹੈ। ਪੰਜਾਬ ਵਿਚ ਧਾਨ ਦੀ ਲਵਾਈ ਮੁੱਖ ਤੌਰ ਉੱਤੇ 1973 ਤੋਂ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੀ ਗਈ। ਇਸ ਤੋਂ ਪਹਿਲਾਂ ਸਿੰਚਾਈ ਦੇ ਮੁੱਖ ਸਾਧਨ ਨਹਿਰਾਂ ਅਤੇ ਖੂਹ ਸਨ। 1960-61 ਦੌਰਾਨ ਪੰਜਾਬ ਵਿਚ ਟਿਊਵੈੱਲਾਂ ਦੀ ਗਿਣਤੀ 7445 ਸੀ ਜੋ 2018-19 ਦੌਰਾਨ 14 ਲੱਖ 76 ਹਜ਼ਾਰ ਹੋ ਗਈ ਹੈ। ਪਹਿਲਾਂ ਮੋਨੋਬਲਾਕ ਮੋਟਰਾਂ ਕੰਮ ਕਰਦੀਆਂ ਸਨ, ਪਰ ਹੁਣ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਜਾਣ ਨਾਲ ਸਬਮਰਸੀਬਲ ਮੋਟਰਾਂ ਲਗਾਉਣਾ ਕਿਸਾਨਾਂ ਦੀ ਮਜ਼ਬੂਰੀ ਬਣਾ ਦਿੱਤੀ ਗਈ ਹੈ ਜਿਹੜਾ ਉਨ੍ਹਾਂ ਦੇ ਕਰਜ਼ੇ ਦੇ ਪਹਾੜ ਨੂੰ ਹੋਰ ਭਾਰਾ ਕਰ ਰਿਹਾ ਹੈ। ਧਾਨ ਦੀ ਫ਼ਸਲ ਲਈ ਵਰਤੀਆਂ ਜਾਂਦੀਆਂ ਰਸਾਇਣਿਕ ਖਾਦਾਂ, ਕੀਟਨਾਸਕਾਂ ਅਤੇ ਨਦੀਨਨਾਸ਼ਕਾਂ ਕਾਰਨ ਪੰਜਾਬ ਵਿਚ ਪੀਣ ਵਾਲੇ ਪਾਣੀ ਦੀ ਇੱਕ ਵੱਡੀ ਸਮੱਸਿਆ ਸਾਹਮਣੇ ਆਈ ਹੈ ਜਿਸ ਕਾਰਨ ਇੱਥੋਂ ਦੇ ਮਨੁੱਖ ਅਤੇ ਪਸ਼ੂ-ਪੰਛੀ ਵੱਖ ਵੱਖ ਬਿਮਾਰੀਆਂ ਦੇ ਸ਼ਿਕਾਰ ਹਨ। ਝੋਨੇ ਦੀ ਫ਼ਸਲ ਲਈ ਲੋੜੀਂਦੀ ਛੱਪੜ-ਸਿੰਚਾਈ ਵਿਚੋਂ ਪੈਦਾ ਹੋਈ ਮੀਥੇਨ ਗੈਸ ਅਤੇ ਝੋਨੇ ਦੀ ਪਰਾਲੀ ਨੂੰ ਕਿਸਾਨਾਂ ਦੀ ਗ਼ਰੀਬੀ ਕਾਰਨ ਲਗਾਈ ਗਈ ਅੱਗ ਨਾਲ ਪੈਦਾ ਹੋਈ ਕਾਰਬਨਡਾਇਔਕਸਾਈਡ ਗੈਸ ਅਤੇ ਧੂੰਏ ਦੇ ਕਣ ਇੱਥੋਂ ਦੇ ਵਾਤਾਵਰਨ ਨੂੰ ਗੰਧਲਾ ਕਰ ਰਹੇ ਹਨ ਜੋ ਵੱਖ ਵੱਖ ਬਿਮਾਰੀਆਂ ਨੂੰ ਜਨਮ ਦਿੰਦੇ ਹਨ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਨਾਲ ਹੀ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜੀ-ਰੋਟੀ ਲਈ ਨਿਰਭਰ ਵਰਗਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਣੀਆਂ ਕਿਉਂਕਿ ਬਹੁਤ ਵੱਡੀ ਗਿਣਤੀ ਵਿਚ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਨਾਂਹ-ਮਾਤਰ ਜਿਨਸਾਂ ਹੁੰਦੀਆਂ ਹਨ, ਜਦੋਂ ਕਿ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ ਵੇਚਣ ਲਈ ਆਪਣੀ ਕਿਰਤ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦਾ। ਇਸ ਲਈ ਸਮੇਂ ਦੀ ਲੋੜ ਹੈ ਕਿ ਸਰਕਾਰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਨੂੰ ਆਮਦਨ ਦਾ ਇਕ ਘੱਟੋ-ਘੱਟ ਪੱਧਰ ਦੇਣਾ ਯਕੀਨੀ ਬਣਾਵੇ ਜਿਸ ਨਾਲ ਉਹ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ - ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ। ਖੇਤੀਬਾੜੀ-ਜਲਵਾਯੂ ਇਲਾਕਿਆਂ ਦੀਆਂ ਨਿਸ਼ਾਨਦੇਹੀ ਕਰਕੇ ਉੱਥੇ ਬੀਜੀਆਂKਲਾਈਆਂ ਜਾਂਦੀਆਂ ਫ਼ਸਲਾਂ ਦੀਆਂ ਜਿਨਸਾਂ ਦੀਆਂ ਲਾਹੇਵੰਦ ਕੀਮਤਾਂ ਤੈਅ ਕਰਨੀਆਂ ਅਤੇ ਉਨ੍ਹਾਂ ਕੀਮਤਾਂ ਉੱਤੇ ਉਨ੍ਹਾਂ ਜਿਨਸਾਂ ਦੀ ਖ਼ਰੀਦ ਕਰਨੀ ਸਰਕਾਰ ਯਕੀਨੀ ਬਣਾਵੇ। ਇਸ ਤੋਂ ਬਿਨਾਂ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਕਰਨੇ ਖੇਤੀਬਾੜੀ ਨੀਤੀ ਦਾ ਇਕ ਅਹਿਮ ਪੱਖ ਹੋਣਾ ਬਣਦਾ ਹੈ।

# ਅਵਾਰਾ ਡੰਗਰਾਂ ਦਾ ਵੱਧਣਾ ਅਤੇ ਨੌਜਵਾਨਾਂ ਦਾ ਘੱਟਣਾ ਪੰਜਾਬ ਲਈ ਘਾਤਕ

ਪੰਜਾਬ ਦੀ ਧਰਤੀ ਨੂੰ ਗੁਰੂਆਂ ਪੀਰਾਂ ਦੀ ਧਰਤੀ ਹੋਣ ਦਾ ਮਾਣ ਹੈ ਪਰ ਦੁਖਾਂਤ ਇਹ ਹੈ ਕਿ ਇਸ ਧਰਤੀ ਤੇ ਤਿੱਖੇ ਸਿੰਗਾਂ ਵਾਲੇ ਢੱਟਿਆਂ ਦਾ ਦਿਨੋ ਦਿਨ ਵਾਧਾ ਹੋ ਰਿਹਾ ਹੈ ਪਰ ਨੋਜਵਾਨਾਂ ਦੇ ਤੇਜ਼ੀ ਨਾਲ ਪ੍ਰਵਾਸ ਨਾਲ ਨੋਜਵਾਨਾਂ ਦੀ ਗਿਣਤੀ ਘੱਟ ਰਹੀ ਹੈ। ਬਾਜਾਰਾਂ ਵਿੱਚ ਆਮ ਡੰਗਰ ਫਿਰਦੇ ਦਿਖਾਈ ਦੇ ਰਹੇ ਹਨ।ਲੋਕਾਂ ਦਾ ਜਿਊਣਾ ਅਤੇ ਲੰਘਣਾ ਮੁਹਾਲ ਕੀਤਾ ਹੋਇਆ ਹੈ।ਬਿਰਧਾਂ ਅਤੇ ਬੱਚਿਆਂ ਲਈ ਘਰੋਂ ਬਾਹਰ ਨਿਕਲਣਾ ਖਤਰੇ ਤੋਂ ਬਾਹਰ ਨਹੀਂ।ਡੰਗਰਾਂ ਦੇ ਲਗਾਤਾਰ ਵਾਧੇ ਤੋਂ ਇੰਝ ਲਗਦਾ ਜਿਵੇਂ ਡੰਗਰਾਂ ਦਾ ਰਾਜ ਆਉਣ ਵਾਲਾ ਹੋਵੇ।

ਇਸੇ ਤਰ੍ਹਾਂ ਸਵੇਰ ਵੇਲੇ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਕੋਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਰਾਹਗੀਰ ਹਰ ਸਮੇਂ ਆਲੇ ਦੁਆਲੇ ਘੁੰਮ ਰਹੇ ਅਵਾਰਾ ਡੰਗਰਾਂ ਤੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਪਰ ਕਿਤੇ ਨਾ ਕਿਤੇ ਅਚਾਨਕ ਆਪਸ 'ਚ ਭਿੜ ਰਹੇ ਡੰਗਰਾਂ ਵਿੱਚ ਕੋਈ ਨਾ ਕੋਈ ਹਰ ਰੋਜ਼ ਉਲਝ ਜਾਂਦਾ ਹੈ। ਕਈ ਫੱਟੜ ਹੋ ਜਾਂਦੇ ਹਨ, ਕਈ ਵਿਚਾਰੇ ਮੌਤ ਦੇ ਮੂੰਹ ਚਲੇ ਜਾਂਦੇ ਹਨ।ਜੇਕਰ ਕਿਸੇ ਜਾਨਵਰ ਦੇ ਇਨਸਾਨ ਤੋਂ ਸੱਟ ਵੱਜ ਕੇ ਉਸ ਦੀ ਮੌਤ ਹੋ ਜਾਵੇ ਤਾਂ ਉਸ ਤੇ ਪਰਚਾ ਦਰਜ ਹੋ ਜਾਂਦਾ ਹੈ ਪਰ ਜੇ ਕੋਈ ਇਨ੍ਹਾਂ ਹਿੰਸ਼ਕ ਜਾਨਵਰਾਂ ਵਲੋਂ ਮਾਰਿਆ ਜਾਵੇ ਤਾਂ ਜਾਨਵਰ ਤੇ ਕੋਈ ਕਾਰਵਾਈ ਨਹੀਂ, ਨਾ ਹੀ ਸਰਕਾਰ ਕੋਈ ਮਦਦ ਕਰਦੀ ਹੈ। ਸਰਕਾਰ ਵਲੋਂ ਪੀੜ੍ਹਤ ਪਰਿਵਾਰ ਦੀ ਵਿੱਤੀ ਮਦਦ ਕਰਨੀ ਚਾਹੀਦੀ ਹੈ। ਕਈ ਇਲਾਕਿਆਂ ਅੰਦਰ ਬਾਂਦਰਾਂ ਦੀ ਗਿਣਤੀ ਬਹੁਤ ਵੱਧ ਗਈ ਹੈ।ਲੋਕ ਸੜਕਾਂ ਦੇ ਕਿਨਾਰਿਆ ਤੇ ਹੀ ਇਨ੍ਹਾਂ ਨੂੰ ਖਾਣ ਵਾਲੀਆਂ ਚੀਜ਼ਾਂ ਆਪਣੀ ਸ਼ਰਧਾ ਮੁਤਾਬਕ ਰੋਜ਼ਾਨਾ ਪਾਉਂਦੇ ਹਨ। ਇਸ ਤਰ੍ਹਾਂ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੁੰਦੇ ਰਹਿੰਦੇ ਹਨ । ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ। ਸਕੂਲ,ਕਾਲਜ/ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਹੋ ਜਿਹੀਆਂ ਸੜਕਾਂ ਤੋਂ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ'ਚ ਵਿਘਣ ਵੀ ਪੈਂਦਾ ਹੈ।

ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ। ਇਸ ਦੇ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ।

ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਰਾਤ ਨੂੰ ਸੜਕਾਂ ਦੇ ਵਿੱਚਕਾਰ ਅਤੇ ਕਿਨਾਰਿਆਂ ਤੇ ਡੰਗਰ ਆਮ ਬੈਠੇ ਦਿਖਾਈ ਦੇਣਗੇ ਜੋ ਕਿ ਅਕਸਰ ਦੁਰਘਟਨਾਵਾਂ ਦਾ ਕਾਰਣ ਬਣਦੇ ਹਨ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।

ਪਰ ਇਥੇ ਅਨੁਸ਼ਾਸ਼ਨਹੀਣਤਾ ਵੱਧਦੀ ਜਾ ਰਹੀ ਹੈ। ਸਰਕਾਰੀ ਤੰਤਰ ਦੀ ਕਾਨੂੰਨ ਅਵਸਥਾ ਤੇ ਪਕੜ ਦਾ ਨਾ ਹੋਣਾ ਆਮ ਦਿਖਾਈ ਦਿੰਦਾ ਹੈ।ਇਸ ਕਰਕੇ ਹੀ ਮੱਧਵਰਗੀ ਮਾਪੇ ਧੜਾ ਧੜ ਆਪਣੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਨੂੰ ਭੇਜ ਰਹੇ ਹਨ ਕਿਉਂਕਿ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਇਥੋਂ ਦੀਆਂ ਸਰਕਾਰਾਂ ਦੇ ਰੁਖ ਕਾਰਣ ਧੁੰਦਲਾ ਦਿਖਾਈ ਦਿੰਦਾ ਹੈ।

ਇੰਝ ਲੱਗਦਾ ਕਿ ਆਉਣ ਵਾਲੇ ਸਮੇਂ ਇਥੇ ਸਿਰਫ ਭ੍ਰਿਸ਼ਟ ਰਾਜਨੀਤਕ ਨੇਤਾ ਅਤੇ ਗਰੀਬ, ਅਨਪੜ੍ਹ, ਨਸ਼ਈ ਹੀ ਰਹਿਣ ਵਾਲੇ ਹੋਣਗੇ।ਇਸ ਨਾਲ ਪੰਜਾਬ ਅੰਦਰੋਂ ਕਰੋੜਾਂ ਹੀ ਰੁਪਿਆ ਬਾਹਰ ਜਾ ਰਹਿਆ ਹੈ। ਕਈ ਲੋਕ ਪੰਜਾਬ ਅੰਦਰਲੀ ਜ਼ਮੀਨ / ਜਾਇਦਾਦ ਵੇਚ ਕੇ ਜਾ ਰਹੇ ਹਨ। ਕਈ ਉਧਰਲੇ ਪੱਕੇ ਹੋਏ ਵਸਨੀਕ ਉੱਧਰ ਕਾਰੋਬਾਰ ਚਲਾਉਣ ਲਈ ਆਪਣੀਆਂ ਜ਼ਮੀਨਾਂ ਪੰਜਾ 'ਚੋਂ ਵੇਚਣ ਲੱਗ ਪਏ ਹਨ।



ਮੇਜਰ ਸਿੰਘ ਨਾਭਾ
91-94635-53962

ਇਸ ਤਰ੍ਹਾਂ ਪੰਜਾਬ ਅੰਦਰੋਂ ਖੋਖਲਾ ਹੁੰਦਾ ਜਾ ਰਿਹਾ ਹੈ। ਇਹ ਸਾਰਾ ਕੁਝ ਪੰਜਾਬ ਦੀ ਮਾੜੀ ਕਾਨੂੰਨ ਅਵਸਥਾ ਅਤੇ ਮਾੜੀਆਂ ਨੀਤੀਆਂ ਕਾਰਣ ਹੋਣ ਜਾ ਰਿਹਾ ਹੈ।

ਕਹਿਣ ਨੂੰ ਕਾਗਜ਼ਾਂ ਵਿੱਚ ਬਾਹਰਲੇ ਦੇਸ਼ਾਂ ਦੀ ਕਈ ਗੱਲਾਂ 'ਚ ਰੀਸ ਕੀਤੀ ਜਾਂਦੀ ਹੈ ਪਰ ਅਸਲ ਵਿੱਚ ਸੱਚ ਹੋਰ ਹੀ ਹੈ। ਪੰਜਾਬ ਸਰਕਾਰ ਨੂੰ ਰਾਜ ਅੰਦਰ ਅਵਾਰਾ ਡੰਗਰਾਂ ਦੇ ਵਾਧੇ ਅਤੇ ਨੌਜਵਾਨਾਂ ਦੇ ਘੱਟਣ ਤੇ ਵੀ ਗੰਭੀਰਤਾ ਨਾਲ ਵਿਚਾਰ ਕਰਕੇ ਪੰਜਾਬ ਨੂੰ ਬਚਾਉਣਾ ਚਾਹੀਦਾ ਹੈ,ਜਿਸ ਨਾਲ ਬਹੁਤ ਸਾਰੇ ਮੁੱਦੇ ਜੁੜੇ ਹੋਏ ਹਨ।

# ਮਨੁੱਖੀ ਹੱਕਾਂ ਦੀ ਉਲੰਘਣਾ ਰੋਕਣ ਵਿੱਚ ਭਾਰਤ ਤੇ ਪਾਕਿ ਨਾਕਾਮ ਕਰਾਰ

**ਜਨੇਵਾ–** ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਦੀ ਰਿਪੋਰਟ ਮੁਤਾਬਕ ਭਾਰਤ ਤੇ ਪਾਕਿਸਤਾਨ ਕਸ਼ਮੀਰ ਦੀ ਸਥਿਤੀ ਸੁਧਾਰਨ 'ਚ ਨਾਕਾਮ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋਵਾਂ ਮੁਲਕਾਂ ਨੇ ਪਿਛਲੀ ਰਿਪੋਰਟ ਵਿਚ ਉਠਾਏ ਗਏ ਕਈ ਮੁੱਦਿਆਂ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਰਿਪੋਰਟ ਵਿਚ 47 ਮੈਂਬਰੀ ਮਨੁੱਖੀ ਅਧਿਕਾਰ ਕੌਂਸਲ ਨੂੰ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ਾਂ ਦੀ ਪੜਤਾਲ ਲਈ ਜਾਂਚ ਕਮਿਸ਼ਨ ਬਣਾਉਣ ਦੀ ਸੰਭਾਵਨਾ ਤਲਾਸ਼ਣ ਲਈ ਵੀ ਕਿਹਾ ਗਿਆ ਹੈ। ਲੰਘੇ ਵਰ੍ਹੇ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦਫ਼ਤਰ ਨੇ ਕਸ਼ਮੀਰ ਬਾਰੇ ਆਪਣੀ ਪਹਿਲੀ ਰਿ-ਪੋਰਟ ਪੇਸ਼ ਕੀਤੀ ਸੀ। ਇਸ ਵਿਚ ਭਾਰਤ ਤੇ ਪਾਕਿ ਦੇ ਇਸ ਮਾਮਲੇ ਬਾਰੇ ਲਾਪਰਵਾਹੀ ਵਾਲੇ ਰਵੱਈਏ ਨੂੰ ਉਭਾਰਿਆ ਗਿਆ ਸੀ ਤੇ ਦੋਵਾਂ ਮੁਲਕਾਂ ਨੂੰ ਚਿਰਾਂ ਤੋਂ ਬਣੇ ਟਕਰਾਅ ਨੂੰ ਸੁਲਝਾਉਣ ਦੀ ਅਪੀਲ ਕੀਤੀ ਗਈ ਸੀ। ਭਾਰਤ ਦੇ ਕਬਜ਼ੇ ਵਾਲੇ ਕਸ਼ਮੀਰ ਤੇ ਮਕਬੂਜ਼ਾ ਕਸ਼ਮੀਰ ਬਾਰੇ ਮਈ 2018 ਤੋਂ ਅਪਰੈਲ 2019 ਬਾਰੇ ਰਿਲੀਜ਼ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ 12 ਮਹੀਨਿਆਂ ਦੌਰਾਨ ਹੋਈਆ ਆਮ ਨਾਗਰਿਕਾਂ ਦੀਆਂ ਮੌਤਾਂ ਸ਼ਾਇਦ ਪਿਛਲੇ ਇਕ ਦਹਾਕੇ ਵਿਚ ਸਭ ਤੋਂ ਵੱਧ ਹਨ। ਰਿਪੋਰਟ ਮੁਤਾਬਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੀਆਂ ਉਲੰਘਣਾਵਾਂ ਦੀ ਜ਼ਿੰ-ਮੇਵਾਰੀ ਬਿਲਕੁਲ ਤੈਅ ਹੀ ਨਹੀਂ ਕੀਤੀ ਗਈ ਹੈ ਤੇ ਇਸ ਦਾ ਕੋਈ ਰਿਕਾਰਡ ਨਹੀਂ ਹੈ।

**ਰਿਪੋਰਟ ਝੂਠੀ ਤੇ ਪੱਖਪਾਤੀ: ਭਾਰਤ**

ਭਾਰਤ ਨੇ ਜੰਮੂ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਵੱਲੋਂ ਰਿਲੀਜ਼ ਕੀਤੀ ਗਈ ਰਿਪੋਰਟ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਇਹ ਨਿਰੋਲ ਪਿਛਲੇ ਸਾਲ ਬਿਆਨੀ ਗਈ ਝੂਠੀ ਤੇ ਪੱਖਪਾਤੀ ਰਿਪੋਰਟ ਦਾ ਹੀ ਅਗਲਾ ਅੰਕ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਸਰਹੱਦ ਪਾਰ ਦੇ ਮੁੱਖ ਮੁੱਦੇ ਅਤਿਵਾਦ, ਜਿਸ ਨੂੰ ਪਾਕਿਸਤਾਨ ਦੀ ਸ਼ਹਿ ਹੈ, ਦਾ ਕੋਈ ਜ਼ਿਕਰ ਨਹੀਂ ਹੈ। ਰਵੀਸ਼ ਨੇ ਕਿਹਾ ਕਿ ਇਹ ਰਿਪੋਰਟ ਭਾਰਤ ਦੀ ਖ਼ੁਦਮੁਖਤਿਆਰੀ ਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਕਿ ਦੀ ਸ਼ਹਿ ਪ੍ਰਾਪਤ ਅਤਿਵਾਦ ਨਾਲ ਵਰ੍ਹਿਆਂ ਦੌਰਾਨ ਪੈਦਾ ਹੋਈ ਸਥਿਤੀ ਦੀ 'ਸਮੀਖ਼ਿਆ' ਤਾਂ ਕੀਤੀ ਗਈ ਹੈ ਪਰ ਇਸ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦਾ ਕੋਈ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨਾਲ ਸੰਸਾਰ ਦੇ ਸਭ ਤੋਂ ਵੱਡੇ ਤੇ ਵਿਭਿੰਨਤਾ ਭਰਪੂਰ ਲੋਕਤੰਤਰ ਨੂੰ ਇਕ ਅਜਿਹੇ ਮੁਲਕ ਬਰਾਬਰ ਦਰਸਾਇਆ ਗਿਆ ਹੈ ਜਿਸ ਦੀ ਕੌਮੀ ਨੀਤੀ ਵਿਚ ਹੀ ਅਤਿਵਾਦ ਸ਼ਾਮਲ ਹੈ।

ਰਵੀਸ਼ ਨੇ ਕਿਹਾ ਕਿ ਰਿਪੋਰਟ ਖ਼ਿਲਾਫ਼ ਵਿਰੋਧ ਦਰਜ ਕਰਵਾ ਦਿੱਤਾ ਗਿਆ ਹੈ। ਰਵੀਸ਼ ਨੇ ਕਿਹਾ ਕਿ ਇਹ ਰਿਪੋਰਟ ਸੁਰੱਖਿਆ ਕੌਂਸਲ ਦੇ ਅਤਿਵਾਦ ਬਾਰੇ ਰੁਖ਼ ਦੇ ਬਿਲਕੁਲ ਉਲਟ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਪੂਰਾ ਜੰਮੂ ਕਸ਼ਮੀਰ ਸੂਬਾ ਭਾਰਤ ਦਾ ਅਟੁੱਟ ਅੰਗ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ 'ਆਜ਼ਾਦ ਜੰਮੂ ਕਸ਼ਮੀਰ' ਤੇ 'ਗਿਲਗਿਤ-ਬਾਲਟਿਸਤਾਨ' ਉੱਤੇ ਨਾਜਾਇਜ਼ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਭਾਰਤ ਕਈ ਵਾਰ ਪਾਕਿਸਤਾਨ ਨੂੰ ਇਸ ਖਿੱਤੇ ਨੂੰ ਖ਼ਾਲੀ ਕਰਨ ਬਾਰੇ ਕਹਿ ਚੁੱਕਾ ਹੈ।

# ਪਾਣੀ ਖ਼ਤਮ ਤਾਂ ਜੀਵਨ ਪਿਆਸਾ

ਅੰਗ-ਸੰਗ



ਸ਼ਾਮ ਸਿੰਘ
98141-13338

ਸੁਣਨ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਧਰਤੀ 'ਤੇ ਲੋੜੀਂਦੀਆਂ ਵਸਤਾਂ ਇੱਕੋ ਵਾਰ ਪੈਦਾ ਕਰ ਦਿੱਤੀਆਂ ਗਈਆਂ, ਜਿਨ੍ਹਾਂ ਨਾਲ ਧਰਤੀ ਉੱਤੇ ਵਸਦੇ ਜੀਵਨ ਦੀ ਜ਼ਰੂਰੀ ਪੂਰਤੀ ਹੁੰਦੀ ਰਹੇਗੀ। ਦਿਸਦੇ ਸਮੁੰਦਰ, ਦਰਿਆ, ਨਦੀ-ਨਾਲਿਆਂ ਤੋਂ ਬਿਨਾਂ ਧਰਤੀ ਹੇਠ ਵੀ ਏਨਾ ਪਾਣੀ ਭਰ ਦਿੱਤਾ ਗਿਆ ਕਿ ਲੱਗਦਾ ਹੀ ਨਹੀਂ ਸੀ ਕਿ ਇਹ ਮੁੱਕ ਜਾਵੇਗਾ। ਸਦੀਆਂ ਤੋਂ ਬੰਦਾ ਇਹ ਪਾਣੀ ਕੱਢੀ ਜਾ ਰਿਹਾ, ਜੋ ਮਨੁੱਖ ਦੇ ਨਾਲ-ਨਾਲ ਪਸ਼ੂ-ਪੰਛੀਆਂ ਅਤੇ ਬਨਸਪਤੀ ਦੇ ਕੰਮ ਆਉਂਦਾ ਰਿਹਾ। ਫ਼ਸਲਾਂ ਪਾਣੀ ਬਗ਼ੈਰ ਨੇਪਰੇ ਨਹੀਂ ਚੜ੍ਹ ਸਕਦੀਆਂ।

ਨਾ ਮੰਨਣ ਵਾਲੇ ਇਹ ਕਹਿੰਦੇ ਹਨ ਕਿ ਧੁੱਪ, ਹਵਾ, ਪਾਣੀ ਅਤੇ ਗੈਸਾਂ ਕਦੇ ਖ਼ਤਮ ਨਹੀਂ ਹੋ ਸਕਦੀਆਂ, ਕਿਉਂਕਿ ਇਹ ਆਪਸੀ ਰੂਪ ਵੀ ਵਟਾਉਂਦੀਆਂ ਰਹਿੰਦੀਆਂ ਅਤੇ ਇੱਕ-ਦੂਜੇ 'ਚੋਂ ਨਿਕਲ ਕੇ ਨਵਾਂ ਰੂਪ ਹੀ ਬਦਲ ਲੈਂਦੀਆਂ। ਇਹ ਵਰਤਾਰਾ ਅੱਜ ਦਾ ਨਹੀਂ, ਸਗੋਂ ਸਦੀਆਂ ਤੋਂ ਚੱਲਦਾ ਆ ਰਿਹਾ ਅਤੇ ਸਦੀਆਂ ਤੱਕ ਚੱਲਦਾ ਰਹੇਗਾ।

ਇਸ ਲਈ ਧਰਤੀ ਹੇਠਲਾ ਪਾਣੀ ਵੀ ਨਹੀਂ ਮੁੱਕੇਗਾ, ਕਿਉਂਕਿ ਉਹ ਅਥਾਹ ਹੈ, ਅਮੁੱਕ ਵੀ। ਇਹ ਤਾਂ ਹਰ ਜੀਵ ਨੂੰ ਭਲੀ ਭਾਂਤ ਪਤਾ ਹੈ ਕਿ ਪਾਣੀ ਖ਼ਤਮ ਤਾਂ ਜੀਵਨ ਪਿਆਸਾ ਰਹਿ ਜਾਵੇਗਾ। ਪਾਣੀ ਬਿਨਾਂ ਮੁਰਝਾਏ ਪੌਦਿਆਂ ਨੂੰ ਦੇਖਿਆ ਜਾ ਸਕਦਾ ਹੈ ਅਤੇ ਸੁੱਕਦੇ ਬੁੱਲ੍ਹਾਂ ਨੂੰ, ਜਿਨ੍ਹਾਂ ਦਾ ਪਾਣੀ ਬਿਨਾਂ ਸਰ ਹੀ ਨਹੀਂ ਸਕਦਾ। ਪਾਣੀ ਤਾਂ ਅਜਿਹੀ ਜ਼ਰੂਰੀ ਵਸਤੂ ਹੈ, ਜੋ ਜੀਵਨ ਦਾ ਲਾਜ਼ਮੀ ਆਸਰਾ ਹੈ, ਜਿਸ ਬਿਨਾਂ ਜੀਵਨ ਕਾਇਮ ਨਹੀਂ ਰਹਿ ਸਕਦਾ। ਜੇ ਵਨਸਪਤੀ ਪਿਆਸੀ ਤਾਂ ਹਰ ਪਾਸੇ ਉਦਾਸੀ। ਏਹੀ ਹਾਲ ਮਨੁੱਖਾਂ ਦਾ ਹੈ, ਜਿਸ ਨੂੰ ਪਲ-ਪਲ ਹਵਾ ਦੀ ਲੋੜ ਤੇ ਨਾਲ ਦੀ ਨਾਲ ਪਾਣੀ ਦੀ ਜ਼ਰੂਰਤ, ਜਿਸ ਦੇ ਬਗ਼ੈਰ ਇੱਛਾ ਦੇ ਬੁੱਲ੍ਹ ਤੜਫਦੇ ਰਹਿੰਦੇ ਹਨ, ਅਸਲੀ ਬੁੱਲ੍ਹ ਸੁੱਕੇ।

ਅਸੀਂ ਪਾਣੀ ਦੀ ਵਰਤੋਂ ਵੇਲੇ ਕਿਸੇ ਲਾਟ ਦੀ ਪਰਵਾਹ ਨਹੀਂ ਕਰਦੇ। ਬੇਤਹਾਸ਼ਾ ਰੋੜ੍ਹੀ ਵੀ ਜਾਂਦੇ ਹਾਂ, ਗੁਆਈ ਵੀ, ਕਿਉਂਕਿ ਮੁਫ਼ਤ ਮਿਲਦਾ ਹੈ ਜਾਂ ਫਿਰ ਸਸਤਾ। ਪਾਣੀ ਵਰਤਣ ਵੇਲੇ ਆਪਣੇ ਬਾਰੇ ਹੀ ਸੋਚਦੇ ਹਾਂ, ਦੂਜਿਆਂ ਬਾਰੇ ਤਾਂ ਨਹੀਂ। ਇਸ ਬਾਰੇ ਤਾਂ ਸੋਚਣ ਲਈ ਵਿਹਲ ਹੀ ਨਹੀਂ ਕਿ ਪਾਣੀ ਮੁੱਕ ਚੱਲਿਆ, ਜਿਸ ਲਈ ਬੰਦੇ ਦਾ ਹੀ ਕਸੂਰ ਹੈ, ਧਰਤੀ ਦਾ ਨਹੀਂ। ਆਦਮੀ ਦੀ ਲਾਪ੍ਰਵਾਹੀ ਹੀ ਦੋਸ਼ੀ ਹੈ, ਜਾਨਵਰਾਂ ਦੀ ਨਹੀਂ। ਜਦ ਪਿਆਸ ਹੀ ਭਾਰੂ ਹੋ ਜਾਵੇਗੀ ਤਾਂ ਪੂਰਾਂ ਦੇ ਪੂਰ ਖ਼ਤਮ ਹੋ ਜਾਣਗੇ, ਕਿਧਰੇ ਨੂਰ ਨਹੀਂ ਦਿਸੇਗਾ।

ਕਵੀ ਨੇ ਤਾਂ ਆਪਣਾ ਫ਼ਰਜ਼ ਨਿਭਾਅ ਕੇ ਕੇਵਲ ਦੱਸਣਾ ਹੀ ਹੁੰਦਾ। ਉਹ ਲੋਕਾਂ ਦੇ ਹੱਥ ਫੜ ਕੇ ਪਾਣੀ ਰੋੜ੍ਹਨ ਤੋਂ ਜਬਰੀ ਰੋਕ ਤਾਂ ਨਹੀਂ ਸਕਦਾ। ਕਵੀ ਤਾਂ ਇੰਜ ਬੋਲ ਰਿਹਾ :

ਮੁੱਕ ਚੱਲਿਆ ਹੇਠਲਾ ਪਾਣੀ
ਜ਼ਮੀਨ ਦਾ ਕਸੂਰ ਕੋਈ ਨਾ
ਰਹਿ ਜਾਣਗੇ ਪਿਆਸੇ ਜਦ ਸਾਰੇ
ਬਚੂ ਇਥੇ ਪੂਰ ਕੋਈ ਨਾ।
ਭਲਕੇ ਨੂੰ ਭੁੱਲ ਕੇ ਅਸੂਲ ਤੋੜੀ ਜਾਂਦੇ
ਬੇਅਕਲੀ ਦੀ ਏਸ ਗੱਲ 'ਤੇ
ਹੋਣਾ ਕਿਸੇ ਨੂੰ ਗਰੂਰ ਕੋਈ ਨਾ।
ਜਿੰਨੇ ਵੀ ਸੁਣਦੇ ਹੋ ਸਾਰੇ
ਸਮਝੋ ਵਕਤਾਂ ਦੇ ਮਾਰੇ
ਤੁਪਕਾ ਤੁਪਕਾ ਬਚਾ ਲਓ ਪਾਣੀ
ਨਹੀਂ ਤਾਂ ਲੱਭੂ ਨੂਰ ਕੋਈ ਨਾ।




ਹੁਣ ਤਾਂ ਥਾਂ-ਥਾਂ ਲਿਖਿਆ ਤੁਰਿਆ ਫਿਰਦਾ ਕਿ ਪਾਣੀ ਦੀ ਨਾਜਾਇਜ਼ ਵਰਤੋਂ ਰੋਕੋ, ਨਹੀਂ ਤਾਂ ਮਾਰੇ ਜਾਓਗੇ। ਨਾ ਪਿਆਸ ਕੱਟੀ ਜਾ ਸਕਦੀ ਹੈ ਅਤੇ ਨਾ ਹੀ ਭੁੱਖ। ਪਿਆਸ ਤੇ ਭੁੱਖ ਨਿਰੇ ਹੀ ਦੁੱਖ। ਫੇਰ ਕਿਉਂ ਨਾ ਸੰਭਲੀਏ। ਪਾਣੀ ਜ਼ਰੂਰੀ ਲੋੜ ਲਈ ਹੀ ਵਰਤਿਆ ਜਾਵੇ, ਬੇਲੋੜਾ ਉੱਕਾ ਹੀ ਨਹੀਂ।

ਪੁਰਾਣੇ ਵਕਤਾਂ 'ਚ ਜਦ ਬਜ਼ੁਰਗ ਖੂਹ 'ਚੋਂ ਡੋਲ ਪਾਣੀ ਦਾ ਕੱਢ ਪਿੰਡੇ 'ਤੇ ਪਾਉਂਦੇ ਸਨ ਤਾਂ ਉਨ੍ਹਾਂ ਦੇ ਮੂੰਹੋਂ ਆਪ-ਮੁਹਾਰੇ ਨਿਕਲਦਾ ਸੀ-ਜਲ ਮਿਲਿਆ ਪ੍ਰਮੇਸ਼ਰ ਮਿਲਿਆ। ਬੜੀ ਕਦਰ ਸੀ ਪਾਣੀ ਦੀ ਅਤੇ ਲੋਕ ਪਾਣੀ ਦਾ ਆਦਰ ਕਰਦੇ ਹੋਏ ਇਸ ਦੀ ਵਰਤੋਂ ਕਰਦੇ ਰਹੇ। ਲਓ ਫੇਰ ਧੁੱਪ, ਹਵਾ, ਪਾਣੀ ਬਾਰੇ ਕਵੀ ਨੂੰ ਸੁਣੀਏ -

ਜਲ ਮਿਲਿਆ ਪ੍ਰਮੇਸ਼ਰ ਮਿਲਿਆ, ਗੱਲ ਇਹ ਬੜੀ ਪੁਰਾਣੀ
ਪਾਣੀ ਬਿਨਾਂ ਕਦੇ ਨਾ ਸਰਦਾ, ਇਹ ਜੀਵਨ ਦੀ ਤੰਦ-ਤਾਣੀ।
ਪੌਣ ਵਗਦੀ ਸਦਾ ਨਿਰੰਤਰ, ਖੁਲ੍ਹਦਿਲੀ ਮਨ ਦੀ ਰਾਣੀ
ਹਰਦਮ ਮੁਫ਼ਤੋਂ ਮੁਫ਼ਤੀ ਮਿਲਦੀ, ਏਸੇ ਤਰ੍ਹਾਂ ਹੀ ਪਾਣੀ।
ਧਰਤੀ ਪੁੱਤਰ ਮੁਫ਼ਤ ਪਾਲਦੀ, ਪੌਣ ਜੋ ਵਗਦੀ ਰਹਿੰਦੀ
ਬੱਦਲਾਂ ਦੇ ਵਿੱਚ ਛੁਪਿਆ ਪਾਣੀ, ਹਵਾ ਹੀ ਸਿਰ 'ਤੇ ਸਹਿੰਦੀ।
ਧਰਤੀ ਹੇਠਲਾ ਮੁੱਕਦਾ ਜਾਂਦਾ, ਸਦੀਆਂ ਤੋਂ ਵਗਦਾ ਪਾਣੀ
ਫੇਰ ਵੀ ਬੰਦਾ ਹੁੰਦਾ ਨਾਈਂ, ਅਕਲਾਂ ਦਾ ਖ਼ੁਦ ਹਾਣੀ।
ਧਰਤੀ ਮਾਂ ਨੇ ਸਾਂਭੇ ਬੰਦੇ, ਹਵਾ ਤਾਂ ਸਦਾ ਸੁਹਾਣੀ
ਸਾਹ ਦੇ ਕੇ ਗੁਰੂ ਬਣ ਜਾਂਦੀ, ਪਿਤਾ ਸਮਾਨ ਹੈ ਪਾਣੀ।
ਲੋੜ ਮੁਤਾਬਕ ਕੇਵਲ ਵਰਤੋ, ਪਿਤਾ ਵਾਂਗ ਜੋ ਪਾਣੀ
ਮੁੱਕ ਗਿਆ ਤਾਂ ਹੋ ਜਾਓਗੇ, ਸ਼ਰਮ 'ਚ ਪਾਣੀ ਪਾਣੀ
ਪਾਣੀ ਬਿਨਾਂ ਨਾ ਲਗਰ ਝੂਲਦੀ, ਹਵਾ ਬਗ਼ੈਰ ਨਾ ਟਾਹਣੀ
ਐਵੇਂ ਨਾ ਮੁੱਕ ਜਾਏ ਕਿਧਰੇ, ਜਿੰਦ ਦੀ ਰਾਮ ਕਹਾਣੀ
ਹੁਣੇ ਸੋਚੀਏ ਹੁਣ ਸਮਝੀਏ, ਫੇਰ ਇਹ ਘੜੀ ਨਾ ਆਣੀ
ਤੁਪਕਾ ਤੁਪਕਾ ਸਾਂਭ ਰੱਖੀਏ, ਇਹ ਬਹੁਮੁੱਲਾ ਪਾਣੀ।

ਪਾਣੀ ਦੇ ਮਾਹਿਰ ਚੇਤਾਵਨੀ ਦੇ ਰਹੇ ਹਨ ਕਿ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ, ਜਿਸ ਕਾਰਨ ਇਸ ਦੀ ਵਰਤੋਂ ਵੇਲੇ ਸਾਵਧਾਨ ਹੋਣ ਦੀ ਲੋੜ ਵੀ ਹੈ ਅਤੇ ਸੰਜੀਦਾ ਵੀ। ਇੱਕ ਸੁਨੇਹੇ ਵਿੱਚ ਦੱਸਿਆ ਗਿਆ ਹੈ ਕਿ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਮੁਹਾਲੀ ਜ਼ਿਲ੍ਹਿਆਂ ਵਿੱਚ 2020 ਤੱਕ ਧਰਤੀ ਹੇਠ ਪਾਣੀ ਨਹੀਂ ਰਹੇਗਾ। ਸੋਚਣ ਵਾਲੀ ਗੱਲ ਹੈ ਕਿ ਇਹ ਦੂਜਿਆਂ ਜ਼ਿਲ੍ਹਿਆਂ ਤੱਕ ਪਹੁੰਚ ਕਰਕੇ ਧਰਤੀ ਹੇਠ ਨਹਿਰਾਂ ਵੀ ਨਹੀਂ ਬਣਾ ਸਕਦੇ। ਇਸ ਲਈ ਇਨ੍ਹਾਂ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਸੁਚੇਤ ਹੋਣ ਦੀ ਜ਼ਰੂਰਤ ਵੀ ਹੈ ਅਤੇ ਸਾਵਧਾਨ ਵੀ। ਪਾਣੀ ਗਿਆ ਤਾਂ ਜੀਵਨ ਪਿਆਸਾ, ਰਹਿ ਜਾਣਗੇ ਹੰਝੂ ਈ ਹੰਝੂ, ਲੱਭਣਾ ਨਹੀਂ ਲੱਭਿਆਂ ਵੀ ਹਾਸਾ।

ਜ਼ਰੂਰੀ ਹੈ ਕਿ ਹਰ ਖੇਤਰ ਦੇ ਆਗੂ ਜਾਗਣ ਅਤੇ ਲੋਕਾਂ ਨੂੰ ਜਗਾਉਣ। ਹਵਾ ਨੂੰ ਦੂਸ਼ਿਤ ਨਾ ਕਰਨ, ਪਾਣੀ ਨੂੰ ਅਜਾਈਂ ਨਾ ਰੁੜ੍ਹਾਉਣ। ਪਾਣੀ ਕੁਦਰਤ ਦੀ ਨੇਹਮਤ ਹੈ, ਜੋ ਜੀਵਨ ਦੀ ਪਿਆਸ ਮਿਟਾਣ ਲਈ ਅਤੀ ਜ਼ਰੂਰੀ ਹੈ, ਜਿਸ ਨੂੰ ਆਜ਼ਾਦ ਹੀ ਰਹਿਣ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਪਾਣੀ ਪ੍ਰਾਪਤ ਕਰਨ ਲਈ ਮੁਸ਼ਕਲ ਨਾ ਆਵੇ। ਬੋਤਲਾਂ ਵਾਲੇ ਪਾਣੀ ਨੂੰ ਬੋਤਲਾਂ 'ਚ ਬੰਦ ਕਰਨਾ ਛੱਡ ਕੇ ਕੋਈ ਹੋਰ ਕਾਰੋਬਾਰ ਕਰਨ ਤਾਂ ਚੰਗਾ ਰਹੇਗਾ। ਚੰਗਾ ਹੋਵੇਗਾ ਜੇ ਬਰਸਾਤੀ ਪਾਣੀ ਜਮ੍ਹਾਂ ਕਰ ਕੇ ਸਾਫ਼ ਕੀਤਾ ਜਾਵੇ ਅਤੇ ਵਰਤੋਂ ਵਿੱਚ ਲਿਆ ਕੇ ਪਾਣੀ ਦੀ ਘਾਟ ਨੂੰ ਪੂਰਾ ਕੀਤਾ ਜਾਵੇ। ਪਾਣੀ ਨੂੰ ਦੂਸ਼ਿਤ ਕਰਨ ਵਾਲੇ ਵੀ ਹੁਣ ਜਾਗ ਪੈਣ, ਕਿਉਂਕਿ ਕੁਦਰਤ ਦੀ ਇਸ ਪਵਿੱਤਰ ਦੇਣ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਵੇ, ਉਹ ਥੋੜ੍ਹਾ ਹੀ ਰਹੇਗਾ। ਬਹੁਤੀ ਦੂਰ ਜਾਣ ਦੀ ਲੋੜ ਨਹੀਂ, ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਵਿੱਚ ਵਗਦੀਆਂ ਕੂਲ੍ਹਾਂ ਅੱਗੇ ਬਰਤਨਾਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਜਾ ਸਕਦੀਆਂ ਹਨ ਜੋ ਪਾਣੀ ਦੀ ਉਡੀਕ ਕਰਦੀਆਂ ਕਦੇ ਵੀ ਨਹੀਂ ਥੱਕਦੀਆਂ। ਕੁਦਰਤੀ ਨਿਆਮਤਾਂ ਦਾ ਸਦਾ ਸਵਾਗਤ ਅਤੇ ਆਦਰ ਕਰਨਾ ਸਿੱਖੀਏ ਤਾਂ ਕਿ ਇਹ ਹੋਰ ਮਿਲਦੀਆਂ ਰਹਿਣ। ਇਨ੍ਹਾਂ ਦੀ ਕਦੇ ਤੋਟ ਨਾ ਆਵੇ, ਲੋਕਾਂ ਦੀ ਪਿਆਸ ਬੁਝਦੀ ਰਹੇ।

ਜੇ ਕੁਦਰਤ ਦੇ ਇਸ ਵਰਤਾਰੇ ਵਿੱਚ ਰੌਚਿਕਤਾ ਨਾ ਰਹੀ ਤਾਂ ਜੀਣ ਦੀ ਦਿਲਚਸਪੀ ਜਾਂਦੀ ਰਹੇਗੀ।

ਜੀਣ 'ਚ ਦਿਲਚਸਪੀ ਨਾ ਰਹੂ ਜੇ ਮਿਲਿਆ ਨਾ ਕੋਈ ਹਾਣੀ
ਪਾਣੀ ਪਾਣੀ ਹੋ ਜਾਵਾਂਗੇ
ਜਦ ਮਿਲਿਆ ਨਾ ਕਿਧਰੇ ਪਾਣੀ।
ਬੰਜਰ ਫਿਰ ਹੋ ਜਾਊ ਜੀਵਨ
ਰੁਕ ਜਾਊ ਜਿੰਦ ਦੀ ਕਹਾਣੀ
ਓਹੀ ਬਚ ਰਹਿਣਗੇ ਸਾਈਆਂ
ਕਦਰ ਪਾਣੀ ਦੀ ਜਿਨ੍ਹਾਂ ਨੇ ਜਾਣੀ।

ਸ਼ਾਇਦ ਅਜਿਹਾ ਕੋਈ ਵੀ ਨਹੀਂ, ਜਿਸ ਨੂੰ ਪਾਣੀ ਦੀ ਅਹਿਮੀਅਤ ਦਾ ਪਤਾ ਨਾ ਹੋਵੇ। ਫੇਰ ਵੀ ਪਾਣੀ ਨੂੰ ਅਜਾਈਂ ਗੁਆਉਣ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਕਾਰਨ ਹੀ ਫ਼ਿਕਰਮੰਦੀ ਦਾ ਆਲਮ ਸ਼ੁਰੂ ਹੁੰਦਾ ਹੈ, ਜਿਸ 'ਤੇ ਕਾਬੂ ਪਾਉਣ ਦੇ ਜਤਨ ਵੀ ਸ਼ੁਰੂ ਹੁੰਦੇ ਹਨ ਅਤੇ ਕਦਮ ਵੀ ਭਰੇ ਜਾਂਦੇ ਹਨ ਤਾਂ ਜੋ ਪਾਣੀ ਦੇ ਬਚਾਅ ਲਈ ਢੁਕਵੀਆਂ ਥਾਵਾਂ 'ਤੇ ਹੋਕਾ ਦਿੱਤਾ ਜਾ ਸਕੇ। ਪਿਆਸ ਦਾ ਇਲਾਜ ਪਾਣੀ ਹੈ, ਜਿਸ ਬਿਨਾਂ ਪਿਆਸ ਨਹੀਂ ਮਿਟਦੀ। ਪਿਆਸ ਮਿਟਾਏ ਬਗ਼ੈਰ ਜੀਵਨ ਬਚਾਉਣਾ ਆਸਾਨ ਨਹੀਂ। ਆਓ ਸਾਰੇ ਮਿਲ ਕੇ ਪਾਣੀ ਬਚਾਈਏ ਤਾਂ ਕਿ ਕੱਲ੍ਹ ਅੱਗੇ ਸ਼ਰਮਿੰਦਾ ਨਾ ਹੋਈਏ, ਆਉਣ ਵਾਲਿਆਂ ਅੱਗੇ ਝੰਡਾ ਉੱਚਾ ਰਹੇ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਮੌਸਮ ਵਿਭਾਗ ਵਾਲਿਆਂ ਦੱਸਿਆ ਕਿ ਆਉਣ ਵਾਲੇ ਦੋ-ਤਿੰਨ ਦਿਨ ਭਾਰੀ ਬਾਰਸ਼ ਪਏਗੀ ਤੇ ਤੂਫ਼ਾਨ ਆਵੇਗਾ। ਪਤੀ ਨੇ ਪਤਨੀ ਨੂੰ ਕਿਹਾ, "ਤੂਫ਼ਾਨ ਦਾ ਮੁਕਾਬਲਾ ਮੈਂ ਤਾਂ ਕਰ ਨੀ ਸਕਦਾ।"

ਪਤਨੀ - "ਸਿੱਧਾ ਕਹੋ ਕਿ ਮਤਲਬ ਕਿਆ ਹੈ ?"

ਪਤੀ - 'ਤੂਫ਼ਾਨ ਦਾ ਮੁਕਾਬਲਾ ਤੂੰ ਹੀ ਕਰ ਸਕਦੀ ਹੈਂ -"ਜਾਣੀ ਤੂਫ਼ਾਨ ਦਾ ਮੁਕਾਬਲਾ ਤੂਫ਼ਾਨ।"

## 12 ਜੁਲਾਈ 'ਤੇ ਵਿਸ਼ੇਸ਼

# ਰੁਸਤਮ ਏ ਹਿੰਦ ਪਹਿਲਵਾਨ ਦਾਰਾ ਸਿੰਘ



ਨਵਜੋਤ ਬਜਾਜ ਗੱਗੂ
91-98721-02614

ਪਹਿਲਵਾਨ ਦਾਰਾ ਸਿੰਘ ਦਾ ਜਨਮ 19 ਨਵੰਬਰ 1928 ਨੂੰ ਅੰਮ੍ਰਿਤਸਰ ਜਿਲੇ ਦੇ ਪਿੰਡ ਧਰਮੂਚੱਕ ਵਿਖੇ ਪਿਤਾ ਸੂਰਤ ਸਿੰਘ ਦੇ ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ। ਦਾਰਾ ਸਿੰਘ ਦਾ ਅਸਲੀ ਨਾਂ ਦੀਦਾਰ ਸਿੰਘ ਰੰਧਾਵਾ ਸੀ ।1954 ਵਿੱਚ ਦਾਰਾ ਸਿੰਘ ਰੁਸਤਮ-ਏ-ਪੰਜਾਬ , ਰੁਸਤਮ-ਏ-ਹਿੰਦ ਤੇ ਬਾਅਦ ਵਿੱਚ ਰੁਸਤਮ-ਏ-ਜਹਾਂ ਬਣੇ। ਉਹ 2003 ਤੋਂ 2009 ਤੱਕ ਲੋਕ ਸਭਾ ਦੇ ਮੈਂਬਰ ਵੀ ਰਹੇ ਕਿਉਂਕਿ ਉਹ ਭਾਰਤੀ ਜਨਤਾ ਪਾਰਟੀ ਨਾਲ ਸੰਬੰਧ ਰਖਦੇ ਸਨ। ਦਾਰਾ ਸਿੰਘ ਨੂੰ ਘਰ ਵਾਲੇ ਪਿਆਰ ਨਾਲ ਦਾਰੀ ਕਹਿ ਕੇ ਬੁਲਾਉਂਦੇ। ਉਹਨਾਂ ਦੇ ਪਿਤਾ ਨਹੀਂ ਚਾਹੁੰਦੇ ਸਨ ਕਿ ਦਾਰਾ ਪਹਿਲਵਾਨ ਬਣੇ ਪਰ ਉਸਦੇ ਚਾਚੇ ਨੇ ਆਪਣੇ ਭਤੀਜੇ ਦਾ ਰੁਝਾਨ ਪਹਿਲਵਾਨੀ ਵੱਲ ਵੇਖਿਆ ਤਾਂ ਉਹਨਾਂ ਨੇ ਦਾਰਾ ਸਿੰਘ ਨੂੰ ਉਤਸ਼ਾਹਿਤ ਕੀਤਾ । ਦਾਰਾ ਸਿੰਘ ਦਾ ਕੱਦ 6 ਫੁੱਟ 2 ਇੰਚ, ਭਾਰ 132 ਕਿਲੋ ਤੇ ਛਾਤੀ ਦਾ ਘੇਰਾ 54 ਇੰਚ ਸੀ।

1954 ਵਿੱਚ ਜਦ ਦਾਰਾ ਸਿੰਘ ਸਿੰਗਾਪੁਰ ਗਏ ਤਾਂ ਉਹਨਾਂ ਦਾ ਸੰਪਰਕ ਪਹਿਲਵਾਨ ਜੋਗਿੰਦਰ ਸੁਰਸਿੰਘੀਏ ਨਾਲ ਹੋਇਆ। ਦਾਰਾ ਸਿੰਘ ਉਸ ਤੋਂ ਕੁਸ਼ਤੀ ਦੇ ਦਾਅ-ਪੇਚ ਸਿੱਖਣ ਲੱਗੇ। ਦਾਰਾ ਸਿੰਘ ਨੇ ਰਸਮੀ ਤੌਰ ਤੇ ਪਹਿਲਵਾਨ ਹਰਨਾਮ ਸਿੰਘ ਨੂੰ ਆਪਣਾ ਉਸਤਾਦ ਧਾਰਿਆ। ਦਾਰਾ ਸਿੰਘ ਨੇ 500 ਤੋਂ ਵੱਧ ਕੁਸ਼ਤੀਆਂ ਵਿੱਚ ਭਾਗ ਲਿਆ ਤੇ ਅਣਗਿਣਤ ਜਿੱਤਾਂ ਹਾਸਲ ਕੀਤੀਆਂ। ਦਾਰਾ ਸਿੰਘ ਤੇ ਵਿਸ਼ਵ ਚੈਂਪੀਅਨ ਕਿੰਗਕਾਂਗ ਦੀ ਕੁਸ਼ਤੀ ਪੂਰੀ ਦੁਨਿਆ ਵਿੱਚ ਮਸ਼ਹੂਰ ਹੋਈ। ਇਸ ਕੁਸ਼ਤੀ ਵਿੱਚ ਕਿੰਗਕਾਂਗ ਨੂੰ ਬੁਰੀ ਤਰਾਂ ਹਾਰ ਦਾ ਸਾਹਮਣਾ ਕਰਨਾ ਪਿਆ। ਫਰੀ ਸਟਾਈਲ ਕੁਸ਼ਤੀ ਦੇ ਵਰਲਡ ਚੈਮਪਿਅਨ ਦਾ ਭਾਰ 700 ਪੌਂਡ ਤੇ ਦਾਰਾ ਸਿੰਘ ਦਾ ਭਾਰ 278 ਪੌਂਡ ਸੀ ਫੇਰ ਵੀ ਦਾਰਾ ਸਿੰਘ ਨੇ 13 ਮਿੰਟਾਂ ਵਿੱਚ ਵਰਲਡ ਚੈਂਪੀਅਨ ਨੂੰ ਤਾਰੇ ਵਿਖਾ ਦਿੱਤੇ। 1946 ਵਿੱਚ ਦਾਰਾ ਸਿੰਘ ਸਿੰਗਾਪੁਰ ਤੇ



ਮਲਾਇਆ ਦੇ ਚੈਂਪੀਅਨ ਬਣੇ। ਇਸ ਤੋਂ ਬਾਅਦ ਦਾਰਾ ਸਿੰਘ ਨੂੰ ਹੋਰਨਾਂ ਮੁਲਕਾਂ ਤੋਂ ਵੀ ਕੁਸ਼ਤੀਆਂ ਲੜਨ ਦੇ ਸੱਦੇ ਆਉਣ ਲੱਗੇ। ਪੂਰੀ ਦੁਨੀਆ ਵਿੱਚ ਦਾਰਾ-ਦਾਰਾ ਹੋ ਗਈ। ਦਾਰਾ ਸਿੰਘ ਦਾ ਨਾਂ ਪਹਿਲਵਾਨੀ ਦੇ ਨਾਲ-ਨਾਲ ਅਦਾਕਾਰੀ ਲਈ ਵੀ ਜਾਣਿਆ ਜਾਂਦਾ ਹੈ । ਕੁਸ਼ਤੀਆਂ ਦੌਰਾਨ ਹੀ ਇੱਕ ਫਿਲਮ ਪ੍ਰੋਡਿਊਸਰ ਦੀ ਨਜ਼ਰ ਦਾਰਾ ਸਿੰਘ ਉਪਰ ਪਈ ਤੇ ਉਹਨਾਂ ਨੂੰ ਫਿਲਮ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ 1952 ਵਿੱਚ ਸੰਗ ਦਿਲ ਫਿਲਮ ਰਾਹੀਂ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਹਿੰਦੀ, ਪੰਜਾਬੀ, ਗੁਜਰਾਤੀ, ਹਰਿਆਣਵੀ, ਮਲਿਆਲਮ ਤੇ ਤਾਮਿਲ ਸਮੇਤ 100 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਅਤੇ ਕਈ ਟੀ ਵੀ ਸੀਰੀਅਲ ਵਿੱਚ ਵੀ ਕੰਮ ਕੀਤਾ। ਉਹਨਾਂ ਨੇ 9 ਫਿਲਮਾਂ ਦਾ ਖੁਦ ਨਿਰਦੇਸ਼ਨ ਕੀਤਾ। ਦਾਰਾ ਸ਼ਬਦ ਅੱਜ ਤਾਕਤ ਦਾ ਪ੍ਰਤੀਕ ਬਣ ਗਿਆ ਹੈ। ਅੱਜ ਇੱਕ ਪਿਤਾ ਵੀ ਆਪਣੇ ਕਮਜ਼ੋਰ ਬੱਚੇ ਨੂੰ ਕਹਿੰਦਾ ਹੈ ਪੁਤ ਖਾਇਆ ਪੀਆ ਕਰ ਵੱਡਾ ਹੋ ਕਿ ਦਾਰਾ ਸਿੰਘ ਬਣਨਾ ਜਾਂ ਫਿਰ ਅਕਸਰ ਹੀ ਸੁਣਿਆ ਜਾਂਦਾ ਹੈ ਚੱਲ ਆਇਆ ਵੱਡਾ ਦਾਰਾ। ਇਹ ਮੁਹਾਵਰਾ ਦਾਰਾ ਸਿੰਘ ਦੇ ਜਿਉਂਦੇ ਜੀ ਪੰਜਾਬੀਆਂ ਦੀ ਜੁਬਾਨ ਤੇ ਚੜ ਗਿਆ ਸੀ । ਦਾਰਾ ਸਿੰਘ ਪਹਿਲਵਾਨੀ ਤੇ ਅਦਾਕਾਰੀ ਦਾ ਮੁਕੰਮਲ ਮੇਲ ਸੀ। ਫਿਲਮ ਜਗਤ ਵਿੱਚ ਆਪਣਾ ਲੋਹਾ ਮਨਾਉਣ ਵਾਲਾ ਇਹ ਹੀਰਾ 12 ਜੁਲਾਈ 2012 ਨੂੰ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ।

# ਸ਼੍ਰੋਮਣੀ ਕਮੇਟੀ ਵੱਲੋਂ ਇਮਰਾਨ ਨੂੰ ਨਗਰ ਕੀਰਤਨ 'ਚ ਸ਼ਾਮਲ ਹੋਣ ਦਾ ਸੱਦਾ

**ਅੰਮ੍ਰਿਤਸਰ-** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ 25 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਜਾਣ ਵਾਲੇ ਅੰਤਰਰਾਸ਼ਟਰੀ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਲਹਿੰਦੇ ਪੰਜਾਬ ਦੇ ਗਵਰਨਰ ਅਤੇ ਮੁੱਖ ਮੰਤਰੀ ਸਮੇਤ ਹੋਰਨਾਂ ਨੂੰ ਸੱਦਾ ਪੱਤਰ ਭੇਜੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅੱਜ ਨਗਰ ਕੀਰਤਨ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ। ਮੀਟਿੰਗ 'ਚ ਪਾਕਿਸਤਾਨ ਸਰਕਾਰ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਣ ਦਾ ਫੈਸਲਾ ਹੋਇਆ ਹੈ, ਜਿਸ ਨੂੰ ਅਮਲ ਵਿੱਚ ਲਿਆਉਂਦਿਆਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ, ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਅਹਿਮਦ ਖਾਨ, ਗਵਰਨਰ ਚੌਧਰੀ ਮੁਹੰਮਦ ਸਰਵਰ, ਔਕਾਫ਼ ਬੋਰਡ ਦੇ ਚੇਅਰਮੈਨ ਡਾ. ਆਮਿਰ ਅਹਿਮਦ ਅਤੇ ਪੀਜੀਪੀਸੀ ਦੇ ਪ੍ਰਧਾਨ ਤਾਰਾ ਸਿੰਘ ਨੂੰ ਸੱਦਾ ਪੱਤਰ ਭੇਜੇ ਗਏ ਹਨ। ਜਾਣਕਾਰੀ ਦਿੰਦਿਆਂ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਨਗਰ ਕੀਰਤਨ ਸਬੰਧੀ ਵੀਜ਼ਾ ਪ੍ਰਕਿਰਿਆ ਲਈ ਪਹਿਲੀ ਸੂਚੀ ਵੀ



ਪਾਕਿਸਤਾਨ ਸਰਕਾਰ ਨੂੰ ਭੇਜ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 25 ਜੁਲਾਈ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਜਾਰੀ ਹਨ। ਉਨ੍ਹਾਂ ਨੇ ਪਾਕਿਸਤਾਨ ਵੱਸਦੇ ਸਿੱਖਾਂ ਅਤੇ ਹੋਰ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੀ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਾਕਿਸਤਾਨ ਵਿਖੇ ਤਿੰਨ ਸੈਮੀਨਾਰ ਕਰਵਾਉਣ ਦਾ ਵੀ ਪ੍ਰੋਗਰਾਮ ਹੈ।

ਇਸ ਸਬੰਧੀ ਮੁੱਖ ਸਕੱਤਰ ਡਾ. ਰੂਪ ਸਿੰਘ ਪਾਕਿਸਤਾਨੀ ਪੰਜਾਬ ਦੇ ਗਵਰਨਰ ਨਾਲ ਗੱਲਬਾਤ ਕਰ ਚੁੱਕੇ ਹਨ। ਇਸ ਦੌਰਾਨ ਮੀਟਿੰਗ ਵਿੱਚ ਅੰਤ੍ਰਿੰਗ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ, ਮੈਂਬਰ ਸੁਖਵਰਸ਼ ਸਿੰਘ ਪੰਨੂ, ਬਾਵਾ ਸਿੰਘ ਗੁਮਾਨਪੁਰਾ, ਸੁਰਜੀਤ ਸਿੰਘ ਭਿੱਟੇਵੱਡ, ਹਰਜਾਪ ਸਿੰਘ ਸੁਲਤਾਨਵਿੰਡ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਹਿੰਦਰ ਸਿੰਘ ਆਹਲੀ, ਮਨਜੀਤ ਸਿੰਘ ਬਾਠ, ਬਲਵਿੰਦਰ ਸਿੰਘ ਜੌੜਾਸਿੰਘਾ ਤੇ ਹੋਰ ਅਧਿਕਾਰੀ ਹਾਜ਼ਰ ਸਨ।

**ਕੈਪਟਨ ਨੂੰ ਸਵਾਗਤੀ ਸਮਾਰੋਹ ਲਈ ਸੱਦਾ ਪੱਤਰ**

ਇੱਥੇ ਹੋਈ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਗਰ ਕੀਰਤਨ ਦੇ ਅਟਾਰੀ ਸਰਹੱਦ ਵਿਖੇ ਸਵਾਗਤੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜਿਆ ਹੈ।

ਇਸ ਤੋਂ ਇਲਾਵਾ ਨਗਰ ਕੀਰਤਨ ਦੇ ਰੂਟ ਉਤੇ ਸੁਰੱਖਿਆ ਅਤੇ ਹੋਰ ਪ੍ਰਬੰਧ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

# ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ



ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਇਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।

ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ- ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖ਼ੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖਤਮ ਕਰਕੇ ਕੌਮੀ ਜਾਂ ਕ੍ਰਾਡੀਅਲ ਧਰਮ ਨੂੰ ਲਾਗੂ ਕੀਤਾ। ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗਾੜੇ ਰੂਪ ਹਨ। ਹਿੰਦੂਵਾਦ ਲੁਪਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।

ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਊਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖੁਸ਼ੀ ਖੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖਿਲਾਫ, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖਿਲਾਫ ਪਹਿਲੋਂ ਵੀ ਬਗਾਵਤਾਂ ਹੋਈਆਂ।




ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਅੱਛੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਾਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਨਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿੰਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚਾਇਆ। ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ। ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਕ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

(ਬਾਕੀ ਅਗਲੇ ਸਫੇ 'ਤੇ)

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਣ ਅਮੀਰਾਨਾ ਸੋਚ 'ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ 'ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ 'ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ 'ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ 'ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ 'ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ 'ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ 'ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ 'ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ 'ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ 'ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ 'ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ 'ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖ਼ਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛੁਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

*(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)*

*(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)*



ਸ.ਬੂੜ ਸਿੰਘ ਬੱਲ

## ਐਗਰੀਕਲਚਰਲ ਸਾਇੰਸਦਾਨ ਤੋਂ ਇਲੈਕਟਰੀਕਲ ਇੰਜੀਨੀਅਰ ਬਣੇ ਸ.ਬੂੜ ਸਿੰਘ ਬੱਲ ਨਹੀਂ ਰਹੇ

ਪੰਜਾਹ ਦੇ ਦਹਾਕੇ ਵਿਚ ਅਮਰੀਕਾ ਦੀ ਧਰਤੀ ਤੇ ਵੱਸਣ ਵਾਲੇ ਸ. ਬੂੜ ਸਿੰਘ ਬੱਲ ਅੱਠ ਜੁਲਾਈ 2019 ਨੂੰ ਫੋਲਸਮ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ । ਇਥੇ ਉਹ ਆਪਣੇ ਸਪੁੱਤਰ ਸ. ਜਸਦੀਪ ਸਿੰਘ ਬੱਲ ਅਤੇ ਨੂੰਹ ਡਾ. ਹਰਸਿਮਰਤ ਕੌਰ ਬੱਲ ਕੌਲ ਰਹਿੰਦੇ ਸਨ । ਸ. ਬੂਰ ਸਿੰਘ ਬੱਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ।

ਉਹ ਆਪਣੀ 88 ਸਾਲ ਦੀ ਉਮਰ ਪੂਰੀ ਕਰਕੇ ਪਿਛੇ ਆਪਣਾ ਹਸਦਾ-ਵਸਦਾ ਪਰਿਵਾਰ ਜਿਸ ਵਿੱਚ ਉਹਨਾਂ ਦੀ ਪਤਨੀ ਸਪੁੱਤਰ, ਨੂੰਹ, ਧੀ, ਜਵਾਈ, ਪੋਤਰੀ, ਪੋਤਰਾ, ਦੋਤਰੇ, ਦੋਤਰੀ ਹਨ, ਛੱਡ ਗਏ। ਸ. ਬੂੜ ਸਿੰਘ ਬੱਲ ਦਾ ਅੰਤਿਮ ਸੰਸਕਾਰ ਮਿਤੀ 13 ਜੁਲਾਈ 2019 ਦਿਨ ਸਨਿਚਰਵਾਰ ਨੂੰ ਨੌਰਥ ਸੈਕਰਾਮੈਂਟੋ ਫੁਨਰਲ ਹੋਮ ਇੰਕ 725 ਐਲ ਕਮੀਨੋ ਐਵਨਯੂ ਸੈਕਰਾਮੈਂਟੋ ਵਿਖੇ 10 ਤੋਂ 12 ਵਜੇ ਹੋਵੇਗਾ ਅਤੇ ਅੰਤਿਮ ਅਰਦਾਸ 1 ਵਜੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ 2301 ਐਵਰਗਰੀਨ ਐਵਨਯੂ ਵਿਖੇ ਹੋਵੇਗੀ। ਪਰਿਵਾਰ ਨਾਲ 510-332-8000 ਅਤੇ 510-525-5269 (ਸ. ਜਸਦੀਪ ਸਿੰਘਬੱਲ) ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਿੰਨੀ ਕਹਾਣੀ

## ਮਾਤਾ ਬਨਾਮ ਦਾਦੀ ਮਾਤਾ



ਤਸਵਿੰਦਰ ਸਿੰਘ ਬੜੈਚ

91-98763-22677

ਕੁਲਦੀਪ ਨਵੇਂ ਕੱਪੜੇ ਤੇ ਬੂਟ ਪਾ, ਹੱਥ ਵਿੱਚ ਕੱਪੜਿਆਂ ਵਾਲਾ ਬੈਗ ਫੜ ਕੇ ਜਦੋਂ ਆਪਣੇ ਕਮਰੇ 'ਚੋਂ ਨਿਕਲ ਕੇ ਬਾਹਰ ਜਾਣ ਲੱਗਾ ਤਾਂ ਦਰਾਂ ਵਿੱਚ ਟੁੱਟਿਆ ਜਿਹਾ ਮੰਜਾ ਡਾਹ ਕੇ ਬੈਠੀ ਉਸ ਦੀ ਬਿਰਧ ਦਾਦੀ ਮਾਤਾ ਨੇ ਕੁਲਦੀਪ ਨੂੰ ਕਿਹਾ, "ਵੇ ਪੁੱਤ, ਮੈਨੂੰ ਚੱਕਰ ਜਹੇ ਆਈ ਜਾਂਦੇ ਨੇ, ਸ਼ਹਿਰੋਂ ਦਵਾਈ ਹੀ ਦਵਾ ਲਿਆ।"

"ਮੈਥੋਂ ਨ੍ਹੀ ਜਾ ਹੋਣਾ, ਮਾਤਾ ਵੈਸ਼ਨੂੰ ਦੇਵੀ ਮੱਥਾ ਟੇਕਣ ਚੱਲਿਆ ਸੀ, ਜਾਣ ਲੱਗੇ ਨੂੰ ਪਹਿਲਾਂ ਈ ਟੋਕ ਦਿੱਤਾ" ਕੁਲਦੀਪ ਗੁੱਸੇ 'ਚ ਬੋਲਿਆ ਅਤੇ ਮੰਜੇ 'ਤੇ ਦਰਦ ਨਾਲ ਤੜਫ ਰਹੀ ਆਪਣੀ ਬੁੱਢੀ ਦਾਦੀ ਮਾਤਾ ਨੂੰ ਛੱਡ ਮਾਤਾ ਦੇ ਮੱਥਾ ਟੇਕਣ ਚਲਾ ਗਿਆ।

# ਮਾਨਸੂਨੀ ਰੁੱਤ ਦੇ ਦੋ ਮਹੀਨਿਆਂ ਨੂੰ ਪੇੜ-ਪੌਂਦੇ ਲਗਾਉਣ ਲਈ ਰਾਖਵਾਂ ਕਰ ਦੇਵੇ

ਭਾਰਤੀ ਸੰਸਕ੍ਰਿਤੀ ਵਿੱਚ ਮਾਨਸੂਨੀ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਮਾਨਸੂਨੀ ਰੁੱਤ ਉਤਪਾਦਕਤਾ ਦੀ ਧਰਾਤਲ ਹੈ। ਇਹ ਰੁੱਤ ਆਰਥਿਕਤਾ ਦਾ ਆਪਾਰ ਖ਼ਜ਼ਾਨਾ ਹੈ। ਮਾਨਸੂਨੀ ਰੁੱਤ ਦੇ ਪਾਣੀ ਰੂਪੀ ਅਪਾਰ ਖਜ਼ਾਨੇ ਦੇ ਸਹੀ ਉਪਯੋਗ ਲਈ ਸਰਕਾਰ ਦੀ ਕੋਈ ਸਾਰਥਕ ਯੋਜਨਾ ਹੀ ਨਜ਼ਰ ਨਹੀਂ ਆਉਂਦੀ।ਜਦੋਂਕਿ ਹੁਣ ਮੌਸਮ ਵਿਗਿਆਨੀ ਕੁਝ ਮਹੀਨੇ ਪਹਿਲਾਂ ਹੀ ਮਾਨਸੂਨੀ ਰੁੱਤ ਵਿੱਚ ਪੈਣ ਵਾਲੇ ਮੀਂਹ ਦੀ ਸਹੀ ਮਾਤਰਾ ਦੱਸ ਦਿੰਦੇ ਹਨ।

ਭਾਰਤ 'ਚ ਕੁੱਲ ਵਰਖਾ ਦਾ 73.7ਗ਼ ਭਾਗ ਕੇਵਲ ਦੱਖਣੀ ਪੱਛਮੀ ਮਾਨਸੂਨ ਪੌਣਾਂ ਦੁਆਰਾ ਜੂਨ ਤੋਂ ਸਤੰਬਰ 'ਚ ਹੁੰਦਾ ਹੈ। ਵਰਖਾ ਦੇ ਇਸ 73.7ਗ਼ ਭਾਗ ਦਾ ਲਗਭਗ ਅੱਧਾ ਭਾਗ ਹੜ ਮਚਾਉਂਦਾ❀ਇਆ ਨਦੀਆਂ ਦੁਆਰਾ ਸਮੁੰਦਰ ਵਿੱਚ ਚਲਾ ਜਾਂਦਾ ਹੈ। ਹੁਣ ਜਰੂਰਤ ਹੈ ਕੁਦਰਤ ਵੱਲੋਂ ਦਿੱਤੇ ਇਸ ਅਪਾਰ ਖ਼ਜ਼ਾਨੇ ਨੂੰ ਸੰਭਾਲਿਆ ਜਾਵੇ। ਵਰਖਾ ਦੇ ਇਸ ਸ਼ੁੱਧ ਪਾਣੀ ਨੂੰ ਸੰਭਾਲਣ ਲਈ ਕੁਝ ਜਰੂਰੀ ਬੁਨਿਆਦੀ ਕਦਮ ਚੁੱਕਣੇ ਬਹੁਤ ਜਰੂਰੀ ਹਨ।


(ੳ) ਸਾਰੇ ਦੇਸ਼ ਵਿੱਚ ਹਰਿਆਵਲ ਨੂੰ ਉਚੱਤਮ ਪੱਧਰ ਤੱਕ ਵਧਾਉਣਾ।
(ਅ) ਤਲਾਬਾਂ, ਝੀਲਾਂ ਅਤੇ ਚੈਕ ਡੈਮਾਂ ਦਾ ਨਿਰਮਾਣ।
(ੲ) ਬਹੁ-ਉਪਯੋਗੀ ਡੈਮਾਂ ਦਾ ਨਿਰਮਾਣ।
(ਸ) ਨਦੀਆਂ ਨੂੰ ਜੋੜਨ ਦੀ ਸਕੀਮ ਨੂੰ ਅਮਲੀਜਾਮਾ ਪਹਿਨਾਉਣਾ।
(ਹ) ਸ਼ਹਿਰਾਂ ਦੇ ਗੰਦੇ ਪਾਣੀ ਨੂੰ ਰੀ-ਸਾਈਕਲ ਕਰਨਾ।
(ਕ) ਨਦੀਆਂ ਨੂੰ ਗੰਦਗੀ ਅਤੇ ਕਚਰਾ ਮੁਕਤ ਕਰਨਾ।

ਅੱਜ ਅਸੀਂ ਇਸ ਲੇਖਨੀ ਵਿੱਚ ਮਾਨਸੂਨੀ ਰੁੱਤ ਨੂੰ ਸਮਰਪਿਤ 'ੳ' ਭਾਗ ਬਾਰੇ ਹੀ ਚਰਚਾ ਕਰਾਂਗੇ।

ਮਾਨਸੂਨੀ ਰੁੱਤ ਨਵੇਂ ਪੇੜ ਪੌਂਦੇ ਲਗਾਉਣ ਲਈ ਸਭ ਤੋਂ ਢੁੱਕਵੀਂ ਹੈ। ਪੌਂਦੇ ਨੂੰ ਮੁੱਢਲੀ ਖ਼ੁਰਾਕ ਪਾਣੀ ਅਤੇ ਸਮ ਵਾਤਾਵਰਣ ਅਸਾਨੀ ਨਾਲ ਮਿਲ ਜਾਂਦਾ ਹੈ। ਸਾਡੀਆਂ ਸਰਕਾਰਾਂ ਮਾਨਸੂਨੀ ਰੁੱਤ ਦੀ ਇਸ ਦੇਣ ਨੂੰ ਵਰਤਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀਆਂ ਹਨ। ਜੇਕਰ ਰੇਲਵੇ ਵਿਭਾਗ ਨੂੰ ਹੀ ਦੇਖਿਆ ਜਾਵੇ ਤਾਂ ਇਸਦੀ ਲਗਭਗ 90% ਜਗ੍ਹਾ ਪੇੜ-ਪੌਂਦਿਆਂ ਤੋਂ ਖਾਲੀ ਪਈ ਹੈ। ਭਾਵੇਂ ਰੇਲਵੇ ਵਿਭਾਗ ਦੇ ਕੇਂਦਰੀ ਮੰਤਰੀ ਸ਼੍ਰੀ ਸੁਰੇਸ਼ ਪ੍ਰਭੂ ਨੇ ਰੇਲਵੇ ਵਿਭਾਗ ਦੀ ਜਗ੍ਹਾ ਉਪਰ ਪੰਜ ਕਰੋੜ ਨਵੇਂ ਦਰਖ਼ਤ ਲਗਾਉਣ ਦੀ ਗੱਲ ਕਹੀ ਸੀ, ਪਰ ਹਾਲੇ ਤੱਕ ਇਸ ਮੁਹਿੰਮ ਨੂੰ ਅਮਲੀ ਜਾਂਮਾ ਨਹੀਂ ਪਹਿਨਾਇਆ ਗਿਆ।

ਰੇਲਵੇ ਵਿਭਾਗ ਦਾ ਆਪਣਾ ਇੱਕ ਜੰਗਲਾਤ ਵਿਭਾਗ ਹੋਣਾ ਚਾਹੀਦਾ ਹੈ, ਜਿਹੜਾ ਰੇਲਵੇ ਵਿਭਾਗ ਤੋਂ ਨਿਸ਼ਾਨਦੇਹੀ ਨਿਸ਼ਚਿਤ ਕਰਵਾਕੇ ਨਿਯਮਤ ਤੌਰ ਤੇ ਰੇਲਵੇ ਟਰੈਕ ਦੇ ਇਰਦ-ਗਿਰਦ ਪੌਦੇ ਲਗਾਵੇ। ਇਸ ਵਿਧੀ ਨਾਲ਼ ਰੇਲਵੇ ਵਿਭਾਗ ਦੇਸ਼ ਅਤੇ ਵਿਦੇਸ਼ 'ਚ ਟਿੰਬਰ ਦੀ ਪੂਰਤੀ ਕਰ ਸਕਦਾ ਹੈ। ਇਸ ਪ੍ਰਕ੍ਰਿਆ ਨਾਲ਼ ਰੇਲਵੇ ਨੂੰ ਮੋਟੀ ਕਮਾਈ ਹੋ ਸਕਦੀ ਹੈ ਅਤੇ ਰੇਲਵੇ ਟਰੈਕ ਦੀ ਖ਼ੂਬਸੂਰਤੀ ਵਿੱਚ ਚੋਖਾ ਵਾਧਾ ਹੋ ਸਕਦਾ ਹੈ। ਕੇਂਦਰੀ ਅਤੇ ਰਾਜ ਸਰਕਾਰਾਂ ਦੇ ਅਧੀਨ ਅਦਾਰਿਆਂ 'ਚ ਖਾਲੀ ਜਗ੍ਹਾ ਉਪੱਰ ਅਤੇ ਸੜਕਾਂ ਦੇ ਇੱਰਦ-ਗਿਰਦ ਅਤੇ ਡਿਵਾਈਡਰਾਂ ਉਪੱਰ ਖਾਸ ਕਰਕੇ ਨਿੰਮ, ਪਿੱਪਲ ਅਤੇ ਹੋਰ ਦਰਖ਼ਤ ਲਗਾਏ ਜਾਣੇ ਚਾਹੀਦੇ ਹਨ। ਸਮੁੰਦਰ ਅਤੇ ਨਦੀਆਂ ਦੇ ਕੰਢੇ ਅਤੇ ਪਹਾੜ੍ਹ ਸਭ ਦਰਖਤਾਂ ਨਾਲ ਹਰੇ ਭਰੇ ਕੀਤੇ ਜਾ ਸਕਦੇ ਹਨ। ਨਗਰ ਪੰਚਾਇਤਾਂ ਅਧੀਨ ਜਮੀਨ ਦੇ ਘੱਟੋ ਘੱਟ ਅੱਧੇ ਭਾਗ ਨੂੰ ਜੰਗਲਾਤ ਲਈ ਰਾਖਵਾਂ ਕਰ ਦੇਣਾ ਚਾਹੀਦਾ ਹੈ।

ਜਿਸ ਤਰੀਕੇ ਨਾਲ਼ ਭਾਰਤ ਨੇ, ਯੂ.ਐਨੱ.ਓ ਵੱਲੋਂ



ਸਾਰੇ ਵਿਸ਼ਵ 'ਚ 21 ਜੂਨ ਦਾ ਦਿਨ ਯੋਗ ਦਿਵਸ ਦੇ ਤੌਰ ਤੇ ਮਨਾਉਣ 'ਚ ਆਪਣੀ ਭੂਮਿਕਾ ਨਿਭਾਈ ਹੈ। ਉਸੇ ਤਰ੍ਹਾਂ ਹੀ ਹੁਣ ਭਾਰਤ ਵੱਲੋਂ ਮਾਨਸੂਨੀ ਵਰਖਾ ਰੁੱਤ ਦੇ ਦੋ ਮਹੀਨਿਆਂ ਜਿਸ ਵਿੱਚ ਸਾਉਣ ਦਾ ਮਹੀਨਾ ਸ਼ਾਮਲ ਹੈ, ਵਿੱਚ ਦਰੱਖ਼ਤ ਲਗਾਉਣ ਦੀ ਮੁਹਿੰਮ ਨੂੰ ਇੱਕ ਤਿਉਹਾਰ ਦੇ ਤੌਰ ਤੇ ਮਨਾਉਣ ਦੀ ਅਗਵਾਈ ਕਰਨੀ ਚਾਹੀਦੀ ਹੈ। ਭਾਰਤ ਦਾ ਇਹ ਕਦਮ ਸਾਰੇ ਵਿਸ਼ਵ ਸਾਹਮਣੇ ਇੱਕ ਚਾਨਣ ਮੁਨਾਰੇ ਵਾਂਗ ਹੋਵੇਗਾ, ਯੂ.ਐਨ.ਓ ਇਸ ਸੁਝਾਵ ਨੂੰ ਅਸਾਨੀ ਨਾਲ ਮੰਨ ਸਕਦੀ ਹੈ। 5 ਜੂਨ ਵਿਸ਼ਵ ਵਾਤਾਵਰਣ ਦਿਵਸ ਹੁੰਦਾ ਹੈ, ਇਸ ਲਈ 5 ਜੂਨ ਤੋਂ ਲੈ ਕੇ 5 ਅਗਸਤ ਤੱਕ ਦੋ ਮਹੀਨਿਆਂ ਨੂੰ ਯੂ.ਐਨ.ਓ ਵੱਲੋਂ ਸਾਰੇ ਵਿਸ਼ਵ 'ਚ ਪੇੜ ਪੌਂਦੇ ਲਗਾਉਣ ਲਈ ਰਾਖਵਾਂ ਕਰ ਦੇਣਾ ਚਾਹੀਦਾ ਹੈ।

ਜੇਕਰ ਵਿਸ਼ਵ ਅਤੇ ਭਾਰਤ ਦੇ ਕਾਰਬਨ ਮੁਕਤੀਕਰਨ ਦੇ ਆਂਕੜਿਆਂ ਤੇ ਗੌਰ ਕੀਤੀ ਜਾਵੇ ਤਾਂ ਇਹ ਬਹੁਤ ਹੀ ਚੇਤਾਵਨੀ ਜਨਕ ਹਨ।

50 ਸਾਲਾਂ ਦੇ ਅੰਤਰਾਲ ਵਿੱਚ ਸੰਸਾਰ ਦਾ ਕਾਰਬਨਿਕ ਗੈਸਾਂ ਦਾ ਮੁਕਤੀਕਰਨ ਚਾਰ ਗੁਣਾ ਵੱਧ ਗਿਆ ਹੈ, ਜਦੋਂ ਕਿ ਭਾਤਰ ਦਾ ਕਾਰਬਨਿਕ ਗੈਸਾਂ ਦਾ ਮੁਕਤੀਕਰਨ ਇਨ੍ਹੇ ਹੀ ਅੰਤਰਾਲ 'ਚ ਛੇ ਗੁਣਾ ਵਧ ਗਿਆ ਹੈ। ਬਹੁਤਾਤ 'ਚ ਕਾਰਬਨਿਕ ਗੈਸਾਂ ਦੇ ਮੁਕਤੀਕਰਨ ਦੇ ਬਹੁਤ ਹੀ ਭਿਆਨਕ ਸਿੱਟੇ ਨਿਕਲ ਰਹੇ ਹਨ। ਆਸਮਾਨ 'ਚ ਕਾਰਬਨਿਕ ਗੈਸਾਂ ਦੀ ਬਹੁਤਾਤ ਵਿੱਚ ਮੌਜੂਦਗੀ ਕਾਰਨ ਹੀ ਧਰਤ ਤਾਪ 'ਚ ਵਾਧਾ ਹੋ ਰਿਹਾ ਹੈ। ਧਰਤੀ ਉਪੱਰ 50 ਸਾਲਾਂ ਦੇ ਅੰਤਰਾਲ 'ਚ ਔਸਤ ਤਾਪਮਾਨ ਦੇ ਆਂਕੜੇ ਇਸ ਪ੍ਰਕਾਰ ਹਨ;-

| ਸੰਨ | 1960 | 1990 | 2011 |
|---|---|---|---|
| ਤਾਪਮਾਨ | 14 ਡਿਗਰੀ | 14-31 | 15 |

50 ਸਾਲਾਂ ਦੇ ਅੰਤਰਾਲ 'ਚ ਧਰਤੀ ਦਾ ਔਸਤ ਤਾਪਮਾਨ 10 ਸੀ ਵੱਧ ਗਿਆ ਹੈ। ਇਹ ਜਰੂਰੀ ਨਹੀਂ ਹੈ, ਕਿ ਆਉਣ ਵਾਲੇ ਪੰਜਾਹ ਸਾਲਾਂ 'ਚ ਧਰਤੀ ਦਾ ਔਸਤ ਤਾਪਮਾਨ 10 ਸੀ ਹੀ ਵਧੇਗਾ। ਸੰਸਾਰ ਪੱਧਰ 'ਤੇ ਵੱਧ ਰਹੇ ਉਦਯੋਗੀਕਰਨ, ਵੱਧ ਰਹੀ ਵਾਹਨਾਂ ਦੀ ਸੰਖਿਆ, ਜੰਗਲਾਂ ਨੂੰ ਲੱਗੀਆਂ ਅੱਗਾਂ ਅਤੇ ਯੁੱਧਾਂ ਕਾਰਨ ਕਾਰਬਨਿਕ ਗੈਸਾਂ ਦਾ ਉਤਸਰਜਨ ਲਗਾਤਾਰ ਵੱਧ ਰਿਹਾ ਹੈ, ਇਨ੍ਹਾਂ ਗੈਸਾਂ 'ਚ ਮੌਜੂਦ ਕਾਰਬਨ ਤੱਤਾਂ ਵੱਲੋਂ ਸੂਰਜ ਦੀਆਂ ਲਾਲ ਅਵਰਕਤ ਕਿਰਨਾਂ ਜੋ ਧਰਤੀ ਨਾਲ ਟਕਰਾਕੇ ਵਾਪਸ ਆਸਮਾਨ ਵੱਲ ਜਾਂਦੀਆਂ ਹਨ, ਸੋਖ ਲਈਆਂ ਜਾਂਦੀਆਂ ਹਨ। ਨਤੀਜਾ ਹਰਿਤ ਗ੍ਰਿਹ ਪ੍ਰਭਾਵ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਲਈ ਆਉਂਦੇ ਪੰਜਾਹ ਸਾਲਾਂ 'ਚ ਧਰਤੀ ਦਾ ਔਸਤ ਤਾਪਮਾਨ 2 ਸੀ ਵਧਣ ਦੀ ਪੂਰੀ ਸੰਭਾਵਨਾ ਹੈ। ਇਸਦਾ ਨਤੀਜਾ ਇਹ ਹੋਵੇਗਾ, ਧਰਤੀ ਉਪੱਰ ਮੌਜੂਦ ਸਾਰੇ ਗਲੇਸ਼ੀਅਰ ਪਿਘਲ ਜਾਣਗੇ, ਜਿਸ ਕਾਰਨ ਸਮੁੰਦਰ ਦਾ ਤਲ ਉਚੱਾ ਹੋ ਜਾਵੇਗਾ। ਗਲੇਸ਼ੀਅਰਾਂ ਦੇ ਪਿਘਲਣ ਕਾਰਨ ਹਿਮਾਲਿਆ 'ਚੋਂ ਨਿਕਲਣ ਵਾਲੀਆਂ ਨਦੀਆਂ; ਗੰਗਾ, ਯਮੁਨਾ, ਬ੍ਰਹਮਪੁੱਤਰ, ਸਤਲੁਜ, ਝਨਾਬ, ਜਿਹਲਮ, ਸਿੰਧ ਆਦਿ ਆਉਣ ਵਾਲੇ 50 ਸਾਲਾਂ 'ਚ ਸੁੱਕ ਜਾਣਗੀਆਂ। ਵਿਸ਼ਵ ਭਰ ਦੇ ਟਾਪੂ ਦੇਸ਼, ਛੋਟੇ ਪ੍ਰਾਇਦੀਪੀ ਦੇਸ਼ ਸਮੁੰਦਰ ਵਿੱਚ ਡੁੱਬ ਜਾਣਗੇ। ਵਿਸ਼ਵ ਸੰਸਥਾਵਾਂ ਨੂੰ ਇਸ ਭਿਅੰਕਰ ਤਬਾਹੀ ਤੋਂ ਜਾਗਰੂਕ ਕਰਨ ਲਈ ਕੁਝ ਸਮਾਂ ਪਹਿਲਾਂ ਮਾਰਸ਼ਿਅਸ ਦੇਸ਼ ਨੇ ਆਪਣੀ ਪਾਰਲੀਮੈਂਟ ਦੀ ਮੀਟਿੰਗ ਸਮੁੰਦਰ ਦੇ ਹੇਠਾਂ ਕੀਤੀ ਸੀ। ਇੱਥੇ ਹੀ ਬੱਸ ਨਹੀਂ ਹੋਵੇਗਾ, ਲਗਭਗ 100 ਕਰੋੜ ਲੋਕ ਵਿਸਥਾਪਿਤ ਹੋਣਗੇ, ਇਨ੍ਹਾਂ ਲੋਕਾਂ ਦਾ ਪਲਾਇਨ ਉਚੱ ਧਰਾਤਲ ਵੱਲ ਨੂੰ ਹੋਵੇਗਾ, ਜਿਸ ਨਾਲ ਸਾਰੇ ਸੰਸਾਰ 'ਚ ਮਾਰਕਾਟ ਫੈਲ ਜਾਵੇਗੀ। ਇਹ ਦ੍ਰਿਸ਼ 100 ਪ੍ਰਮਾਣੂ ਬੰਬ ਫਟਣ ਦੀ ਤਬਾਹੀ ਤੋਂ ਵੀ ਭਿਅੰਕਰ ਹੋਵੇਗਾ। ਪਾਣੀ ਦੀ ਕਮੀ ਕਾਰਨ ਜੋ ਮੌਤਾਂ ਹੋਣਗੀਆਂ, ਉਹ ਇਸ ਤੋਂ ਵੱਖਰੀਆਂ ਹੋਣਗੀਆਂ।

ਇਨ੍ਹਾਂ ਸਭ ਬੁਰਾਈਆਂ ਦਾ ਹੱਲ ਕੇਵਲ ਆਸਮਾਨ ਵਿੱਚੋਂ ਕਾਰਬਨਿਕ ਗੈਸਾਂ ਨੂੰ ਸੋਖਣ ਨਾਲ ਹੀ ਸੰਭਵ ਹੈ ਅਤੇ ਇਹ ਪ੍ਰਕ੍ਰਿਆ ਕੇਵਲ ਹਰੇ ਪੇੜ-ਪੌਂਦੇ ਹੀ ਸੰਪੰਨ ਕਰ ਸਕਦੇ ਹਨ। ਕਿਉਂਕ ਹਰੇ ਪੇੜ-ਪੌਂਦੇ ਕਾਰਬਨ ਡਾਇਅਕਸਾਈਡ, ਪਾਣੀ ਅਤੇ ਸੂਰਜ ਦੀ ਰੌਸ਼ਨੀ ਦਾ ਪ੍ਰਯੋਗ ਕਰਕੇ ਆਪਣਾ ਭੋਜਨ ਬਣਾਉਂਦੇ ਹਨ। ਕੇਵਲ ਇਹੋ ਨਹੀਂ ਕਿ ਉਹ ਸਾਡੀ ਗੰਦੀ ਗੈਸ ਨੂੰ ਸੋਖਦੇ ਹਨ, ਸਗੋਂ ਸਾਡੇ ਲਈ ਸ਼ੁੱਧ ਆਕਸੀਜਨ ਵ ੀ ਛੱਡਦੇ ਹਨ।



ਪ੍ਰੇਮ ਲਤਾ ਪ੍ਰਿੰਸੀਪਲ
91-98143-41746

ਮਨੁੱਖ ਦਾ ਜੀਵਨ ਵਾਤਾਵਰਣ ਦੀ ਸ਼ੁੱਧਤਾ ਨਾਲ਼ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਹਰੇ ਪੇੜ-ਪੌਂਦੇ ਵਾਤਾਵਰਣ ਦੀ ਸ਼ੁੱਧਤਾ ਲਈ ਧਰਾਤਲ ਪੈਦਾ ਕਰਨਗੇ। ਅਮਲੀ ਤੌਰ 'ਤੇ ਹਰੇ ਪੇੜ-ਪੌਂਦੇ ਲਗਾਉਣ ਦਾ ਟੀਚਾ ਮਾਨਸੂਨ ਦੇ ਦੋ ਮਹੀਨਿਆਂ ਨੂੰ ਇਸ ਮਕਸਦ ਲਈ ਰਾਖਵਾਂ ਘੋਸ਼ਿਤ ਕਰਕੇ ਅਤੇ ਇਸ ਪ੍ਰਕ੍ਰਿਆ ਨੂੰ ਤਿਉਹਾਰ ਦੇ ਰੂਪ 'ਚ ਮਨਾਉਣ ਨਾਲ਼ ਹਾਸਿਲ ਕੀਤਾ ਜਾ ਸਕਦਾ ਹੈ। ਮਾਨਸੂਨੀ ਰੁੱਤ ਆਉਂਦੀ, ਹੜ੍ਹਾਂ ਨਾਲ ਤਬਾਹੀ ਮਚਾ ਕੇ ਚਲੀ ਜਾਂਦੀ ਹੈ। ਅਸਲ 'ਚ ਵਰਖਾ ਦੇ ਰੂਪ 'ਚ ਆਏ ਇਹ ਸੋਨੇ ਦੇ ਮੋਤੀ ਹਨ ਜੇਕਰ ਇਨ੍ਹਾਂ ਦੀ ਸਹੀ ਸੰਭਾਲ ਅਤੇ ਵਰਤੋਂ ਕੀਤੀ ਜਾਵੇ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਪ੍ਰਣਵ ਮੁਖਰਜੀ ਨੂੰ ਇਸ ਸ਼ੁਭ ਕਾਰਜ ਦੀ ਅਗਵਾਈ ਸਭ ਤੋਂ ਪਹਿਲਾਂ ਭਾਰਤ ਦੀ ਧਰਤੀ ਤੋਂ ਸ਼ੁਰੂ ਕਰਨ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਕਿਉਂਕਿ, ਮਾਨਸੂਨ ਪੌਣਾ ਕੇਰਲਾ, ਗੋਆ ਅਤੇ ਕਰਨਾਟਕ 'ਚ ਚੜ੍ਹਦੇ ਜੂਨ 'ਚ ਆ ਜਾਂਦੀਆਂ ਹਨ, ਇਸ ਲਈ ਪੌਂਦੇ ਲਗਾਉਣ ਦੇ ਕਾਰਜ ਦੀ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਉਪੱਰ ਇਨ੍ਹਾਂ ਰਾਜਾਂ ਤੋਂ ਆਪਣੇ ਹੱਥਾਂ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ। ਭਾਰਤ ਦੀ ਧਰਤੀ ਉਪੱਰ ਘੱਟੋ ਘੱਟ 100 ਕਰੋੜ ਪੌਂਦੇ ਲਗਾਉਣ ਦਾ ਟੀਚਾ ਮਿੱਥਿਆ ਜਾਵੇ, ਫਿਰ ਭਾਰਤ ਸਾਰੇ ਵਿਸ਼ਵ 'ਚ ਵਾਤਾਵਰਣ ਦੀ ਰੱਖਿਆ ਦਾ ਚੈਂਪੀਅਨ ਹੋਵੇਗਾ ਅਤੇ ਵਿਸ਼ਵ ਸ਼ਾਂਤੀ ਨੋਬੇਲ ਪੁਰਸਕਾਰ ਦਾ ਪੂਰੀ ਤਰ੍ਹਾਂ ਹੱਕਦਾਰ ਹੋਵੇਗਾ।

ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਰਾਹੀਂ ਸਾਉਣ ਮਹੀਨੇ ਦੀ ਮਹਿਮਾ ਅਤੇ ਮਹੱਤਤਾ ਨੂੰ ਦਰਸਾਇਆ ਹੈ:-

ਸਾਵਣ ਵਣ ਹਰਿਆਵਲੇ,
ਸੁੱਕੇ ਵੁੱਠੇ ਅੱਕ ਜਵਾਹਾ।







## ਜਨਮ ਦਿਨ 'ਤੇ ਵਿਸ਼ੇਸ਼

# 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ ਪਿਤਾਮਾ ਨਾਵਲਕਾਰ ਨਾਨਕ ਸਿੰਘ



ਪ੍ਰੋ: ਐਚ.ਐਲ.ਕਪੂਰ

ਸਰਦਾਰ ਨਾਨਕ ਸਿੰਘ ਨਾਵਲਕਾਰ ਦਾ ਜਨਮ ਪਾਕਿਸਤਾਨ ਦੇ ਜਿਹਲਮ ਜ਼ਿਲ੍ਹੇ 'ਚ ਇਕ ਗਰੀਬ ਹਿੰਦੂ 'ਸੂਰੀ' ਗੋਤਰ ਪੰਜਾਬੀ ਪਰਿਵਾਰ 'ਚ 4 ਜੁਲਾਈ 1897 ਨੂੰ ਹੋਇਆ। ਉਹਨਾਂ ਦਾ ਪਹਿਲਾ ਨਾਂ 'ਹੰਸ ਰਾਜ' 'ਤੇ ਪਤਨੀ ਦਾ ਨਾਂ ਰਾਜ ਕੌਰ ਸੀ ਤੇ ਪਿੱਛੋਂ ਸਿੱਖ ਧਰਮ ਅਪਣਾ ਕੇ ਆਪਣਾ ਨਾਂ ਨਾਨਕ ਸਿੰਘ ਰੱਖ ਲਿਆ। ਉਹ ਆਪਣੀ ਮੁਢਲੀ ਵਿੱਦਿਆ ਗਰੀਬੀ ਕਾਰਨ ਪੰਜਵੀਂ ਜਮਾਤ ਤੱਕ ਹੀ ਪ੍ਰਾਪਤ ਕਰ ਸਕੇ। ਉਹਨਾਂ ਨੇ ਆਪਣੇ ਬਚਪਨ ਤੋਂ ਹੀ ਇਤਿਹਾਸਕ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਤੋਂ ਬਾਅਦ ਉਹਨਾਂ ਨੇ ਭਗਤੀ ਭਾਵਨਾਵਾਂ ਵਾਲੇ ਜਾਂ ਸ਼ਰਧਾਮਈ ਗੀਤ ਲਿਖਣੇ ਆਰੰਭ ਕਰ ਦਿੱਤੇ। ਉਸ ਤੋਂ ਉਪਰੰਤ ਉਨ੍ਹਾਂ ਨੇ 1918 'ਚ ਸਿੱਖਾਂ ਨੂੰ 'ਗੁਰਦੁਆਰਾ ਸੁਧਾਰ ਲਹਿਰ' 'ਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਾ ਆਰੰਭ ਦਿੱਤਾ। ਉਹਨਾਂ ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਸਤਿਗੁਰੂ ਮਹਿਮਾ' ਛਪਾਈ ਤੇ ਇਸ ਪੁਸਤਕ 'ਚ ਉਹਨਾਂ ਨੇ ਸਿੱਖ ਗੁਰੂ ਸਾਹਿਬਾਨ ਦੀ ਉਸਤੱਤਿ ਨਾਲ ਸਬੰਧਤ ਭਜਨਾਂ ਨੂੰ ਸ਼ਾਮਲ ਕੀਤਾ। ਉਹਨਾਂ ਦੀ ਇਹ ਪਹਿਲੀ ਪੁਸਤਕ ਛਪਾਈ ਉਪਰੰਤ ਵਿਉਪਾਰਕ ਪੱਖੋਂ ਬਹੁਤ ਕਾਮਯਾਬ ਸਾਬਤ ਹੋਈ।

ਫਿਰ ਉਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਚੱਲ ਰਹੀ ਲਹਿਰ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਮਿਤੀ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ 'ਚ ਅੰਗਰੇਜ਼ ਸਰਕਾਰ ਦੇ ਪੁਲਿਸ ਕਪਤਾਨ ਜਨਰਲ ਡਾਇਰ ਨੇ ਪੁਲਿਸ ਦੀ ਇਕ ਹਥਿਆਰਬੰਦ ਟੁਕੜੀ ਨਾਲ ਜਿਸ ਦੀ ਉਹ ਅਗਵਾਈ ਕਰ ਰਿਹਾ ਸੀ, ਨੇ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਨਿਹੱਥੇ ਲੋਕਾਂ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਰਕਾਰੀ ਰਿਪੋਰਟਾਂ ਅਨੁਸਾਰ 379 ਲੋਕ ਮਾਰੇ ਗਏ, ਭਾਵੇਂ ਕਿ ਗੈਰ ਸਰਕਾਰੀ ਅੰਕੜੇ 1500 ਤੋਂ 3000 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਦੱਸਦੇ ਹਨ। ਇਸ ਮੁਜ਼ਾਹਰਾਕਾਰੀ ਲੋਕਾਂ ਦੇ ਹਜੂਮ 'ਚ ਨਾਨਕ ਸਿੰਘ ਵੀ ਆਪਣੇ ਦੋ ਦੋਸਤਾਂ ਨਾਲ ਗਿਆ ਹੋਇਆ ਸੀ। ਉਸ ਦ ਦੋਵੇਂ ਦੋਸਤ ਉਸ ਗੋਲੀਬਾਰੀ 'ਚ ਮਾਰੇ ਗਏ ਪਰ ਨਾਨਕ ਸਿੰਘ ਲਾਸ਼ਾਂ ਦੇ ਢੇਰ 'ਚ ਦੱਬੇ ਹੋਏ ਹੋਣ ਕਰਕੇ ਉਸ ਦੀ ਜਾਨ ਬਚ ਗਈ ਤੇ ਉਹਨਾਂ ਦੀ ਉਸ ਸਮੇਂ ਉਮਰ 22 ਸਾਲ ਦੀ ਸੀ। ਇਸ ਉਪਰੰਤ ਇਸ ਖ਼ੂਨੀ ਸਾਕੇ ਤੋਂ ਉਹ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਸ ਦ੍ਰਿਸ਼ ਨੂੰ ਆਪਣੀ ਲਿਖੀ ਇਕ 'ਮਹਾਂ-ਕਾਵਿਕੀ' (ਇਕ ਲੰਬੀ ਕਥਾਨਕ ਕਵਿਤਾ) ਦੇ ਰੂਪ ਵਿਚ 'ਖ਼ੂਨੀ ਵਿਸਾਖੀ' ਦੇ ਸਿਰਲੇਖ ਨਾਲ ਲਿਖ ਦਿੱਤਾ। ਇਸ ਮਹਾਂ-ਕਾਵਿਕੀ ਤੋਂ ਬਰਤਾਨੀਆ ਦੀ ਬਸਤੀਵਾਦੀ ਨੌ ਆਬਾਦੀਅਤ ਦੀ ਨਕਲੀ ਤਸਵੀਰ ਦਾ ਪੂਰਾ ਮੌਜੂ ਸਾਡੇ ਸਾਹਮਣੇ ਆਉਂਦਾ ਹੈ। ਭਾਰਤ ਦੀ ਅੰਗਰੇਜ਼ ਸਰਕਾਰ ਨੇ ਨਾਨਕ ਸਿੰਘ ਦੇ ਇਸ 'ਖ਼ੂਨੀ ਵਿਸਾਖੀ' ਦੇ ਬਰਬਰਤਾ ਪੂਰਨ ਸਾਕੇ ਦੇ ਬਿਰਤਾਂਤ ਨੂੰ, ਲੋਕਾਂ ਨੂੰ ਸਰਕਾਰ ਦੇ ਖਿਲਾਫ ਭੜਕਾਉਣ ਵਾਲੀ ਲਿਖਤ ਸਮਝਿਆ ਤੇ ਇਸ ਲਿਖਤ 'ਤੇ ਸਰਕਾਰ ਨੇ 1920 ਵਿਚ ਪਾਬੰਦੀ ਲਗਾ ਦਿੱਤੀ। ਇਸ ਪੰਜਾਬੀ ਭਾਸ਼ਾ 'ਚ ਲਿਖੇ ਕਾਵਿਕੀ ਬਿਰਤਾਂਤ ਨੂੰ ਉਹਨਾਂ ਦੇ ਲੜਕੇ ਕੁਲਵੀਰ ਸਿੰਘ ਸੂਰੀ ਨੇ 99 ਸਾਲਾਂ ਬਾਅਦ ਅੰਗਰੇਜ਼ੀ 'ਚ ਅਨੁਵਾਦ ਕਰਕੇ ਵੀ ਛਾਪਿਆ ਹੈ। ਇਹ ਕਥਾਨਕ ਮਹਾਂ-ਕਾਵਿਕੀ ਨਿਮਨ ਲਿਖਤ ਅਨੁਸਾਰ ਹੈ;-

**ਖ਼ੂਨੀ ਵਿਸਾਖੀ: (ਇਸ ਕਵਿਤਾ ਅਤੇ 'ਜ਼ਖਮੀ ਦਿਲ' ਲਈ ਨਾਨਕ ਸਿੰਘ ਨੂੰ ਕੈਦ ਹੋਈ ਸੀ)**

ਪਹਿਲਾਂ ਰਾਮ ਨੌਮੀ ਦੇ ਦਿਨ ਦਾ ਹਾਲ
ਸਾਰੇ ਸਿੱਖ ਹਿੰਦੂ ਅਤੇ ਮੁਸਲਮਾਨਾਂ
ਰਲ ਮਿਲ ਇਹ ਪੁਰਬ ਮਨਾਇਆ ਜੀ।
ਮੁਸਲਮਾਨ ਨੇ ਅੱਜ ਇਤਫ਼ਾਕ ਵਾਲਾ
ਇਹ ਅਦੁੱਤੀ ਸਬੂਤ ਵਿਖਾਇਆ ਜੀ।
ਭਾਵੇਂ ਪੂਰਬ ਸੀ ਅਸਲ ਵਿਚ ਹਿੰਦੂਆਂ ਦਾ,
ਐਪਰ ਮੋਮਨਾਂ ਖ਼ੂਬ ਸਜਾਇਆ ਜੀ।
ਉਸ ਦਿਨ ਦੀ ਕੀ ਮੈਂ ਗੱਲ ਦੱਸਾਂ,
ਅਜਬ ਸਮਾਂ ਕਰਤਾਰ ਲਿਆਇਆ ਜੀ।
'ਡਾਕਟਰ ਕਿਚਨੂੰ ਤੇ ਸੱਤਯਾ ਪਾਲ ਸਾਹਿਬ'
ਜਿਨ੍ਹਾਂ ਅੱਜ ਦਾ ਵਕਤ ਦਿਖਾਇਆ ਜੀ।
ਗਲੇ ਦੋਹਾਂ ਦੇ ਫੁੱਲਾਂ ਦੇ ਹਾਰ ਪਾ ਕੇ,
ਸਾਰੇ ਸ਼ਹਿਰ ਨੂੰ ਦਰਸ਼ਨ ਕਰਾਇਆ ਜੀ।
ਹਰ ਇਕ ਹਿੰਦੂ ਮੁਸਲਮਾਨ ਤਾਈਂ,
ਦਿਲੋਂ ਜਾਣਦਾ ਮਾਈ ਦਾ ਜਾਇਆ ਜੀ।
ਕਦੇ ਏਦਾਂ ਦਾ ਪ੍ਰੇਮ ਨਾ ਕਿਸੇ ਡਿੱਠਾ,
ਜਗਤ ਜਦੋਂ ਦਾ ਰੱਬ ਬਣਾਇਆ ਜੀ।
ਏਹ ਤਾਂ ਨਵਾਂ ਹੀ ਪ੍ਰੇਮ ਦਾ ਬੀਜ ਏਥੇ,
ਕਿਸੇ ਅਰਸ਼ ਤੋਂ ਆਣ ਕੇ ਲਾਇਆ ਜੀ।
ਦੂਈ ਸਭ ਦੇ ਦਿਲਾਂ ਤੇ ਦੂਰ ਹੋਈ,
ਵੀਰ ਵੀਰ ਤਾਈਂ ਨਜ਼ਰ ਆਇਆ ਜੀ।
ਪਾਣੀ ਇਕ ਗਲਾਸ ਦੇ ਵਿਚ ਪੀਤਾ,
ਖਾਣਾ ਇਕ ਥਾਂ ਸਭ ਨੇ ਖਾਇਆ ਜੀ।
ਸਾਰੀ ਉਮਰ ਦੇ ਵਿਛੜੇ ਵੀਰਨਾਂ ਨੂੰ
ਅੱਜ ਆਪ ਕਰਤਾਰ ਮਿਲਾਇਆ ਜੀ।

ਓਸ ਦਿਨ ਹਰ ਥਾਂ 'ਤੇ ਮੁਸਲਮਾਨਾਂ
ਦੁੱਧ ਦੀਆਂ ਛਬੀਲਾਂ ਦਾ ਖੋਲ੍ਹੀਆਂ ਜੀ।
ਨਾਲ ਹਿੰਦੂਆਂ ਸਭ ਨੇ ਹੋਏ ਸ਼ਾਮਲ,
ਭਰ ਭਰ ਪਾਈਆਂ ਫੁੱਲਾਂ ਦੀਆਂ ਝੋਲੀਆਂ ਜੀ।
ਕੀਤੀ ਹਿੰਦੂਆਂ ਦੀ ਦਿਲ ਖੋਲ੍ਹ ਸੇਵਾ,
ਥਾਓਂ ਥਾਈਂ ਬਨਾਇ ਕੇ ਟੋਲੀਆਂ ਜੀ।
ਮਾਨੋਂ ਕ੍ਰਿਸ਼ਨ ਨੇ ਅੱਜ ਪ੍ਰਸੰਨ ਹੋ ਕੇ,
ਬਿੰਦਾ ਬਨ ਵਿਚ ਖੇਡੀਆਂ ਹੋਲੀਆਂ ਜੀ।
ਹੋਣੀ ਆਖਦੀ ਸੁਣੋ ਨਾਦਾਨ ਲੋਕੋ,
ਹੱਟਾਂ ਕਾਸ ਨੂੰ ਅੱਜ ਦਾ ਖੋਲ੍ਹੀਆਂ ਜੀ।
ਭਲਕੇ ਫੇਰ ਹੈ ਤੁਸਾਂ ਹੜਤਾਲ ਕਰਨੀ,
ਨਾਲ ਵੱਸਣਗੀਆਂ ਤੁਸਾਂ ਪਰ ਗੋਲੀਆਂ ਜੀ।

**2. ਦੂਜੇ ਦਿਨ ਡਾਕਟਰ ਸਤਯਪਾਲ ਤੇ ਡਾਕਟਰ ਸੈਫੂਦੀਨ ਦਾ ਗ੍ਰਿਫ਼ਤਾਰ ਹੋ ਜਾਂਦਾ**

ਸਤਯਪਾਲ ਅਤੇ ਸੈਫੋਦੀਨ ਨੇ ਜੀ
ਅਜੇ ਰੱਜ ਦੀਦਾਰ ਨਾ ਕੱਲ੍ਹ ਦਿੱਤਾ,
ਅੱਜ ਚਾੜ੍ਹ ਕੇ ਉਹਨਾਂ ਨੂੰ ਮੋਟਰਾਂ ਤੇ,



ਪਤਾ ਨਹੀਂ ਕਿਹੜੀ ਤਰਫ਼ ਘੱਲ ਦਿੱਤਾ।
ਬਲਦੀ ਅੱਗ ਤੇ ਤੇਲ ਚਾ ਘੱਤਿਓ ਨੇ
ਦੁਖੇ ਦਿਲਾਂ ਨੂੰ ਪਕੜ ਕੇ ਸੱਲ ਦਿੱਤਾ,
ਕਈ ਹੋਰ ਭੀ ਲੀਡਰਾਂ ਪਿਆਰਿਆਂ ਨੂੰ
ਰਹਿਣ ਵਾਸਤੇ ਜੇਹਲ ਮਹੱਲ ਦਿੱਤਾ।
----
ਕੰਮ ਕਾਰ ਚਾ ਸਭ ਨੇ ਬੰਦ ਕੀਤੇ,
ਲੋਕ ਵਾਂਗ ਦੀਵਾਨਿਆਂ ਭੌਣ ਲੱਗ ਪਏ।
ਹਰ ਇਕ ਸ਼ਹਿਰ ਦੇ ਵਿਚ ਹੜਤਾਲ ਹੋਈ,
ਸਭ ਦ ਕਾਲਜੇ ਮੂੰਹ ਨੂੰ ਔਣ ਲੱਗ ਪਏ।
ਭਾਰਤ ਮਾਤਾ ਦੇ ਪੁਤ੍ਰ ਇਕਤ੍ਰ ਹੋ ਕੇ,
ਘੱਤ ਜੱਫੀਆਂ ਨੀਰ ਵਹੌਣ ਲੱਗ ਪਏ।
ਦੁੱਖ ਦਿਲਾਂ ਦੇ ਖੋਲ੍ਹ ਸੁਣਾਨ ਖਾਤਰ
ਥਾਓਂ ਥਾਈਂ ਇਜਲਾਸ ਤਦ ਹੋਣ ਲੱਗ ਪਏ ..
"ਸਰ ਮਾਈਕਲ ਓਡਵਾਇਰ" ਸਾਹਿਬ,
ਮਾਰਸ਼ਲ ਲਾ ਦਾ ਹੁਕਮ ਚੜ੍ਹੌਣ ਲਗ ਪਏ।
ਅੱਠ ਵਜੇ ਤੋਂ ਬਾਅਦ ਜੋ ਬਾਹਰ ਨਿਕਲੇ,
ਗੋਲੀ ਮਾਰਨ ਦਾ ਹੁਕਮ ਸੁਨੌਣ ਲੱਗ ਪਏ।
ਨਾਨਕ ਸਿੰਘ ਕੀ ਖੋਲ੍ਹ ਕੇ ਹਾਲ ਦੱਸੇ,
ਜੇਹੜੇ ਦੁੱਖ ਪੰਜਾਬ ਤੇ ਔਣ ਲੱਗ ਪਏ।

ਪੰਜ ਵਜੇ ਅਪ੍ਰੈਲ ਦੀ ਤੇਹਰਵੀਂ ਨੂੰ,
ਲੋਕੀਂ ਬਾਗ ਵਲ ਹੋਇ ਰਵਾਨ ਚੱਲੇ।
ਦਿਲਾਂ ਵਿਚ ਇਨਸਾਫ ਦੀ ਆਸ ਰੱਖ ਕੇ,
ਸਾਰੇ ਸਿੱਖ, ਹਿੰਦੂ, ਮੁਸਲਮਾਨ ਚੱਲੇ।
ਵਿਰਲੇ ਆਦਮੀ ਸ਼ਹਿਰ ਵਿਚ ਰਹੇ ਬਾਕੀ,
ਸਭ ਬਾਲ ਤੇ ਬਿਰਧ ਜਵਾਨ ਚੱਲੇ।
ਅੱਜ ਦਿਲਾਂ ਦੇ ਦੁਖ ਸੁਣਾਣ ਚੱਲੇ,
ਸਗੋਂ ਆਪਣੇ ਗਲੇ ਕਟਵਾਣ ਚੱਲੇ।
ਛੱਡ ਦਿਓ ਹੁਣ ਆਸਰਾ ਜੀਵਨੇ ਦਾ,
ਕਿਉਂਕਿ ਤੁਸੀਂ ਹੁਣ ਛੱਡ ਜਹਾਨ ਚੱਲੇ।
ਕਿਸ ਨੇ ਆਵਣਾ ਪਰਤ ਕੇ ਘਰਾਂ ਅੰਦਰ,
ਦਿਲ ਦਾ ਦਿਲਾਂ ਵਿਚ ਛੋੜ ਅਰਮਾਨ ਚੱਲੇ।
ਜੱਲਿਆਂ ਵਾਲੜੇ ਉਜੜੇ ਬਾਗ ਤਾਈਂ
ਖ਼ੂਨ ਡੋਲ੍ਹ ਕੇ ਸਬਜ਼ ਬਣਾਣ ਚੱਲੇ।
ਹਾਂ ਹਾਂ ਜੀਵਨੇ ਤੋਂ ਡਾਢੇ ਤੇਗ ਆ ਕੇ,
ਰੁੱਠੀ ਮੌਤ ਨੂੰ ਆਪ ਮਨਾਣ ਚੱਲੇ।
ਅਨਲ-ਹੱਕ ਮਨਸੂਰ ਦੇ ਵਾਂਗ ਯਾਰੋ,
ਸੂਲੀ ਆਪਣੀ ਆਪ ਗਡਾਣ ਚੱਲੇ।
ਵਾਂਗ ਸ਼ਮਸ ਤੌਰੇਜ਼ ਦੇ ਖ਼ੁਸ਼ੀ ਹੋ ਕੇ,
ਖੱਲਾਂ ਪੁੱਠੀਆਂ ਅੱਜ ਲੁਹਾਣ ਚੱਲੇ।
ਪੰਛੀ ਬਣਾ ਕੇ ਹੋਇਕੇ ਸਭ ਕੱਠੇ,
ਭੁੱਖੇ ਬਾਜ਼ ਨੂੰ ਅੱਜ ਰਜਾਣ ਚੱਲੇ।
ਜ਼ਾਮਿ ਡਾਇਰ ਦੀ ਤ੍ਰਿਖਾ ਮਿਟਾਵਣੇ ਨੂੰ
ਅੱਜ ਖ਼ੂਨ ਦੀ ਨਦੀ ਵਹਾਣ ਚੱਲੇ।
ਅੱਜ ਸ਼ਹਿਰ ਵਿਚ ਪੈਣਗੇ ਵੈਣ ਡੂੰਘੇ
ਵਸਤੇ ਘਰਾਂ ਨੂੰ ਥੇਹ ਬਣਾਣ ਚੱਲੇ।
ਸੀਸ ਆਪਣੇ ਰੱਖ ਕੇ ਤਲੀ ਉੱਤੇ,
ਭਾਰਤ ਮਾਤਾ ਦੀ ਭੇਟ ਚੜ੍ਹਾਣ ਚੱਲੇ।
ਕੋਈ ਮੋੜ ਲੌ ਰੱਬ ਦੇ ਬੰਦਿਆਂ ਨੂੰ,
ਯਾਰੋ! ਮੌਤ ਨੂੰ ਆਪ ਬੁਲਾਣ ਚੱਲੇ।
ਮਾਵਾਂ ਲਾਡਲੇ ਬੱਚਿਆਂ ਵਾਲੀਓ ਨੀ।
ਲਾਲ ਤੁਸਾਂ ਦੇ ਜਾਨ ਗਵਾਣ ਚੱਲੇ।
ਭੈਣੋ ਪਿਆਰੀਓ! ਵੀਰ ਨਾ ਜਾਣ ਦੇਣੇ,
ਵਿੱਛੜ ਤੁਸਾਂ ਤੋਂ ਅੱਜ ਨਾਦਾਨ ਚੱਲੇ।
ਪਤੀ ਰੋਕ ਲੌ ਪਿਆਰੀਓ ਨਾਰੀਓ ਨੀ।
ਅੱਜ ਤੁਸਾਂ ਨੂੰ ਕਰ ਵੈਰਾਨ ਚੱਲੇ।
ਪਿਆਰੇ ਬੱਚਿਓ! ਜੱਫੀਆਂ ਘੱਤ ਮਿਲ ਲੌ,
ਪਿਤਾ ਤੁਸਾਂ ਨੂੰ ਅੱਜ ਰੁਲਾਣ ਚੱਲੇ।
ਜਾ ਕੇ ਰੋਕ ਲੌ! ਜਾਣ ਨਾ ਮੂਲ ਦੇਣੇ,
ਮਤਾ ਉੱਕੇ ਹੀ ਤੁਸਾਂ ਤੋਂ ਜਾਣ ਚਲੇ।
ਨਾਨਕ ਸਿੰਘ ਪਰ ਉਨ੍ਹਾਂ ਨੂੰ ਕੌਣ ਰੋਕੇ,
ਜਿਹੜੇ ਮੁਲਕ ਪਰ ਹੋਣ ਕੁਰਬਾਨ ਚੱਲੇ।

**3. ਰੌਲਟ ਐਕਟ ਦਾ ਰੌਲਾ**

ਰੌਲਟ ਐਕਟ ਨੇ ਘੱਤਿਆ ਆਣ ਰੌਲਾ
ਸਾਰੇ ਹਿੰਦ ਦੇ ਲੋਕ ਉਦਾਸ ਹੋਏ।
ਵਾਂਗ ਭੱਠ ਦੇ ਤਪਿਆ ਦੇਸ਼ ਸਾਰਾ,
ਮਾਨੋ ਸਭ ਦੇ ਲਬਾਂ ਤੇ ਸਾਸ ਹੋਏ।
ਲਗਾ ਮਿਲਨ ਅਨਾਮ ਅੱਜ ਹਿੰਦੀਆਂ ਨੂੰ,
ਜੇਹੜੇ ਮੁੱਦਤਾਂ ਤੋਂ ਸੀਗੇ ਦਾਸ ਹੋਏ।
ਫਾਂਸੀ ਜਮਾਂ ਦੀ ਗੱਲ ਪੈ ਗਈ ਯਾਰੋ,
ਜਿਸਨੂੰ ਦੇਖ ਕੇ ਬਹੁਤ ਨਿਰਾਸ਼ ਹੋਏ।

**4. ਹਿੰਦ ਵੱਲੋਂ ਪੁਕਾਰ**

ਸਾਰੇ ਹਿੰਦ ਨੇ ਕਿਹਾ ਇਕ ਜਾਨ ਹੋ ਕੇ
ਰੋਲਟ ਬਿਲ ਨਾ ਮੂਲ ਮਨਜ਼ੂਰ ਕਰਨਾ।
ਅਸਾਂ ਵਾਰਿਆ ਸਭ ਕੁਛ ਤੁਸਾਂ ਉੱਤੇ,
ਸਾਡਾ ਪਿਆਰ ਨਾ ਦਿਲ ਥੀਂ ਦੂਰ ਕਰਨਾ।
ਲੱਖਾਂ ਸੂਰਮੇ ਜੰਗ ਕੁਹਾ ਦਿੱਤੇ,
ਹਾਏ ਕੁਝ ਤਾਂ ਖਿਆਲ ਹਜ਼ੂਰ ਕਰਨਾ।
ਸਾਡੇ ਕਾਬਲੇ ਰੈਹਮ ਇਸ ਹਾਲ ਉੱਤੇ,
ਰੱਬ ਦੇ ਵਾਸਤੇ ਤਰਸ ਜ਼ਰੂਰ ਕਰਨਾ।
ਮੋਯਾਂ ਹੋਯਾਂ ਤਾਈਂ ਕਾਹਨੂੰ ਮਾਰਦੇ ਹੋ,
ਹਏ ਐਤਨਾ ਨਹੀਂ ਗਰੂਰ ਕਰਨਾ।
ਠੋਕਰ ਮਾਰ ਕੇ ਸਾਡਿਆਂ ਦਿਲਾਂ ਤਾਈਂ,
ਸ਼ੀਸ਼ੇ ਵਾਂਗ ਨਾ ਚੱਕਨਾ ਚੂਰ ਕਰਨਾ।
ਤਪੇ ਦਿਲਾਂ ਵਿਚ ਦੁੱਖਾਂ ਦਾ ਘੱਤ ਬਾਲਨ,
ਸੱਚ ਮੁਚ ਨਾ ਵਾਂਗ ਤੰਦੂਰ ਕਰਨਾ।
ਸਾਨੂੰ ਆਸ ਹੈਸੀ ਕੁਝ ਮਿਲਨੇ ਦੀ,
ਤੁਸੀਂ ਖੜਾ ਨਾ ਹੋਰ ਫਤੂਰ ਕਰਨਾ।
ਅਸੀਂ ਚੋਰ ਨਾ ਠੱਗ ਨਾ ਐਬ ਕੋਈ,
ਬੱਧੇ ਹੋਯਾਂ ਨੇ ਕੀ ਕਸੂਰ ਕਰਨਾ।
ਨਾਨਕ ਸਿੰਘ ਇਸ ਦੁਖਾਂ ਦੇ ਭੱਠ ਅੰਦਰ,
ਸਾਨੂੰ ਘੱਤ ਨਾ ਵਾਂਗ ਮਨੂੰਰ ਕਰਨਾ।

**5. ਬਿਲ ਪਾਸ**

ਸਾਡੀ ਰੋਂਦਿਆਂ ਵਾਸਤੇ ਪਾਂਦਿਆਂ ਦੀ,
ਹਾਏ! ਸੁਣੀ ਨਾ ਕਿਸੇ ਫਰਿਆਦ ਲੋਕੋ।
ਧੱਕੋ ਧੱਕੀ ਚਾ ਬਿਲ ਨੂੰ ਪਾਸ ਕੀਤਾ,
ਸਾਡੇ ਕੀਰਨੇ ਕਿਸ ਨੂੰ ਯਾਦ ਲੋਕੋ।
ਅਸੀਂ ਰਹੇ ਹਜ਼ੂਰ ਹਜ਼ੂਰ ਕਰਦੇ,
ਹਾਂ ਹਜ਼ੂਰ ਪਰ ਬੜੇ ਉਸਤਾਦ ਲੋਕੋ,
ਹਾਏ! ਬੰਨ੍ਹ ਕੇ ਨਵੇਂ ਕਾਨੂੰਨ ਅੰਦਰ,
ਪੀੜ ਸੁੱਟਿਆ ਵਾਂਗ ਕਮਾਦ ਲੋਕੋ।

**6. ਜਲਸੇ ਅਤੇ ਮਾਰਸ਼ਲ ਲਾ**

ਆਖਰਕਾਰ ਹੁਣ ਸਭ ਨਿਰਾਸ਼ ਹੋ ਕੇ,
ਲਿਖੇ ਆਪਣੇ ਨੂੰ ਬਹਿ ਕੇ ਰੋਣ ਲੱਗ ਪਏ।
ਸੱਚ ਮੁੱਚ ਹੋ ਗਿਆ ਯਕੀਨ ਸਭ ਨੂੰ,
ਭਾਰਤ ਵਰਸ਼ ਦੇ ਭਾਗ ਹੁਣ ਸੌਣ ਲੱਗ ਪਏ।
ਸਾਰੇ ਸੁਖ ਆਰਾਮ ਕਾਫ਼ੂਰ ਹੋਏ,
ਕੇਵਲ ਦੁਖ ਹੀ ਦੁਖ ਨਜ਼ਰ ਔਣ ਲੱਗ ਪਏ।
ਕੋਈ ਪੁੱਛਦਾ ਆਣ ਕੇ ਹਾਲ ਨਾਹੀਂ,
ਸਭੇ ਕੂੰਜ ਵਾਂਗ ਕੁਰਲੌਣ ਲੱਗ ਪਏ।
ਕੰਮ ਕਾਰ ਚਾ ਸਭ ਨੇ ਬੰਦ ਕੀਤੇ,
ਲੋਕ ਵਾਂਗ ਦੀਵਾਨਿਆਂ ਭੌਣ ਲੱਗ ਪਏ।
ਹਰ ਇਕ ਸ਼ਹਿਰ ਦੇ ਵਿਚ ਹੜਤਾਲ ਹੋਈ,
ਸਭ ਦੇ ਕਾਲਜੇ ਮੂੰਹ ਨੂੰ ਔਣ ਲੱਗ ਪਏ।
ਭਾਰਤ ਮਾਤਾ ਦੇ ਪੁੱਤ੍ਰ ਇਕੱਤ੍ਰ ਹੋ ਕੇ
ਘੱਤ ਜੱਫੀਆਂ ਨੀਰ ਵਹੌਣ ਲਗ ਪਏ।
ਦੁੱਖ ਦਿਲਾਂ ਦੇ ਖੋਲ੍ਹ ਸੁਣਾਨ ਖਾਤ੍ਰ,
ਥਾਓਂ ਥਾਈਂ ਇਜਲਾਸ
ਤਦ ਹੋਣ ਲੱਗ ਪਏ
ਦੂਜੀ ਤਰਫ਼ ਦੇ ਯਾਰ
ਪ੍ਰਸੰਨ ਹੋ ਕੇ,
ਘਰੀਂ ਬੈਠ ਕੇ ਖ਼ੁਸ਼ੀ
ਮਨੌਣ ਲੱਗ ਪਏ।
ਮਿਸ਼ਨ ਆਪਣੇ ਵਿਚ
ਕਾਮਯਾਬ ਹੋ ਕੇ,
ਵਾਜੇ ਖ਼ੁਸ਼ੀ ਦੇ ਖ਼ੂਬ
ਵਜੌਣ ਲੱਗ ਪਏ।
ਝੋਲੀ-ਚੁੱਕ ਤੇ
ਕੌਮ-ਫਰੋਸ਼ ਜੇਹੜੇ,
ਉਹਨਾਂ ਪਾਸ ਜਾ
ਚੁਗਲੀਆਂ ਲੌਣ ਲੱਗ ਪਏ
ਬਾਗੀ ਚੋਰ ਬਦਮਾਸ਼ ਬੇਵਫ਼ਾ ਕਹਿ ਕੇ,
ਦਿਲ ਉਹਨਾਂ ਦੇ ਖ਼ੂਬ ਭੜਕੌਣ ਲੱਗ ਪਏ।
ਬੇਗੁਨਾਹ ਤਾਈਂ ਗੁਨਾਹਗਾਰ ਦੱਸ ਕੇ,
ਵੇਖੋ ਮੁਲਕ ਦਾ ਨਾਸ ਕਰੌਣ ਲਗ ਪਏ।
ਹਾਕਮ ਲੋਕ ਭੀ ਉਨ੍ਹਾਂ ਦੇ ਲੱਗ ਆਖੇ,
ਬਲਦੀ ਅੱਗ ਤੇ ਤੇਲ ਪਲਟੌਣ ਲੱਗ ਪਏ।
'ਸਰ ਮਾਈਕਲ ਓਡਵਾਇਰ' ਸਾਹਿਬ,
ਮਾਰਸ਼ਲ ਲਾ ਦਾ ਹੁਕਮ ਚੜ੍ਹੌਣ ਲਗ ਪਏ।
ਪਕੜ ਪਕੜ ਬੇਦੋਸ਼ੇ ਆਜਜ਼ਾਂ ਨੂੰ,
ਜੇਲ੍ਹ ਖਾਨਿਆਂ ਵਿਚ ਪਹੁੰਚੌਣ ਲੱਗ ਪਏ।
ਹਾਇ! ਲਿਖਦਿਆਂ ਡਿਗਦੀ ਕਲਮ ਹੱਥੋਂ,
ਰੋਮ ਰੋਮ ਸੁਣ ਕੇ ਖੜ੍ਹੇ ਹੋਣ ਲੱਗ ਪਏ।
ਛੋਟੀ ਉਮਰ ਦੇ ਆਜਜ਼ਾਂ ਬੱਚਿਆਂ ਨੂੰ,
ਫੜ ਕੇ ਮੱਛੀਆਂ ਵਾਂਗ ਤੜਫੌਣ ਲਗ ਪਏ।
ਨਾਲ ਟਿਕਟਿਕੀ ਬੰਨ੍ਹ ਨਿਮਾਣਿਆਂ ਨੂੰ,
ਬੈਂਤ ਮਾਰ ਕੇ ਖੱਲ ਲਹੌਣ ਲਗ ਪਏ।
ਮਾਸ ਤੂੰਬਿਆਂ ਵਾਂਗ ਉਡੌਣ ਲਗ ਪਏ,
ਲਹੂ ਨਾਲ ਇਸ਼ਨਾਨ ਕਰੌਣ ਲਗ ਪਏ।
ਮਾਵਾਂ ਬਾਪ ਉਨ੍ਹਾਂ ਦੇ ਜੇ ਕੋਲ ਆਵਣ,
ਧੱਕੇ ਮਾਰ ਕੇ ਪਿਛਾਂਹ ਹਟੌਣ ਲਗ ਪਏ।
ਅੱਠ ਵਜੇ ਤੋਂ ਬਾਦ ਜੋ ਬਾਹਰ ਨਿਕਲੇ,
ਗੋਲੀ ਮਾਰਨ ਦਾ ਹੁਕਮ ਸੁਨੌਣ ਲਗ ਪਏ।
ਮਾਤਮ ਨਜ਼ਰ ਆਵੇ ਚਾਰੋ ਤਰਫ਼ ਓਦੋਂ,
ਸਭੇ ਦੁਖ ਦੇ ਸੋਹਿਲੇ ਗੌਣ ਲਗ ਪਏ।
ਨਾਨਕ ਸਿੰਘ ਕੀ ਖੋਲ੍ਹ ਕੇ ਹਾਲ ਦਸੇ,
ਜਿਹੜੇ ਦੁੱਖ ਪੰਜਾਬ ਤੇ ਔਣ ਲਗ ਪਏ।

**7. ਚਿੱਠੀਆਂ ਦਰਦਾਂ ਦੀਆਂ ਲਿਖ ਸਰਕਾਰੇ ਪਾਈਆਂ**

ਸ਼ਹਿਨਸ਼ਾਹ ਸੁਣ ਵੈਣ ਅਸਾਡੇ,
ਦੁਖੀ ਦਿਲਾਂ ਦੇ ਪਾਸ ਤੁਹਾਡੇ,
ਅਰਜ਼ਾਂ ਆਣ ਸੁਣਾਈਆਂ,
ਚਿੱਠੀਆਂ ਦਰਦਾਂ ਦੀਆਂ ..

ਰਈਅਤ ਤੇਰੀ ਹੋਈ ਦੁਖਿਆਰੀ,
ਤੁਧ ਬਿਨ ਕੌਣ ਸੁਣੇ ਆਹੋਜ਼ਾਰੀ।
ਹਿੰਦ ਵਿਚ ਹੋਣ ਵਧਾਈਆਂ।
ਚਿੱਠੀਆਂ ਦਰਦਾਂ ਦੀਆਂ ...

ਫਿਰ ਉਡਵਾਇਰ ਹੁਕਮ ਚੜ੍ਹਾਇਆ,
ਜਿਸਨੇ ਸਾਨੂੰ ਬਹੁਤ ਸਤਾਇਆ।
ਕੀਤੀਆਂ ਵਾਂਗ ਕਸਾਈਆਂ,
ਚਿੱਠੀਆਂ ਦਰਦਾਂ ਦੀਆਂ ...

ਫਿਰ ਡਾਇਰ ਦੀ ਵਾਰੀ ਆਈ,
ਜਿਸਨੇ ਹੋਰ ਮੁਸੀਬਤ ਪਾਈ।
ਗੋਲੀਆਂ ਨੇ ਚਲਾਈਆਂ,
ਚਿੱਠੀਆਂ ਦਰਦਾਂ ਦੀਆਂ ...

**8. ਅੰਤਮ ਫਤਿਹ**

ਅਸਾਂ ਵੀਰਾਂ ਨੂੰ ਰੱਖਣਾ ਯਾਦ ਹਰਦਮ
ਮਤਾ ਦਿਓ ਵਸਾਰ ਜਮਾਤੀਆਂ ਨੂੰ।
ਤੁਸਾਂ ਹੋਵਣਾ ਨਹੀਂ ਮਯੂਸ ਵੀਰੋ
ਸੀਨੇ ਵਿਚ ਸਹਾਰਨਾ ਕਾਤੀਆਂ ਨੂੰ।
ਜੇਕਰ ਨਹੀਂ ਇਤਬਾਰ ਜ਼ਬਾਨ ਉੱਤੇ,
ਆ ਕੇ ਵੇਖ ਲੌ ਸਾਡੀਆਂ ਛਾਤੀਆਂ ਨੂੰ
ਲੌ ਹੁਣ ਅੰਤ ਦੀ ਫਤਹ ਬੁਲਾਂਵਦੇ ਹਾਂ,
ਯਾਦ ਰੱਖਣਾ ਸਾਡੀਆਂ ਬਾਤੀਆਂ ਨੂੰ

**9. ਸ਼ਹੀਦਾਂ ਵੱਲੋਂ ਜਰਨਲ ਡਾਇਰ ਨੂੰ ਸਰਟੀਫਿਕੇਟ**

ਹਾਏ! ਹਾਏ! ਡਾਇਰ ਓ ਬੇਤਰਸ ਡਾਇਰ,
ਕਾਹਨੂੰ ਆਇਓਂ ਤੂੰ ਵਿਚ ਪੰਜਾਬ ਡਾਇਰ।
ਜ਼ੁਲਮ ਕਰਦਿਆਂ ਤੈਨੂੰ ਨਾ ਤਰਸ ਆਇਆ,
ਕੀ ਤੂੰ ਪੀਤੀ ਸੀ ਓਦੋਂ ਸ਼ਰਾਬ ਡਾਇਰ?
ਲੈ ਹੁਣ ਰੱਜ ਕੇ ਪੀ ਲੈ ਲਹੂ ਸਾਡਾ,

(ਬਾਕੀ ਅਗਲੇ ਸਫੇ 'ਤੇ)

# 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ ਪਿਤਾਮਾ ਨਾਵਲਕਾਰ ਨਾਨਕ ਸਿੰਘ

ਅਸਾਂ ਤੇਰੇ ਲਈ ਭਰਿਆ ਤਾਲਾਬ ਡਾਇਰ।
ਜਿਵੇਂ ਮਾਰਿਆ ਈ ਅਸਾਂ ਬੇਦੋਸ਼ਿਆਂ ਨੂੰ,
ਲਵੇ ਤੈਥੋਂ ਭੀ ਰੱਬ ਹਿਸਾਬ ਡਾਇਰ।
ਹਾਇ ਪਾਪੀਆ! ਐਵੇਂ ਨਾ-ਹੱਕ ਸਾਡੇ,
ਕੀਤੇ ਕਾਲਜੇ ਭੁੰਨ ਕਬਾਬ ਡਾਇਰ।
ਭਲਾ ਦੱਸ ਮਜ਼ਲੂਮਾਂ ਤੇ ਜ਼ੁਲਮ ਕਰਕੇ,
ਕੇਹੜਾ ਖੱਟਿਆ ਤੁਧ ਸਵਾਦ ਡਾਇਰ।
ਜਿਵੇਂ ਸਾੜਿਆ ਈ ਸਾਡਿਆਂ ਸੀਨਿਆਂ ਨੂੰ,
ਤੂੰ ਭੀ ਹੋਏਂਗਾ ਤਿਵੇਂ ਖਰਾਬ ਡਾਇਰ।
ਮਰ ਕੇ ਜਾਵੇਂਗਾ ਵਿਚ ਤੂੰ ਦੋਜ਼ਖ਼ਾਂ ਦੇ,
ਓਥੇ ਮਿਲਣਗੇ ਬਹੁਤ ਆਜ਼ਾਬ ਡਾਇਰ।
ਫਿਰ ਰੱਬ ਦੀ ਵਿਚ ਦਰਗਾਹ ਜਾ ਕੇ,
ਦੱਸ, ਦੇਵੇਂਗਾ ਕੀ ਜਵਾਬ ਡਾਇਰ।

**10. ਸ਼ਹੀਦਾਂ ਦੀ ਆਵਾਜ਼**

ਜਾ ਕੇ ਦੇਖ ਲੌ ਜਲ੍ਹਿਆਂ ਦੇ ਬਾਗ ਅੰਦਰ,
ਕੀ ਕੁਝ ਕਹੇ ਸ਼ਹੀਦ ਪੁਕਾਰ ਲੋਕੋ!!
ਮਿਹਣੇ ਮਾਰ ਕੇ ਆਖ ਰਹੇ ਹਿੰਦ ਤਾਈਂ,
ਚੰਗਾ ਤੁਸਾਂ ਦਾ ਵੇਖਿਆ ਪਿਆਰ ਲੋਕੋ।
ਅਸੀਂ ਤੁਸਾਂ ਦੇ ਲਈ ਸ਼ਹੀਦ ਹੋਏ
ਸਾਰੇ ਛੱਡ ਕੇ ਬਾਗ ਪਰਵਾਰ ਲੋਕੋ।
ਆਖਰ ਅਸੀਂ ਭੀ ਆਦਮੀ ਤੁਸਾਂ ਵਰਗੇ,
ਕਰਨੀ ਜਾਣਦੇ ਐਸ਼ ਬਹਾਰ ਲੋਕੋ।
ਐਪਰ ਛੋੜ ਕੇ ਘਰਾਂ ਦੇ ਸੁਖ ਸਾਰੇ,
ਜਾਨਾਂ ਦਿੱਤੀਆਂ ਤੁਸੀਂ ਪਰ ਵਾਰ ਲੋਕੋ।
ਛਾਤੀ ਡਾਹ ਕੇ ਵਾਂਗਰਾਂ ਚਾਂਦ ਮਾਰੀ
ਲਈਆਂ ਗੋਲੀਆਂ ਅਸਾਂ ਸਹਾਰ ਲੋਕੋ।
ਸਾਡੇ ਸੀਨਿਆਂ ਨੂੰ ਜ਼ਰਾ ਆਣ ਵੇਖੋ
ਛੇਕ ਪਏ ਨੇ ਕਈ ਹਜ਼ਾਰ ਲੋਕੋ!
ਤੁਸੀਂ ਘਰੀਂ ਬੈਠੇ ਮੌਜਾਂ ਮਾਣਦੇ ਹੋ,
ਦਿਤਾ ਅਸਾਂ ਨੂੰ ਦਿਲੋਂ ਵਿਸਾਰ ਲੋਕੋ।
ਸਾਡੇ ਨਾਲ ਕੀ ਤੁਸਾਂ ਦਾ ਵਾਇਦਾ ਸੀ,
ਚੰਗਾ ਪਾਲਿਆ ਕੌਲ ਇਕਰਾਰ ਲੋਕੋ!!
ਕੋਠੇ ਚਾੜ੍ਹ ਕੇ ਪੌੜੀਆਂ ਖਿੱਚ ਲਈਆਂ,
ਚੰਗੇ ਵੀਰ ਤੁਸੀਂ ਵਫ਼ਾਦਾਰ ਲੋਕੋ!
ਸਾਡੀ ਪੀੜ ਅੱਜ ਤੁਸਾਂ ਵਿਸਾਰ ਦਿੱਤੀ,
ਸਾਨੂੰ ਅਗਾਂਹ ਕਰਕੇ ਧਕੇ ਮਾਰ ਲੋਕੋ!
ਸਾਡਾ ਕਰਜ ਹੈ ਤੁਸਾਂ ਪਰ ਬਹੁਤ ਸਾਰਾ,
ਜਿਹੜਾ ਚੁਕਿਆ ਤੁਸੀਂ ਉਧਾਰ ਲੋਕੋ।
ਸਾਨੂੰ ਵਿਛੜਿਆਂ ਨੂੰ ਏਨੀ ਮੁੱਦਤ ਹੋਈ,
ਬਣੀ ਅੱਜੇ ਤਕ ਨਾ ਯਾਦਗਾਰ ਲੋਕੋ।
ਸਾਡੇ ਵਾਂਗ ਹੀ ਤੁਸਾਂ ਭੀ ਤਿਆਰ ਰਹਿਣਾ,
ਸਭੇ ਗਫਲਤਾਂ ਦਿਓ ਵਿਸਾਰ ਲੋਕੋ।
ਬਣੋ ਮਰਦ ਤੇ ਮੁਲਕ ਦੀ ਕਰੋ ਸੇਵਾ,
ਮਤਾਂ ਭੁੱਲ ਜਾਵੇ ਇਕਰਾਰ ਲੋਕੋ।
ਨਾਨਕ ਸਿੰਘ ਹੈ ਮੌਤ ਜ਼ਰੂਰ ਔਣੀ,
ਕਿਓਂ ਨਾ ਦੇਸ ਪਰ ਹੋਏ ਨਿਸਾਰ ਲੋਕੋ।

ਨਾਨਕ ਸਿੰਘ ਭਾਰਤ ਦੇ ਆਜ਼ਾਦੀ ਅੰਦੋਲਨ 'ਚ 'ਅਕਾਲੀ ਲਹਿਰ' 'ਚ ਸ਼ਾਮਲ ਹੋ ਕੇ ਸ਼ੁਰੂ ਕਰਦੇ ਹਨ। ਉਹ ਅਕਾਲੀ ਅਖ਼ਬਾਰ ਦੇ ਸੰਪਾਦਕ ਬਣ ਜਾਂਦੇ ਹਨ। ਅੰਗਰੇਜ਼ ਸਰਕਾਰ ਇਸ ਪ੍ਰਤੀ ਬੜਾ ਸਖ਼ਤ ਰਵੱਈਆ ਅਖਤਿਆਰ ਕਰ ਲੈਂਦੀ ਹੈ। ਉਹ ਨਾਨਕ ਸਿੰਘ 'ਤੇ ਰਾਜਨੀਤਿਕ ਸਰਕਾਰ ਵਿਰੋਧੀ, ਗੈਰ ਕਾਨੂੰਨੀ ਗਤੀਵਿਧੀਆਂ ਦਾ ਇਲਜ਼ਾਮ ਲਾ ਕੇ ਲਾਹੌਰ ਦੀ ਬੋਰਸਟਲ ਜੇਲ੍ਹ 'ਚ ਉਨ੍ਹਾਂ ਨੂੰ ਬੰਦ ਕਰ ਦਿੰਦੀ ਹੈ। ਨਾਨਕ ਸਿੰਘ ਆਪਣੇ ਦੂਸਰੇ ਕਾਵਿ ਸੰਗ੍ਰਹਿ 'ਜ਼ਖ਼ਮੀ ਦਿਲ' 'ਚ ਸਿੱਖਾਂ ਵੱਲੋਂ ਲਗਾਏ ਗਏ ਸ਼ਾਂਤਮਈ 'ਗੁਰੂ ਕਾ ਬਾਗ' ਮੋਰਚਾ 'ਚ ਅੰਗਰੇਜ਼ ਸਰਕਾਰ ਵੱਲੋਂ ਸਿੱਖਾਂ 'ਤੇ ਅਣਮਨੁੱਖੀ ਤਸ਼ੱਦਦ ਦਾ ਬੜੀ ਬੇਬਾਕੀ ਨਾਲ ਵਰਣਨ ਕਰਦਾ ਹੈ। ਇਹ ਕਾਵਿ ਸੰਗ੍ਰਹਿ 1923 'ਚ ਛਪਣ ਦੇ ਤੁਰੰਤ ਦੋ ਹਫਤੇ ਬਾਅਦ ਸਰਕਾਰ ਇਸ 'ਤੇ ਪਾਬੰਦੀ ਲਾ ਦਿੰਦੀ ਹੈ।

ਨਾਨਕ ਸਿੰਘ ਨੇ ਆਪਣੇ ਕਈ ਨਾਵਲ ਆਪਣੀ ਜੇਲ੍ਹ ਯਾਤਰਾ ਦੌਰਾਨ ਵੀ ਲਿਖੇ ਹਨ ਤੇ ਕਾਫ਼ੀ ਨਾਵਲਾਂ ਨੂੰ ਡਲਹੌਜ਼ੀ ਵਰਗੇ ਸ਼ਾਂਤ ਤੇ ਰਮਣੀਕ ਸਥਾਨ 'ਤੇ ਵੀ ਲਿਖਿਆ ਹੈ। ਉਹ ਜਦੋਂ ਲਗਾਤਾਰ ਆਪਣੀ ਕਲਮ ਕਈ-ਕਈ ਘੰਟਿਆਂ ਤੱਕ ਚਲਾਉਂਦੇ ਸਨ ਤੇ ਉਸ ਦੇ ਨਾਲ-ਨਾਲ ਸਿਗਰਟ ਦੇ ਸੂਟਿਆਂ ਦੇ ਵੀ ਚਸਕੇ ਲੈਂਦੇ ਰਹਿੰਦੇ ਸਨ। ਇਸ ਤੋਂ ਉਪਰੰਤ ਉਹਨਾਂ ਦੀ ਚਾਹ ਦੀ ਕੇਤਲੀ, ਹਲਕੀ ਜਿਹੀ ਲਾਟ ਨਾਲ ਵੀ ਮਘਦੀ ਰਹਿੰਦੀ ਸੀ ਤਾਂ ਕਿ ਲਿਖਦੇ ਸਮੇਂ ਉਹਨਾਂ ਨੂੰ ਨੀਂਦ ਨਾ ਆ ਸਕੇ। ਕਈ ਵਾਰ ਉਹ ਸਾਰੀ-ਸਾਰੀ ਰਾਤ ਲਿਖਦੇ ਰਹਿੰਦੇ ਤੇ ਰਾਤ ਦੀ ਰੋਟੀ ਖਾਣੀ ਵੀ ਭੁੱਲ ਜਾਂਦੇ ਸਨ। ਉਹਨਾਂ ਦੀਆਂ ਪੰਜਾਬੀ 'ਚ ਸਭ ਲਿਖਤਾਂ ਦੇ ਕੋਈ 40,000 ਪੰਨੇ ਦੇ ਕਰੀਬ ਬਣਦੇ ਹਨ।

ਉਨ੍ਹਾਂ ਨੂੰ ਪੰਜਾਬੀ ਦੀ ਕਈ ਸਾਹਿਤਕ ਸੰਸਥਾਵਾਂ ਨੇ ਅਨੇਕਾਂ ਵਾਰ ਇਨਾਮ ਦਿੱਤੇ, ਜਿਹਨਾਂ 'ਚ ਉਹਨਾਂ ਨੂੰ ਦਿੱਤਾ ਗਿਆ 1960 ਦਾ ਉਚੇਰਾ ਸਨਮਾਨ ਵੀ ਸ਼ਾਮਲ ਹੈ। ਉਹਨਾਂ ਦੇ ਬਹੁਤ ਹੀ ਮਸ਼ਹੂਰ ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ ਜਿਹੜਾ ਕਿ ਉਹਨਾਂ ਨੇ 1959 'ਚ ਲਿਖਿਆ ਸੀ, ਬਦਲੇ ਭਾਰਤ ਦਾ ਉੱਚ ਸਾਹਿਤਕ ਸਨਮਾਨ 'ਸਾਹਿਤ ਅਕੈਡਮੀ' 1960 'ਚ ਮਿਲਿਆ ਸੀ।

ਨਾਨਕ ਸਿੰਘ ਜੀ ਦੀ ਰਚਨਾਵਾਂ ਦੀ ਸੂਚੀ ਜਿਨ੍ਹਾਂ 'ਚ ਨਾਵਲ, ਕਹਾਣੀ ਸੰਗ੍ਰਹਿ, ਨਾਟਕ ਤੇ ਅਨੁਵਾਦਿਤ ਨਾਵਲ ਵੀ ਸ਼ਾਮਲ ਹਨ। ਇਸ ਪ੍ਰਕਾਰ ਹੈ: ਆਸਤਕ ਨਾਸਤਕ, ਆਦਮ ਖੋਰ, ਅੱਧ ਖਿੜਿਆ ਫੁੱਲ, ਅੱਗ ਦੀ ਖੇਡ, ਅਣਸੀਤੇ ਜ਼ਖਮ, ਬੀ. ਏ. ਪਾਸ, ਭੂਆ, ਚੜ੍ਹਦੀ ਕਲਾ, ਛਲਾਵਾ, ਚਿੱਤਰਕਾਰ, ਚਿੱਟਾ ਲਹੂ, ਚੌੜ ਚਾਨਣ, ਧੁੰਦਲੇ ਪਰਛਾਵੇਂ, ਦੂਰ ਕਿਨਾਰਾ, ਫੌਲਾਦੀ ਫੁੱਲ, ਫਰਾਂਸ ਦਾ ਡਾਕੂ, ਗਗਨ ਦਮਾਮਾ ਵਾਜਿਓ, ਗੰਗਾਜਲੀ 'ਚ ਸ਼ਰਾਬ, ਗਰੀਬ ਦੀ ਦੁਨੀਆਂ, ਹੰਝੂਆਂ ਦੇ ਹਾਰ, ਇਕ ਮਿਆਨ ਦੋ ਤਲਵਾਰਾਂ, ਜੀਵਨ ਸੰਗਰਾਮ, ਕਾਗਜ਼ ਦੀ ਬੇੜੀ, ਕਾਲ ਚੱਕਰ, ਕੱਟੀ ਹੋਈ ਪਤੰਗ, ਕਾਲੋ, ਖ਼ੂਨ ਦੇ ਸੋਹਲੇ, ਕੋਈ ਹਰਿਆ ਬੂਟ ਰਹਿਓਰੀ, ਲੰਮਾ ਪੈਂਡਾ, ਲਵ ਮੈਰਿਜ, ਮੰਝਧਾਰ, ਮਤਰੇਈ ਮਾਂ, ਮੇਰੀ ਦੁਨੀਆਂ, ਮੇਰੀਆਂ ਸਦੀਵੀ ਯਾਦਾਂ, ਮਿੱਧੇ ਹੋਏ ਫੁੱਲ, ਮਿੱਠਾ ਮਹੁਰਾ, ਨਾਸੂਰ, ਪਾਪ ਦੀ ਖੱਟੀ, ਪਰਾਸਚਿੱਤ, ਪੱਥਰ ਦੇ ਖੰਭ, ਪੱਥਰ ਕਾਂਬਾ, ਪਤਝੜ ਦੇ ਪੰਛੀ, ਪਵਿੱਤਰ ਪਾਪੀ, ਪਿਆਰ ਦਾ ਦੇਵਤਾ, ਪਿਆਰ ਦੀ ਦੁਨੀਆਂ, ਪ੍ਰੇਮ ਸੰਗੀਤ, ਪੁਜਾਰੀ, ਰੱਬ ਆਪਣੇ ਅਸਲੀ ਰੂਪ ਵਿਚ, ਰਜਨੀ, ਸਾਤਸਤੀ, ਸੰਗਮ, ਸਰਾਪੀਆਂ ਰੂਹਾਂ, ਸੂਲਾਂ ਦੀ ਸੇਜ, ਸੁੰਮਨ ਕਾਂਤਾ, ਸੁਨਹਿਰੀ ਜਿਲਦ, ਸੁਪਨਿਆਂ ਦੀ ਕ਼ਬਰ, ਸਵਰਗ ਤੇ ਉਸ ਦੇ ਵਾਰਸ, ਤਾਸ਼ ਦੀ ਆਦਤ, ਤਸਵੀਰ ਦੇ ਦੋਨੋਂ ਪਾਸੇ, ਠੰਢੀਆਂ ਛਾਵਾਂ, ਟੁੱਟੇ ਖੰਭ, ਟੁੱਟੀ ਵੀਣਾ, ਵੱਡਾ ਡਾਕਟਰ ਤੇ ਹੋਰ ਕਹਾਣੀਆਂ, ਵਰ ਨਹੀਂ ਸਰਾਪ, ਵਿਸ਼ਵਾਸ ਘਾਤ ਆਦਿ।

ਨਾਵਲਾਂ ਦਾ ਅੰਗਰੇਜ਼ੀ ਭਾਸ਼ਾ ਦਾ ਇਤਿਹਾਸ ਸਾਡੇ ਪੰਜਾਬੀ ਸਾਹਿਤ ਦੇ ਇਤਿਹਾਸ ਨਾਲੋਂ ਚਾਰ ਸੌ ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ ਪਰ ਅੰਗਰੇਜ਼ੀ ਦਾ ਪਹਿਲਾ ਨਾਵਲ ਜਿਹੜਾ ਕਿ ਮਨੁੱਖ ਦੀ ਜੀਵਨੀ ਨੂੰ ਪੂਰਨ ਰੂਪ ਵਿਚ ਬਿਆਨ ਕਰਦਾ ਹੈ। ਨਾਵਲ ਕਿਸੇ ਸਾਹਿਤ ਦੇ ਇਤਿਹਾਸ 'ਚ ਲਿਖਿਆ ਹੀ ਉਦੋਂ ਜਾਂਦਾ ਹੈ ਜਦੋਂ ਕੋਈ ਮਨੁੱਖ ਆਪਣੇ ਪੂਰਨ ਜੀਵਨ ਨੂੰ ਨਾਵਲਾਂ ਰਾਹੀਂ ਵਰਣਨ ਕਰਦਾ ਹੈ। ਸਾਹਿਤ ਦੇ ਹੋਰ ਵੀ ਕਈ ਰੂਪ ਹਨ, ਜਿਵੇਂ- ਕਹਾਣੀ, ਨਿੱਕੀ ਕਹਾਣੀ, ਨਾਟਕ, ਇਕਾਂਗੀ ਆਦਿ ਮਨੁੱਖ ਦੇ ਪੂਰਨ ਜੀਵਨ ਨੂੰ ਅਭਿਵਿਅਕਤ ਕਰਨ ਤੋਂ ਅਸਮਰੱਥ ਹੁੰਦੇ ਹਨ। ਇਸ ਲਈ ਅੰਗਰੇਜ਼ੀ ਦਾ ਪਹਿਲਾ ਨਾਵਲ 'ਆਨ ਦੀ ਓਲਡਰ ਸਾਈਡ ਮੋਰਟੀ ਡੀ' ਹੈ। ਇਸ ਦਾ ਲਿਖਾਰੀ ਥਾਮਸ ਮਾਲੋਰੀ ਹੈ ਤੇ ਇਹ ਨਾਵਲ 1485 ਈਸਵੀ 'ਚ ਛਪਦਾ ਹੈ। ਵੈਸੇ ਤਾਂ ਦੁਨੀਆਂ ਦਾ ਪੂਰੀ ਲੰਬਾਈ ਵਾਲਾ ਨਾਵਲ ਜਿਹੜਾ ਕਿ ਮਾਨਵੀ ਪੂਰੀ ਜ਼ਿੰਦਗੀ ਦਾ ਵਰਣਨ ਕਰਦਾ ਹੈ, ਉਹ ਹੈ 'ਦੀ ਟੇਲ ਆਫ਼ ਜੈਨਜੀ' ਸੰਸਾਰ ਦਾ ਪਹਿਲਾ ਨਾਵਲ ਹੈ ਤੇ ਇਸ ਦਾ ਲਿਖਾਰੀ ਗਿਆਰਵੀਂ ਸਦੀ ਦਾ ਮੁਰਾਸਕੀ ਸਿਕੀਵਾਊ ਹੈ।

ਉਕਤ ਵਿਦੇਸ਼ੀ ਨਾਵਲਾਂ ਦੇ ਮੁਕਾਬਲੇ 'ਚ ਸਾਡਾ ਪੰਜਾਬੀ ਸਾਹਿਤ ਦਾ ਇਤਿਹਾਸ 1898 'ਚ ਲਿਖੇ ਭਾਈ ਵੀਰ ਸਿੰਘ ਜੀ ਦੇ 'ਸੁੰਦਰੀ' ਨਾਵਲ ਨਾਲ ਸ਼ੁਰੂ ਹੁੰਦਾ ਹੈ। ਭਾਈ ਵੀਰ ਸਿੰਘ ਜੀ ਤੋਂ ਬਾਅਦ ਨਾਨਕ ਸਿੰਘ ਨਾਵਲਿਸਟ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਭਰਪੂਰ ਯੋਗਦਾਨ ਪਾਉਂਦਾ ਹੈ। ਉਨ੍ਹਾਂ ਨੇ ਕੋਈ 30 ਤੋਂ 40 ਦੇ ਕਰੀਬ ਨਾਵਲ ਲਿਖੇ ਹਨ ਤੇ ਉਨ੍ਹਾਂ ਦਾ ਪਹਿਲਾ ਨਾਵਲ 'ਚਿੱਟਾ ਲਹੂ' 1932 'ਚ ਛਪਿਆ। ਇਸ ਨਾਵਲ ਦਾ ਰੂਸੀ ਭਾਸ਼ਾ 'ਚ ਨਾਤਾਸ਼ਾ ਟਾਲਸਟਾਏ ਦੀ ਪੋਤਰੀ ਲੀਓ ਟਾਲਸਟਾਏ ਨੇ ਕੀਤਾ। ਨਾਨਕ ਸਿੰਘ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ ਤੇ ਉਸ ਦੇ ਨਾਵਲ ਵਿਉਪਾਰਕ ਪੱਖੋਂ ਵੀ ਸਭ ਤੋਂ ਵੱਧ ਵਿਕੇ ਹਨ। ਉਹ ਮੁੱਖ ਤੌਰ 'ਤੇ ਇਕ ਰੁਮਾਂਸਵਾਦੀ ਨਾਵਲਕਾਰ ਹੈ। ਉਸ ਦੇ ਨਾਵਲਾਂ 'ਚ ਪਾਠਕ ਦੀ ਜਗਿਆਸਾ ਲਗਾਤਾਰ ਬਣੀ ਰਹਿੰਦੀ ਹੈ ਤੇ ਪਾਠਕ ਦੀ ਨਾਵਲ ਪੜ੍ਹਨ ਦੀ ਰੁਚੀ ਬਣੀ ਰਹਿੰਦੀ ਹੈ ਤੇ ਪਾਠਕ ਦੀ ਇੱਛਾ ਹੁੰਦੀ ਹੈ ਕਿ ਉਹ ਇਕੋ ਬੈਠਕ 'ਚ ਹੀ ਸਾਰਾ ਨਾਵਲ ਪੜ੍ਹ ਲਵੇ। ਇਸੇ ਕਰਕੇ ਹੀ ਉਸ ਦੇ ਨਾਵਲਾਂ ਦੇ ਪਾਠਕ ਸਭ ਤੋਂ ਵੱਧ ਹਨ।

ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਇਹ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਤੇ ਪ੍ਰੋ. ਗੁਰਦਿਆਲ ਸਿੰਘ ਵਾਂਗ ਯਥਾਰਥਵਾਦੀ ਨਹੀਂ ਹਨ ਪਰ ਫਿਰ ਵੀ ਨਾਨਕ ਸਿੰਘ ਦੇ ਕਈ ਨਾਵਲ ਚਿੱਟਾ ਲਹੂ, ਪਵਿੱਤਰ ਪਾਪੀ, ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ, ਆਸਤਕ ਨਾਸਤਕ, ਕੱਟੀ ਹੋਈ ਪਤੰਗ' ਆਦਿ ਬਹੁਤ ਚਰਚਾ 'ਚ ਰਹੇ ਹਨ।

'ਪਵਿੱਤਰ ਪਾਪੀ' ਨਾਵਲ ਦੀ ਪਾਤਰ ਉਸਾਰ ਖਾਸ ਤੌਰ 'ਤੇ ਉਸ ਦੇ ਮੁੱਖ ਪਾਤਰ 'ਕਿਦਾਰ' ਦੀ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਮੀਲ ਪੱਥਰ ਸਾਬਤ ਹੋਈ ਹੈ। ਅੱਜੇ ਤੱਕ ਪੰਜਾਬੀ ਦਾ ਕੋਈ ਵੀ ਸਾਹਿਤਕਾਰ ਇਸ ਪੱਧਰ ਦੀ ਪਾਤਰ ਉਸਾਰੀ ਨਹੀਂ ਕਰ ਸਕਿਆ। ਆਲੋਚਕ ਨਾਨਕ ਸਿੰਘ ਦੇ ਇਸ ਪਾਤਰ ਦੀ ਤੁਲਨਾ ਕਾਲੀਦਾਸ ਦੇ ਨਾਟਕਾਂ ਦੇ ਪਾਤਰਾਂ ਤੇ ਬਿਲੀਅਮ ਸ਼ੈਕਸਪੀਅਰ ਦੇ ਨਾਟਕਾਂ ਦੇ ਪਾਤਰਾਂ ਨਾਲ ਕਰਦੇ ਹਨ।

ਨਾਨਕ ਸਿੰਘ ਦਾ 'ਇਕ ਮਿਆਨ ਦੋ ਤਲਵਾਰਾਂ' ਨਾਵਲ, ਇਕ ਇਤਿਹਾਸਕ ਨਾਵਲ ਹੈ। ਇਸ ਨਾਵਲ 'ਚ ਨਾਵਲਕਾਰ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਹੋਰ ਦੇਸ਼ ਭਗਤ ਸਾਥੀਆਂ ਦੀਆਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੀਤਾ ਗਿਆ ਸੰਘਰਸ਼ ਤੇ ਕੀਤੀਆਂ ਗਈਆਂ ਕੁਰਬਾਨੀਆਂ ਦਾ ਜ਼ਿਕਰ ਕਰਦਾ ਹੈ। 'ਕੱਟੀ ਹੋਈ ਪਤੰਗ' ਨਾਵਲ 'ਚ ਨਾਵਲਕਾਰ ਮਰਦ ਪ੍ਰਧਾਨ ਸਮਾਜ 'ਚ ਔਰਤ ਦੀ ਸਾਰੀ ਉਮਰ ਪੁਰਸ਼ ਦੀ ਕਰਦੀ ਗੁਲਾਮੀ ਦਾ ਜ਼ਿਕਰ ਕਰਦਾ ਹੈ। ਔਰਤ ਬਚਪਨ 'ਚ ਆਪਣੇ ਮਾਤਾ-ਪਿਤਾ ਦੀ ਗੁਲਾਮੀ ਝੇਲਦੀ ਹੈ। ਜਵਾਨੀ 'ਚ ਉਸ ਨੂੰ ਵਿਆਹ ਤੋਂ ਬਾਅਦ ਆਪਣੇ ਪਤੀ ਦੀ ਗੁਲਾਮੀ ਦਾ ਸੰਤਾਪ ਭੋਗਣਾ ਪੈਂਦਾ ਹੈ ਤੇ ਬੁਢਾਪੇ 'ਚ ਉਸ ਨੂੰ ਆਪਣੇ ਬੱਚਿਆਂ 'ਤੇ ਮੁਥਾਜ ਰਹਿ ਕੇ ਬੁਢਾਪੇ ਦੀਆਂ ਪੀੜਾਂ ਨੂੰ ਜਰਨਾ ਪੈਂਦਾ ਹੈ। ਭਾਵ ਔਰਤ ਦੀ ਦਸ਼ਾ ਸਾਰੀ ਉਮਰ ਇਕ ਕੱਟੀ ਹੋਈ ਪਤੰਗ ਵਰਗੀ ਬਣੀ ਰਹਿੰਦੀ ਹੈ। ਜਿਵੇਂ ਕਿ ਕੱਟੀ ਹੋਈ ਪਤੰਗ ਨੂੰ ਲੁੱਟਣ ਲਈ ਕਈ ਨੌਜਵਾਨ ਦੌੜਦੇ ਹਨ ਤੇ ਉਸ ਦਾ ਟੁਕੜੇ-ਟੁਕੜੇ ਕਰ ਦਿੰਦੇ ਹਨ ਇਸੇ ਹੀ ਤਰ੍ਹਾਂ ਔਰਤ ਸਰੀ ਉਮਰ ਗੁਲਾਮੀ ਦੇ ਸੰਤਾਪ ਤੇ ਆਪਣੀ ਆਬਰੂ ਤੇ ਅਸਮਤ ਨੂੰ ਬਚਾਉਣ ਲਈ ਮਨੁੱਖ ਦਾ ਤਸ਼ੱਦਦ ਝੇਲਦੀ ਹੈ। ਇਹ ਸੰਸਾਰ ਭਰ ਦੀਆਂ ਔਰਤਾਂ ਦਾ ਸਭ ਤੋਂ ਵੱਡਾ ਦੁਖਾਂਤ ਹੈ। 'ਆਸਤਕ ਨਾਸਤਕ' ਨਾਵਲ 'ਚ ਆਸਤਕ ਤੇ ਨਾਸਤਕ ਦੋਵਾਂ ਧਿਰਾਂ ਦੇ ਸੁਝਾਵਾਂ ਨੂੰ ਇਕੋ ਬਰਾਬਰੀ ਤੇ ਬਿਆਨ ਕਰਦਾ ਹੈ। ਪਾਠਕ ਲਈ ਦੁਬਿਧਾ ਬਣ ਜਾਂਦੀ ਹੈ ਕਿ ਉਹ ਆਸਤਕ ਬਣੇ ਜਾਂ ਨਾਸਤਕ।

ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾਨਕ ਸਿੰਘ ਦਾ ਸਥਾਨ ਪਹਿਲਾ ਤੇ ਪਿਤਾਮਾ ਨਾਵਲਕਾਰ ਹੋਣ ਕਰਕੇ ਇਕ ਖਾਸ ਮੁਕਾਮ ਰੱਖਦਾ ਹੈ। ਉਸ ਨੇ ਪੰਜਾਬੀ ਸਾਹਿਤ ਦੇ ਨਾਵਲਾਂ ਦੇ ਖਾਲੀ ਪਏ ਖ਼ਜ਼ਾਨੇ ਨੂੰ ਤੀਹ ਤੋਂ ਚਾਲੀ ਨਾਵਲ ਲਿਖ ਕੇ ਭਰਪੂਰ ਕਰ ਦਿੱਤਾ। ਉਹਨਾਂ ਤੋਂ ਬਾਅਦ ਉਹਨਾਂ ਦੇ ਵਾਰਸ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਵੀ ਕੋਈ 35 ਨਾਵਲ ਲਿਖ ਕੇ ਪੰਜਾਬੀ ਸਾਹਿਤ ਦੀ ਝੋਲੀ 'ਚ ਪਾਏ ਸੁਰਿੰਦਰ ਸਿੰਘ ਨਰੂਲਾ ਤੇ ਪ੍ਰੋ. ਗੁਰਦਿਆਲ ਸਿੰਘ ਮੁੱਖ ਤੌਰ 'ਤੇ ਯਥਾਰਥਵਾਦੀ ਨਾਵਲਕਾਰ ਹਨ, ਉਹਨਾਂ ਦਾ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਭਰਪੂਰ ਯੋਗਦਾਨ ਹੈ। ਅੱਜ ਦੇ ਨਵੇਂ ਸਾਹਿਤਕਾਰ ਵੀ ਉਕਤ ਨਾਵਲਕਾਰਾਂ ਤੋਂ ਪ੍ਰੇਰਨਾ ਲੈ ਕੇ ਨਾਵਲਾਂ ਦੇ ਖੇਤਰ 'ਚ ਮਹਾਨ ਯੋਗਦਾਨ ਪਾ ਰਹੇ ਹਨ। ਪਰ ਇੱਥੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਅੱਜ ਦੀ ਨਵੀਂ ਪੀੜ੍ਹੀ 'ਚ ਨਾਵਲ ਤੇ ਸਾਹਿਤ ਦੇ ਦੂਸਰੇ ਰੂਪਾਂ ਨੂੰ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਮੋਬਾਇਲ, ਕੰਪਿਊਟਰ ਤੇ ਟੀ. ਵੀ. ਹਨ।

ਨਾਨਕ ਸਿੰਘ ਨਾਵਲਕਾਰ ਦੀ 74 ਸਾਲ ਦੀ ਉਮਰ 'ਚ ਸੰਨ 28 ਦਸੰਬਰ, 1971 ਨੂੰ ਮੌਤ ਹੋ ਜਾਂਦੀ ਹੈ। ਹੁਣ ਉਹਨਾਂ ਦੇ ਪਰਿਵਾਰ 'ਚ ਉਹਨਾਂ ਦੇ ਪੁੱਤਰ ਕੁਲਵੰਤ ਸਿੰਘ ਸੂਰੀ, ਕੁਲਵੀਰ ਸਿੰਘ ਸੂਰੀ, ਕੰਵਲਜੀਤ ਸਿੰਘ ਸੂਰੀ, ਕਰਤਾਰ ਸਿੰਘ ਸੂਰੀ, ਕੁਲਦੀਪ ਸਿੰਘ ਸੂਰੀ ਤੇ ਇਕ ਪੁੱਤਰੀ ਪੁਸ਼ਪਿੰਦਰ ਕੌਰ ਜੀ ਹਨ। ਉਹ ਤਕਰੀਬਨ ਸਭ ਪੰਜਾਬੀ ਸਾਹਿਤ ਦੇ ਵਿਦਵਾਨ ਤੇ ਉਚੇਰੀ ਸਾਹਿਤਕ ਰੁਚੀਆਂ ਦੇ ਮਾਲਕ ਹਨ ਤੇ ਸਭ ਨਾਨਕ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ ਆਪਣਾ ਯੋਗਦਾਨ ਪੰਜਾਬੀ ਸਾਹਿਤ ਦੀ ਝੋਲੀ 'ਚ ਪਾ ਰਹੇ ਹਨ ਤੇ ਉਹਨਾਂ ਨੇ ਆਪਣੇ ਵਿਰਸੇ ਨੂੰ ਅੱਗੇ ਵਧਾਇਆ ਹੈ।

ਸੰਨ 1997 'ਚ ਨਾਨਕ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਈ ਗਈ ਸੀ। ਇਹ ਨਾਨਕ ਸਿੰਘ ਜੀ ਨੂੰ ਯਾਦ ਕਰਨ ਤੇ ਉਹਨਾਂ ਦੀ ਸ਼ਾਨ ਨੂੰ ਹੋਰ ਚਾਰ ਚੰਨ ਲਾਉਣ ਵਾਲੀ ਗੱਲ ਸੀ। ਇਸ ਮੌਕੇ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਜੀ ਗੁਜਰਾਲ ਨੇ ਨਾਨਕ ਸਿੰਘ ਦੀ ਤਸਵੀਰ ਵਾਲੀ ਇਕ ਯਾਦਗਾਰੀ ਡਾਕ ਟਿਕਟ 1998 'ਚ ਜਾਰੀ ਕੀਤੀ ਸੀ।

ਸਮੁੱਚੇ ਤੌਰ 'ਤੇ ਨਾਨਕ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਵੱਡਾ ਪਿਤਾਮਾ ਨਾਵਲਕਾਰ ਹੈ। ਉਹਨਾਂ ਦੇ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਵੱਡੇ ਗਲਪਕਾਰ ਵਜੋਂ ਪਾਏ ਯੋਗਦਾਨ ਬਦਲੇ ਸਨਮਾਨ ਤੇ ਸ਼ਾਨ ਪੰਜਾਬੀ ਸਾਹਿਤ ਦੇ ਸਿਤਾਰੇ ਵਜੋਂ ਚਮਕਦਾ ਤੇ ਅਮਰ ਰਹੇਗਾ ਤੇ ਆਉਣ ਵਾਲੇ ਨਵੇਂ ਸਾਹਿਤਕਾਰਾਂ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

(ਹਵਾਲਾ: 'ਖ਼ੂਨੀ ਵਿਸਾਖੀ' ਮਹਾਂ-ਕਾਵਿਕੀ ਧੰਨਵਾਦ ਸਹਿਤ 'ਪ੍ਰੀਤਲੜੀ' ਮਾਸਿਕ ਪੱਤ੍ਰਿਕਾ 'ਚੋਂ ਲਈ ਗਈ ਹੈ।

# ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਬਰਕਰਾਰ ਰੱਖਣ ਬਾਰੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦਿੱਤਾ ਅਲਟੀਮੇਟਮ



ਮੁਲਕ ਦੇ ਆਜ਼ਾਦੀ ਸੰਗਰਾਮ 'ਚ ਸਿਰ ਉੱਚਾ ਕਰਕੇ ਖੜ੍ਹੀ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਯਾਦਗਾਰ ਦੀ ਇਨਕਲਾਬੀ ਵਿਰਾਸਤ ਦੀ ਮੁਹਾਂਦਰਾ ਬਦਲੀ ਕਰਕੇ, ਨਵੀਨੀਕਰਨ ਅਤੇ ਸੁੰਦਰਤਾ ਦੇ ਨਾਂਅ ਹੇਠ ਨਿੱਜੀਕਰਨ ਅਤੇ ਸੈਰਗਾਹ 'ਚ ਤਬਦੀਲ ਕਰਨ ਦੇ ਕਦਮ ਤੁਰੰਤ ਰੋਕ ਕੇ ਜੇਕਰ ਇਤਿਹਾਸਕਤਾ ਬਰਕਰਾਰ ਰੱਖਣ ਦੀ ਜਨਤਕ ਐਲਾਨ ਕਰਕੇ ਪੂਰੀ ਕੌਮ ਨੂੰ ਯਕੀਨ ਦਹਾਨੀ ਨਾ ਦਿੱਤੀ ਗਈ ਤਾਂ ਅਗਲੇ ਦਿਨਾਂ 'ਚ ਕਮੇਟੀ ਵੱਲੋਂ ਜਨਤਕ ਵਿਰੋਧ ਕਰਨ ਲਈ ਸਮੂਹ ਲੋਕ-ਪੱਖੀ ਸ਼ਕਤੀਆਂ ਨੂੰ ਮੈਦਾਨ 'ਚ ਆਉਣ ਦਾ ਸੱਦਾ ਦਿੱਤਾ ਜਾਵੇਗਾ। ਇਹ ਐਲਾਨ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਹੈ ਕਿ ਬਰਤਾਨਵੀ ਸਾਮਰਾਜੀਆਂ ਸਮੇਤ ਦੁਨੀਆਂ ਭਰ ਦੀਆਂ ਸਾਮਰਾਜੀ ਅਤੇ ਦੇਸੀ ਹਾਕਮ ਜਮਾਤਾਂ ਵੱਲੋਂ ਨਿੱਜੀਕਰਨ, ਉਦਾਰੀਕਰਨ ਅਤੇ ਵਪਾਰੀਕਰਣ ਦੇ ਨਾਂਅ ਹੇਠ ਜਿੱਥੇ ਜ਼ਿੰਦਗੀ ਦੀਆਂ ਮੁੱਢਲੀਆਂ ਬੁਨਿਆਦੀ ਲੋੜਾਂ, ਲੋਕਾਂ ਕੋਲੋਂ ਹਥਿਆਈਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਅਜੋਕੀ ਅਤੇ ਆਉਣ ਵਾਲੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ-ਸਰੋਤ ਜਲ੍ਹਿਆਂਵਾਲਾ ਬਾਗ਼ ਵਰਗੀ ਕੌਮੀ ਇਬਾਦਤਗਾਹ ਨੂੰ ਵੀ ਟਿਕਟ ਲਗਾਕੇ ਅਤੇ ਸੈਰ-ਸਪਾਟੇ 'ਚ ਬਦਲਕੇ ਗੁੱਝੇ ਮਨਸ਼ੇ ਪਾਲੇ ਜਾ ਰਹੇ ਹਨ, ਜਿਹਨਾਂ ਦਾ ਦਾ ਤਿੱਖਾ ਵਿਰੋਧ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਉਸਦੇ ਮੈਂਬਰਾਂ ਨੇ ਜਲ੍ਹਿਆਂਵਾਲਾ ਬਾਗ਼ 'ਚ ਚੱਲ ਰਹੇ ਕੰਮ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲੈਕੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਸ਼ਹੀਦੀ ਖੂਹ, ਗੋਲੀਆਂ ਦੇ ਨਿਸ਼ਾਨ ਅਤੇ ਯਾਦਗਾਰੀ ਦੀਵਾਰਾਂ ਦੀ, ਸਾਂਭ-ਸੰਭਾਲ ਦੇ ਪਰਦੇ ਓਹਲੇ ਇਤਿਹਾਸਕਤਾ ਦੀ ਰਹਿੰਦੀ-ਖੂੰਹਦੀ ਪੱਟੀ ਮੇਸ ਕੀਤੀ ਜਾ ਰਹੀ ਹੈ।

ਕਮੇਟੀ ਨੇ ਕਿਹਾ ਹੈ ਕਿ ਭਾਜਪਾ ਦੇ ਪੰਜਾਬ ਪ੍ਰਧਾਨ ਸ੍ਵੇਤ ਮਲਿਕ ਅਤੇ ਤਰਲੋਚਨ ਸਿੰਘ ਭਾਜਪਾ ਦੀ ਵਿਚਾਰਧਾਰਾ ਅਤੇ ਨੀਤੀ ਮੁਤਾਬਕ ਲਾਈਟ ਐਂਡ ਸਾਊਂਡ ਪ੍ਰੋਗਰਾਮ 'ਚ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਕਰਦਾ ਸ਼ੋਅ ਪੇਸ਼ ਕਰਨ ਲਈ ਗੋਦਾਂ ਗੁੰਦ ਰਹੇ ਹਨ। ਜਲ੍ਹਿਆਂਵਾਲਾ ਬਾਗ਼ ਦੇ ਇਹ ਦੋਵੇਂ ਉਪਰੋਕਤ ਟਰੱਸਟੀ ਬੇਬਾਕ ਹੋ ਕੇ ਬਾਗ਼ 'ਚ ਦਾਖਲੇ 'ਤੇ ਟਿਕਟ ਲਾਉਣ ਦੇ ਦਾਅਵੇ ਕਰ ਰਹੇ ਹਨ। ਜੋ ਕੇਂਦਰ ਸਰਕਾਰ ਦੇ ਗੁੱਝੇ ਸਿਆਸੀ-ਵਿਚਾਰਧਾਰਕ ਮਨਸ਼ਿਆਂ ਦੀ ਆਹਟ ਦਿੰਦੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰਧਾਨ ਮੰਤਰੀ, ਮੁੱਖ ਮੰਤਰੀ ਪੰਜਾਬ, ਜਲ੍ਹਿਆਂਵਾਲਾ ਬਾਗ਼ ਦੇ ਚੇਅਰਮੈਨ ਅਤੇ ਸਮੂਹ ਟਰਸੱਟੀਆਂ ਨੂੰ ਜਨਤਕ ਅਪੀਲ ਕੀਤੀ ਹੈ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਬਰਕਰਾਰ ਰੱਖਣ ਦਾ ਤੁਰੰਤ ਜਨਤਕ ਵਿਸ਼ਵਾਸ਼ ਦਿੱਤਾ ਜਾਵੇ। ਗੋਲੀਆਂ ਦੇ ਨਿਸ਼ਾਨ, ਦੀਵਾਰਾਂ, ਖੂਹ ਅਤੇ ਜਿੱਥੋਂ ਖੜ੍ਹਕੇ ਗੋਲੀਆਂ ਦੀ ਵਾਛੜ ਕੀਤੀ, ਇਹ ਸਥਾਨ ਮਾਰਕ ਕਰਕੇ ਸੰਭਾਲੇ ਜਾਣ। ਟਿਕਟ ਲਾਉਣ ਦੀ ਯੋਜਨਾ ਰੱਦ ਕੀਤੀ ਜਾਵੇ। ਜਲ੍ਹਿਆਂਵਾਲਾ ਬਾਗ਼ ਨਾਲ ਜੁੜੀਆਂ ਇਨਕਲਾਬੀ ਲਹਿਰਾਂ ਅਤੇ ਨਾਇਕਾਂ/ਨਾਇਕਾਵਾਂ ਦਾ ਇਤਿਹਾਸਕ ਵੇਰਵਾ, ਅਜਾਇਬ ਘਰ 'ਚ ਸੰਭਾਲਿਆ ਜਾਵੇ। ਕਮੇਟੀ ਨੇ ਅਖੀਰ 'ਚ ਕਿਹਾ ਹੈ ਕਿ ਜਿਵੇਂ 6 ਅਕਤੂਬਰ 2008 ਨੂੰ ਕਮੇਟੀ ਦੀ ਅਗਵਾਈ 'ਚ ਜਲ੍ਹਿਆਂਵਾਲਾ ਬਾਗ਼ 'ਚ ਧਰਨਾ ਦੇ ਕੇ ਸ਼ਹਿਰ 'ਚ ਰੋਸ ਮਾਰਚ ਕਰਕੇ, ਬਾਗ਼ ਦੀ ਇਤਿਹਾਸਕਤਾ ਦੀ ਰਾਖੀ ਕੀਤੀ ਗਈ ਸੀ, ਲੋੜ ਪੈਣ 'ਤੇ ਕਮੇਟੀ ਅਜੇਹੇ ਕਦਮ ਚੁੱਕਣ ਲਈ ਮਜ਼ਬੂਰ ਹੋਏਗੀ।

# ਨਿਊਜ਼ੀਲੈਂਡ ਵੱਸਦੇ ਭਾਰਤੀ ਭਾਈਚਾਰੇ ਦਾ ਇਤਿਹਾਸ ਵਾਇਆ ਪੰਜਾਬ

ਬਾਬੇ ਨਾਨਕ ਦੇ ਉੱਜੜ ਜਾਓ ਦੇ ਸ਼ਬਦ ਹੀ ਸਨ । ਜਿਹਨਾਂ ਪੰਜਾਬੀਆਂ ਦੇ ਪੱਲੇ ਪਰਵਾਸ ਪਾਇਆ ,ਅੱਜ ਸੰਸਾਰ ਦੇ ਹਰ ਕੋਨੇ ਵਿਚ ਪੰਜਾਬੀ ਦਿਖਦੇ ਹੀ ਨਹੀਂ ਸਗੋਂ ਮੂਹਰਲੀਆਂ ਸਫਾ ਵਿਚ ਸ਼ੁਮਾਰ ਨੇ। ਇਤਿਹਾਸ ਬੰਦੇ ਨੂੰ ਆਪਣੇ ਵੱਲ ਖਿਚਦਾ ਹੈ। ਇਹ ਉਦੋਂ ਹੋਰ ਵੀ ਆਕਰਸ਼ਿਤ ਹੋ ਜਾਂਦਾ ਹੈ, ਜਦੋਂ ਇਤਿਹਾਸ ਆਪਣੇ ਲੋਕਾਂ ਦਾ ਹੋਵੇ। ਪਿਛਲੇ ਕੁਝ ਸਮੇਂ ਤੋਂ ਨਿਊਜ਼ੀਲੈਂਡ ਵਿਚ ਭਾਰਤੀ ਮੂਲ ਦੇ ਲੋਕਾਂ ਤੇ ਉਹਨਾਂ ਵਿਚ ਵੀ ਖਾਸ਼ ਤੌਰ ਤੇ ਪੰਜਾਬੀਆਂ ਦੇ ਆਗਮਨ ਬਾਰੇ ਇੰਟਰਨੈਂਟ ਅਤੇ ਸਥਾਨਿਕ ਲਾਇਬ੍ਰੇਰੀ ਵਿਚ ਦਸਤਾਵੇਜ਼ਾਂ ਦੀ ਫਿਰੋਲਾ ਫਰਾਲੀ ਕਰ ਰਿਹਾ ਹਾਂ। ਇਹਨਾਂ ਸਾਰੇ ਦਸਤਾਵੇਜ਼ਾਂ ਦੇ ਅਧਾਰ ਤੇ ਕੁਝ ਨੋਟਿਸ ਤਿਆਰ ਕੀਤੇ। ਉਹ ਨੋਟਿਸ ਆਪਣੇ ਸ਼ਬਦਾਂ ਰਾਹੀਂ ਆਪ ਦੇ ਨਾਲ ਸਾਂਝੇ ਕਰ ਰਿਹਾ ਹਾਂ।

ਨਿਊਜ਼ੀਲੈਂਡ ਵਿਚ ਭਾਰਤੀਆਂ ਦੇ ਆਉਣ ਦਾ ਸਮਾਂ ਤਕਰੀਬਨ 1810 ਦੇ ਇਰਦ ਗਿਰਦ ਮੰਨਿਆ ਜਾਂਦਾ ਹੈ । ਜਦੋਂ ਈਸਟ ਇੰਡੀਆਂ ਕੰਪਨੀ ਦੇ ਸਮੁੰਦਰੀ ਬੇੜੇ ਬੰਗਾਲ ਦੇ ਖਾੜੀ ਤੋਂ ਆਸਟਰੇਲੀਆ ਮਹਾਦੀਪ ਵੱਲ ਤੁਰੇ ਸਨ ਤੇ ਇਹਨਾਂ ਦੀ ਆਖਰੀ ਮੰਜ਼ਿਲ ਫਿਜ਼ੀ ਸੀ। ਉਸ ਮੌਕੇ ਓਹਨਾਂ ਸਮੁੰਦਰੀ ਬੇੜਿਆਂ ਵਿਚ ਸੈਨਿਕ, ਮਜਦੂਰ, ਤੇ ਚਾਲਕ ਅਮਲੇ ਦੇ ਕਾਫੀ ਵੱਡੀ ਤਾਦਾਦ ਵਿਚ ਭਾਰਤੀ ਸ਼ੁਮਾਰ ਸਨ । ਮੰਨਿਆ ਇਹ ਜਾਂਦਾ ਹੈ ਇਹ ਸਾਰੇ ਬੰਗਾਲ, ਬਿਹਾਰ ਦੇ ਖੇਤਰਾਂ ਵਿਚੋਂ ਆਏ ਸਨ। ਜਾਣਕਾਰੀ ਅਨੁਸਾਰ ਉਕਤ ਸਮੁੰਦਰੀ ਬੇੜੇ ਜਦੋਂ ਆਸਟਰੇਲੀਆ ਤੋਂ ਫਿਜ਼ੀ ਵੱਲ ਤੁਰੇ ਤਾਂ ਰਾਸਤੇ ਵਿਚ ਇਹਨਾਂ ਦਾ ਪੜਾਓ ਨਿਊਜ਼ੀਲੈਂਡ ਸੀ। ਜਿਥੇ ਇੱਕ ਬੰਗਾਲੀ ਮੂਲ ਦਾ ਤੇਜ਼ ਤਰਾਰ ਗੱਬਰੂ ਨਿਊਜ਼ੀਲੈਂਡ ਵਿਚ ਹੀ ਛਾਲ ਮਾਰ ਕੇ ਉੱਤਰ ਗਿਆ। ਉਸਨੇ ਬੇ ਆਫ ਆਈਲੈਂਡ ਦੇ ਖੇਤਰ ਵਿਚ ਇੱਕ ਮੌਰੀ ਮੂਲ ਦੀ ਔਰਤ ਨਾਲ ਵਿਆਹ ਕਰਵਾਇਆ 1814 ਤੋਂ ਪੱਕੇ ਰੂਪ ਵਿਚ ਸਟੀਵਰਟ ਆਈਲੈਂਡ ਵਿਚ ਆਪਣੀ ਪਤਨੀ ਨਾਲ ਰਹਿਣ ਲੱਗਾ। ਇਸਤੋਂ ਬਾਅਦ ਇੱਕ ਹੋਰ ਭਾਰਤੀ ਨਿਊਜ਼ੀਲੈਂਡ ਦੇ ਇਤਿਹਾਸ ਵਿਚ ਦਰਜ਼ ਹੈ ਜਿਸਦਾ ਨਾਮ ਐਡਵਰਡ ਪੀਟਰ ਸੀ ਜੋ ਨਿਊਜ਼ੀਲੈਂਡ 1853 ਵਿਚ ਪਹੁੰਚਿਆ ਸੀ ਤੇ ਸਾਰੇ ਉਸਨੂੰ ਬਲੈਕ ਪੀਟਰ ਸੱਦਦੇ ਸਨ। ਬਲੈਕ ਪੀਟਰ ਭਾਰਤੀ ਮੂਲ ਦਾ ਈਸਾਈ ਸੀ ਤੇ ਉਹ ਆਸਟ੍ਰੇਲੀਆ ਤੋਂ ਹੁੰਦਾ ਹੋਇਆ ਨਿਊਜ਼ੀਲੈਂਡ ਪਹੁੰਚਿਆ ਸੀ । ਮੰਨਿਆ ਇਹ ਜਾਂਦਾ ਹੈ ਬਲੈਕ ਪੀਟਰ ਨੇ ਓਟਾਗੋ ਦੇ ਨਜ਼ਦੀਕ ਟੂਆਪੀਕਾ ਨਾਮ ਦੀ ਸੋਨੇ ਦੀ ਖਾਣ ਆਸਟ੍ਰੇਲੀਅਨ ਗ਼ਬਰੀਅਲ ਰੀਡ ਨਾਲ ਮਿਲਕੇ ਲੱਭੀ ਸੀ। ਮੰਨਿਆ ਇਹ ਜਾਂਦਾ ਹੈ ਕਿ ਬਲੈਕ ਪੀਟਰ ਨੇ ਇਸ ਦੁਰਾਨ ਇੱਕ ਗੋਰੀ ਨਾਲ ਵਿਆਹ ਕਰਵਾ ਲਿਆ ਪਰ ਅੱਗੇ ਉਸਦੇ ਪਰਿਵਾਰ ਬਾਬਤ ਕੋਈ ਜਾਣਕਾਰੀ ਨਹੀਂ ਮਿਲਦੀ ।1880 ਦੀ ਜਨਗਣਨਾ ਅਨੁਸਾਰ ਨਿਊਜ਼ੀਲੈਂਡ ਵਿਚ ਇੱਕ ਭਾਰਤੀ ਨੂੰ ਪਾਇਆ ਗਿਆ, ਜੋ 1881 ਵਿਚ 6 ਦਰਜ਼ ਕੀਤੇ ਗਏ, 1896 ਵਿਚ 46 ਹੋ ਗਏ ਤੇ ਇਹਨਾਂ ਵਿਚ ਅੱਧੇ ਪੰਜਾਬ ਤੋਂ ਆਏ ਹੋਏ ਸਨ। ਭਾਰਤੀਆਂ ਦੀ ਗਿਣਤੀ 1916 ਵਿਚ 181 ਹੋ ਗਈ। ਜੋ ਉਸਤੋਂ ਪੂਰੇ ਸੌ ਸਾਲ ਬਾਅਦ 2016 ਦੇ ਅੰਕੜਿਆ ਅਨੁਸਾਰ 2 ਲੱਖ ਸੀ ਤੇ ਇਸ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ।

ਹੁਣ ਰਹੀ ਗੱਲ ਪੰਜਾਬੀਆਂ ਦੀ ਤਾਂ ਸਹੀ ਦਸਤਾਵੇਜਾਂ ਅਨੁਸਾਰ ਨਿਊਜ਼ੀਲੈਂਡ ਵਿਚ ਪਰਵਾਸ ਕਰਨ ਵਾਲੇ ਦੋ ਪੰਜਾਬੀ ਭਰਾ ਹੀ ਸਨ। ਫੁੱਮਣ ਸਿੰਘ ਗਿੱਲ ਤੇ ਬੀਰ ਸਿੰਘ ਗਿੱਲ ਜੋ ਕਿ 1890 ਵਿਚ ਹਾਂਗ ਕਾਂਗ ਤੋਂ ਆਸਟਰੇਲੀਆ ਰਾਹੀ ਨਿਊਜ਼ੀਲੈਂਡ ਪਹੁੰਚੇ ਸਨ । ਇਹਨਾਂ ਦੋਵਾਂ ਭਰਾਵਾਂ ਦਾ ਪਿਛੋਕੜ ਅਜੋਕੇ ਭਾਰਤੀ ਪੰਜਾਬ ਦੇ ਕੇਂਦਰੀ ਜਿਲੇ ਮੋਗਾ ਦੇ ਪਿੰਡ ਚੜਿੱਕ



ਨਾਲ ਜੁੜਿਆ ਹੋਇਆ ਹੈ , ਫੁੱਮਣ ਸਿੰਘ ਗਿੱਲ ਦਾ ਜਨਮ ਚੜਿਕ ਵਿਖੇ ਹੀ ਬੇਲਾ ਸਿੰਘ ਗਿੱਲ ਦੇ ਘਰ 1869 ਵਿਚ ਹੋਇਆ , ਇਹ ਦੋਵੇਂ ਭਰਾ ਗਰੀਬ ਕਿਸਾਨ ਪਰਿਵਾਰਾਂ ਨਾਲ ਸੰਬੰਧਿਤ ਸਨ । ਚੰਗੇ ਭਵਿੱਖ ਲਈ 1880 ਵਿਚ ਬੀਰ ਸਿੰਘ ਘਰੋ ਤੁਰਿਆ ਤੇ 8 ਸਾਲ ਬਾਦ ਛੋਟਾ ਫੁੱਮਣ ਸਿੰਘ ਵੀ ਉਸੇ ਰਸਤੇ ਚੱਲ ਪਿਆ । ਹਾਂਗ ਕਾਂਗ ਵਿਚ ਦੋਵਾਂ ਭਰਾਵਾਂ ਦਾ ਮੇਲ ਹੋਇਆ ਤੇ ਜਿਥੋਂ ਇਹਨਾਂ ਅਗਲੇਰਾ ਰਾਹ ਫੜਿਆ ਜੋ ਨਿਊਜ਼ੀਲੈਂਡ ਪਹੁੰਚ ਮੁਕੰਮਲ ਹੋਇਆ । ਇਹ ਦੋਵੇਂ ਭਰਾ ਵਾਂਗਾਨੂਈ ਤੋਂ ਅਲੱਗ ਹੋ ਗਏ ਕਿਓਂਕਿ ਇਥੇ ਬੀਰ ਸਿੰਘ ਨੇ ਇੱਕ ਮੌਰੀ ਮੂਲ ਦੀ ਔਰਤ ਨਾਲ ਵਿਆਹ ਕਰਵਾਇਆ ਤੇ ਉਹ ਓਥੇ ਹੀ ਵੱਸ ਗਿਆ । ਪਰ ਫੁੱਮਣ ਸਿੰਘ ਅੱਗੇ ਤੁਰਦਾ ਗਿਆ ਤੇ ਆਕਲੈਂਡ ਆ ਇੱਕ ਮੁਸਲਿਮ ਹਲਵਾਈ ਦੇ ਨਾਲ ਕੰਮ ਕਰਨ ਲੱਗਾ ਤੇ ਨਾਲ ਦੀ ਨਾਲ ਖੁਦ ਵੀ ਕੰਮ ਸਿੱਖਣ ਲੱਗਾ । ਕੰਮ ਸਿਖਣ ਤੋਂ ਬਾਦ ਫੁੱਮਣ ਸਿੰਘ ਵਲਿੰਗਟਨ ਪਹੁੰਚਿਆ ਤੇ ਜਿਥੇ ਉਸਨੇ ਵਲਿੰਗਟਨ ਦੀਆਂ ਗਲੀਆਂ ਵਿਚ ਭਾਰਤੀ ਚਟਨੀਆਂ ਤੇ ਕੜੀਆਂ ਨੂੰ ਹੋਕਾ ਦੇ ਕੇ ਵੇਚਣਾ ਸ਼ੁਰੂ ਕੀਤਾ । ਇਹ ਉਹ ਦੌਰ ਸੀ ਜਦੋਂ ਕੀਵੀ ਲੋਕਾਂ ਦੇ ਮੂੰਹ ਨੂੰ ਭਾਰਤੀ ਪਕਵਾਨਾਂ ਦਾ ਸੁਆਦ ਲੱਗਣ ਲੱਗਾ । ਇਸ ਤਰਾਂ ਥੋੜੇ ਪੈਸੇ ਇਕਠੇ ਹੋਣ ਤੇ ਉਸਨੇ ਮੁਸਲਿਮ ਦੋਸਤ ਨਾਲ ਰਲ ਕੇ ਆਪਣੀ ਦੁਕਾਨ ਵਲਿੰਗਟਨ ਵਿਚ ਸੁਰੂ ਕਰ ਲਈ ਜੋ "ਇੰਡੀਅਨ ਲੋਲੀ ਮੈਨੂਫਿਕਚਰ" ਦੇ ਨਾਮ ਨਾਲ ਜਾਣੀ ਗਈ । ਇਥੇ ਹੀ ਫੁੱਮਣ ਸਿੰਘ ਦਾ ਇੱਕ ਬਰਤਾਨਵੀ ਮੂਲ ਦੀ ਨਰਸ ਮਾਰਗ੍ਰੇਟ ਫੋਰਡ ਨਾਲ ਪਿਆਰ ਪ੍ਰਵਾਨ ਚੜਿਆ ਤੇ ਦੋਵਾਂ ਨੇ 1898 ਵਿਚ ਵਿਆਹ ਕਰਵਾਇਆ । ਜਿਸਤੋਂ ਫੁੱਮਣ ਸਿੰਘ ਦੇ ਘਰ ਤਿੰਨ ਬੱਚੇ ਪੈਦਾ ਹੋਏ । ਇਥੇ ਹੀ ਗੰਡਾ ਸਿੰਘ ਨਾਮਕ ਇੱਕ ਪੰਜਾਬੀ ਨੌਜਵਾਨ ਫੁੱਮਣ ਸਿੰਘ ਕੋਲ ਕੰਮ ਕਰਨ ਲੱਗਿਆ । ਜਿਸਦੀ ਮੁਹਾਰਤ ਨਾਲ ਫੁੱਮਣ ਸਿੰਘ ਦਾ ਕੰਮ ਕਾਫੀ ਬੁਲੰਦੀਆਂ ਤੇ ਪਹੁੰਚ ਗਿਆ ਤੇ ਓਹ ਪਹਿਲਾ ਭਾਰਤੀ ਤੇ ਪੰਜਾਬੀ ਬਣਿਆ ਜਿਸਨੇ ਵਾਂਗਾਨੂਈ ਦੀ ਬਰੁਸ਼ਵਿਕ ਵੈਲੀ ਵਿਚ ਆਪਣਾ ਕਾਫੀ ਵੱਡਾ ਓਰਚਿਡ ਯਾਰਡ ਜਾਣੀ ਖੇਤ ਮੁੱਲ ਲਿਆ । ਇਸਤੋਂ ਬਾਦ ਫੁੱਮਣ ਸਿੰਘ ਦੇ ਪਰਵਾਰ ਨੇ ਪਲਮਰਸਟੋਨ ਨਾਰਥ ਵਿਚ ਆਪਣਾ ਬੰਗਲਾ ਨੁਮਾਂ ਘਰ ਵੀ ਖਰੀਦਿਆ ਤੇ ਇਥੇ ਹੀ 27 ਮਈ 1935 ਵਿਚ 65 ਸਾਲ ਦੀ ਉਮਰ ਵਿਚ ਫੁੱਮਣ ਸਿੰਘ ਨੇ ਆਪਣੇ ਸਵਾਸ ਤਿਆਗੇ । ਫੁੱਮਣ ਸਿੰਘ ਦਾ ਅੰਤਿਮ ਸੰਸਕਾਰ ਵਲਿੰਗਟਨ ਵਿਚ 29 ਮਈ ਨੂੰ ਕੀਤਾ ਗਿਆ।

ਫੁੱਮਣ ਸਿੰਘ ਦੇ ਦੇਹਾਂਤ ਦੁਆਬੇ ਖਾਸ਼ ਤੌਰ ਤੇ ਜਲੰਧਰ ਤੇ ਹੁਸ਼ਿਆਰਪੁਰ ਤੋਂ ਕਾਫੀ ਤਾਦਾਦ ਵਿਚ ਪੰਜਾਬੀ ਨਿਊਜ਼ੀਲੈਂਡ ਪਹੁੰਚ ਗਏ ।ਮੰਨਿਆ ਇਹ ਜਾਂਦਾ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪਹੁੰਚੇ ਬਹੁਤੇ ਪੰਜਾਬੀ ਆਰਜ਼ੀ ਤੌਰ ਤੇ ਨਿਊਜ਼ੀਲੈਂਡ ਪੈਸੇ ਕਮਾਉਣ ਆਏ ਸਨ । ਇਹਨਾਂ ਵਿਚੋਂ ਬਹੁਤੇ ਪੰਜ ਸੱਤ ਸਾਲਾਂ ਬਾਅਦ ਆਪਣੇ ਘਰਾਂ ਨੂੰ ਪਰਤ ਗਏ । ਕੁਝ ਕੁ ਨੇ ਸਥਾਨਕ ਲੋਕਾਂ ਨਾਲ ਵਿਆਹ ਕੀਤੇ ਤੇ ਆਪਣੀ ਮੁਖ ਧਾਰਾਂ ਨਾਲੋਂ ਟੁੱਟਕੇ ਸਥਾਨਿਕ ਲੋਕਾਂ ਵਿਚ ਵਲੀਨ ਹੋ ਗਏ । ਪਹਿਲੀ ਵਿਸ਼ਵ ਜੰਗ ਤੋਂ ਬਾਅਦ ਕੁਝ ਪੰਜਾਬੀਆਂ ਨੇ ਉਸ ਸਮੇਂ ਮੋਟੇ ਟੈਕ੍ਸ ਉਤਾਰ ਕੇ ਆਪਣੇ ਪਰਿਵਾਰ ਨਿਊਜ਼ੀਲੈਂਡ ਬੁਲਾਏ। ਜਿਸ ਕਰਕੇ 1921 ਵਿਚ ਭਾਰਤੀ 700 ਦੇ ਕਰੀਬ ਹੋ ਗਏ ਇਹਨਾਂ ਵਿਚੋਂ 600 ਦੇ ਕਰੀਬ ਪੰਜਾਬੀ ਤੇ ਗੁਜਰਾਤੀ ਹੀ ਸਨ । ਨਿਊਜ਼ੀਲੈਂਡ ਸਰਕਾਰ ਦੀ ਅਰਕਾਈਵ ਅਨੁਸਾਰ 1921 'ਚ 15 ਪਰਿਵਾਰ ਪੰਜਾਬ ਤੋਂ ਨਿਊਜ਼ੀਲੈਂਡ ਪਹੁੰਚ ਚੁੱਕੇ ਸਨ । ਜਿਹਨਾਂ ਆਪਣਾ ਆਹਲਣਾ ਮੁਖ ਤੌਰ ਤੇ ਹਮਿਲਟਨ ਸ਼ਹਿਰ ਤੇ ਇਸਦੇ ਨੇੜਲੇ ਖੇਤਰਾਂ ਨੂੰ ਬਣਾਇਆ। ਇਸੇ ਸ਼ਹਿਰ ਵਿਚ ਹੀ 1964 ਵਿਚ ਪਹਿਲੀ ਨਿਊਜ਼ੀਲੈਂਡ ਸਿੱਖ ਸੁਸਾਇਟੀ ਹੋਂਦ ਵਿਚ ਆਈ ।ਜਿਸ ਸਭਿਆਚਾਰਿਕ ਤੇ ਧਾਰਮਿਕ ਸਰਗਰਮੀਆਂ ਦਾ ਮੁੱਢ ਬੰਨਿਆ।

ਜੋ ਕਿ 1977 ਵਿਚ ਗੁਰੂਘਰ ਦੇ ਰੂਪ ਵਿਚ ਸਥੂਲ ਹੋਇਆ, ਤੇ ਹਮਿੰਲਟਨ ਦਾ ਉਪਰੋਕਤ ਗੁਰੂ ਘਰ ਇਸ ਮੁਲਕ ਦਾ ਪਹਿਲਾ ਗੁਰੂ ਘਰ ਬਣਿਆ । ਇਸਤੋਂ ਬਾਦ ਦੂਸਰਾ ਗੁਰੂਘਰ 1986 ਵਿਚ ਓਟਾਹੂਹੂ ਆਕਲੈਂਡ ਵਿਖੇ ਵਿਖੇ ਹੋਂਦ ਵਿਚ ਆਇਆ । ਮੰਨਿਆ ਇਹ ਜਾਂਦਾ ਹੈ ਕਿ ਸਾਡੇ ਪਹਿਲੇ ਪ੍ਰਵਾਸੀਆਂ ਦਾ ਜੀਵਨ ਨਿਊਜ਼ੀਲੈਂਡ ਵਿਚ ਕਾਫ਼ੀ ਸਖਤ ਰਿਹਾ ਹੈ । ਨਿ-ਊਜ਼ੀਲੈਂਡ ਵੱਸਦੀ ਪ੍ਰਵਾਸੀ ਪੰਜਾਬੀਆਂ ਦੀ ਤੀਸਰੀ ਪੀੜੀ ਵਿਚੋਂ ਸਰਦਾਰ ਅਜੀਤ ਸਿੰਘ ਰੰਧਾਵਾ ਦੱਸਦੇ ਹਨ ਕਿ ਹੈਮਿਲਟਨ ਦੇ ਨੇੜੇ ਉਹ ਕਿਹੜਾ ਖੇਤੀ ਯੋਗ ਇਲਾਕਾ ਜਾਂ ਗਾਵਾਂ ਦੇ ਫਾਰਮ ਨਹੀਂ ਹਨ , ਜੋ ਪੰਜਾਬੀਆਂ ਨੇ ਪੁਰਾਣੇ ਜੰਗਲ ਕੱਟਕੇ ਆਬਾਦ ਨਹੀਂ ਕੀਤੇ । ਇਹ ਉਹ ਦੌਰ ਸੀ ਜਿਸ ਵਿਚ 16 ਘੰਟੇ ਦੀ ਲੰਬੀ ਸਿਫਟ ਹੁੰਦੀ ਸੀ ਤੇ ਸਾਰਾ ਦਿਨ ਕੁਹਾੜੇ ਨੂੰ ਵਾਹੁਣਾ ਕੋਈ ਸੌਖਾ ਕਾਰਜ਼ ਨਹੀਂ ਸੀ । ਹਫ਼ਤੇ ਬਾਅਦ ਮਿਲਦੇ ਪੈਸੇ ਕਈ ਬਾਰ ਲੁੱਟੇ ਵੀ ਜਾਂਦੇ ਸਨ । ਪਰ ਉਸ ਮੌਕੇ ਦੇ ਬੁਜ਼ਰਗਾਂ ਵਲੋਂ ਦਿਖਾਏ ਏਕੇ ਨੇ ਦੂਹਰੀ ਲੜਾਈ ਲੜੀ ਇੱਕ ਜੰਗਲਾਂ ਨੂੰ ਆਬਾਦ ਕਰਨ ਦੀ ਤੇ ਟੋਲੀਆਂ ਵਿਚ ਇਕੱਠੇ ਹੋਕੇ ਸਥਾਨਿਕ ਧਾੜਵੀਆਂ ਨਾਲ ਵੀ ਦਸਤਪੰਜਾ ਲੈਕੇ ਆਪਣੇ ਸਰਮਾਏ ਨੂੰ ਸੁਰੱਖਿਅਤ ਕਰਨ ਦੀ ,,ਅੱਜ ਦਾ ਪ੍ਰਦੇਸ਼ ਸੁਖਾਲਾ ਹੋ ਗਿਆ ਹੈ । ਇਤਿਹਾਸ ਲੱਖੀ ਜੰਗਲ ਤੋਂ ਹੁੰਦਾ ਹੋਇਆ ਵਾਈਕਾਟੋ ਦੇ ਜੰਗਲਾਂ ਵਿਚ ਦੀ ਸਾਡੇ ਸਨਮੁਖ ਹੈ । ਇਹ ਇਤਿਹਾਸ ਪਹਿਚਾਣ ਦੀ ਲੜਾਈ ਦਾ ਹੈ , ਇਹ ਇਤਿਹਾਸ ਆਪਣੇ ਹੱਕ ਹਕੂਕ ਦਾ ਹੈ ਤੇ ਇਹ ਇਤਿਹਾਸ ਰਿਜਕ ਦਾ ਵੀ ਹੈ । ਇਸੇ ਇਤਿਹਾਸ ਵਿਚੋਂ ਲੱਗੇ ਬੂਟੇ ਅੱਜ ਬਿਰਖ ਹਨ ਤੇ ਜਿਹਨਾਂ ਦੀ ਛਾਂ ਅਸੀਂ ਸਭ ਮਾਣ ਰਹੇ ਹਾਂ । 135 ਵਰ੍ਹਿਆਂ ਵਿਚ ਪੰਜਾਬੀਆਂ ਤੇ 200 ਵਰ੍ਹਿਆਂ ਵਿਚ ਭਾਰਤੀਆਂ ਇਸ ਮੁਲਕ ਨੂੰ ਆਪਣਾ ਤਨ ਮਨ ਦੇ ਕੇ ਆਪਣੀ ਪਹਿਚਾਣ ਇਸ ਖੂਬਸੂਰਤ ਮੁਲਕ ਵਿਚ ਬਣਾਈ ਹੈ । ਇਸੇ ਕਰਕੇ ਅਸੀਂ ਅੱਜ ਮਾਣ ਨਾਲ ਸਮੁਚੇ ਨਿਊਜ਼ੀਲੈਂਡ ਨੂੰ ਆਪਣੇ ਕਲਾਵੇ ਵਿਚ ਲੈ ਰਹੇ ਹਾਂ ਆਪਣਾ ਯੋਗਦਾਨ ਪਾ ਰਹੇ ਹਾਂ । ਅੱਜ ਪਾਰਲੀਮੈਂਟ ਵਿਚ ਸਾਡੇ ਤਿੰਨ ਚੇਹਰੇ ਦਗਦੇ ਮੱਘਦੇ ਹਨ । ਅੱਜ ਗੁਰੂਦੁਆਰਾ ਕਲਗੀਧਰ ਸਾਹਿਬ ਟਾਕਾਨੀਨੀ ਨਿਊਜ਼ੀਲੈਂਡ ਦਾ ਹੀ ਨਹੀਂ ਸਗੋਂ ਸੰਸਾਰ ਦਾ ਪਹਿਲਾ ਗੁਰੂ ਘਰ ਬਣ ਗਿਆ ਹੈ । ਜਿੱਥੇ ਇੱਕ ਸਥਾਨ ਤੇ ਗੁਰੂ ਘਰ ਦੀ ਇਮਾਰਤ ,ਬੱਚਿਆਂ ਦਾ ਸਕੂਲ ,ਸਿੱਖ ਹੈਰੀਟੇਜ਼ ਸਕੂਲ ,ਵਰਲਡ ਕਲਾਸ 8 ਕੌਮਾਂਤਰੀ ਖੇਡਾਂ ਦਾ ਓਲੰਪਿਕ ਪੱਧਰ ਦਾ ਖੇਡ ਗਰਾਂਊਡ ,ਗੁਰੂ ਘਰ ਦੀਆਂ ਜਰੂਰਤਾਂ ਲਈ ਵੈਜ਼ੀ ਗਾਰਡਨ ਹੈ । ਇਹ ਇੱਕ ਦਹਾਕਿਆਂ ਵਿਚ ਅਣਗਿਣਤ ਲੋਕਾਂ ਦੀ ਮੇਹਨਤ ਦਾ ਨਤੀਜ਼ਾ ,ਜਿਸਦੀ ਸ਼ੁਰੂਆਤ ਕਰਨ ਵਾਲੇ ਇਸ ਮੁਕਾਮ ਬਾਬਤ ਕੋਈ ਅੰਦਾਜ਼ਾ ਵੀ ਨਹੀਂ ਸਨ ਲਗਾ ਸਕਦੇ ।

**ਤਰਨਦੀਪ ਬਿਲਾਸਪੁਰ (ਆਕਲੈਂਡ )**
**ਨਿਊਜ਼ ਐਡੀਟਰ**
**ਐਨ ਜ਼ੈਡ ਪੰਜਾਬੀ ਨਿਊਜ਼ (ਵੀਕਲੀ)**
**0064220491964**

## ਕਲਯੁੱਗ ਦੇ ਆਸਾਰ

ਨਜ਼ਰ ਆ ਰਹੇ ਨੇ ਦੇਖੋ ਅੱਜ
ਕਲਯੁੱਗ ਦੇ ਦੋਸਤੋ ਆਸਾਰ
ਚਾਰੇ ਪਾਸੇ ਬੰਬ ਧਮਾਕਿਆਂ ਦੀ
ਅੱਜ ਵੱਧ ਰਹੀ ਹੈ ਰਫ਼ਤਾਰ
ਲਗ ਰਿਹਾ ਹੈ ਤਬਾਹੀ ਰਸਤੇ
ਦੇਖੋ ਵੱਧ ਰਿਹਾ ਹੈ ਸੰਸਾਰ
ਜਬਰ ਜਨਾਹ ਦੀਆਂ ਵਾਰਦਾਤਾਂ ਨੇ
ਖੂਹ ਵਿੱਚ ਸੁੱਟ ਦਿੱਤੇ ਸੰਸਕਾਰ
ਕਿਹੜੀ ਅਸੀਂ ਤਰੱਕੀ ਕਰ ਲਈ
ਦਿਨੋ ਦਿਨ ਵੱਧ ਰਿਹਾ ਹੈ ਅੰਧਕਾਰ
ਸਾਊ ਬੰਦਾ ਦੇਖ ਕੇ ਸਭ ਕੁੱਝ
ਹੋ ਰਿਹਾ ਹੈ ਅੱਜ ਸ਼ਰਮਸਾਰ
ਆਪਣੀਆਂ ਆਪਣੀਆਂ ਮੌਜਾਂ ਮਾਣਦੇ
ਅੱਜ ਦੇਖੋ ਸਭ ਧਰਮਾਂ ਦੇ ਠੇਕੇਦਾਰ
ਕਦੇ ਤਾਂ ਲੀਡਰੋ ਬਣ ਜਾਉ ਤੁਸੀਂ
ਆਪਣੇ ਸਮਾਜ ਪ੍ਰਤੀ ਜਿੰਮੇਵਾਰ
ਘਰ ਦੀ ਸਾਕਾਰ ਦੇਵੀ ਮਾਰ ਕੇ
ਪੂਜ ਰਹੇ ਅੱਜ ਅਸੀਂ ਨਿਰਾਕਾਰ
ਸਵਾਰਥ,ਲਾਲਚ,ਨਫ਼ਰਤ,ਮਿਲਾਵਟ ਦੇ
ਫੈਲ ਰਹੇ ਨੇ ਇਹ ਦਰਖ਼ਤ ਫਲਦਾਰ
ਸਭ ਕੁੱਝ ਛੱਡ ਕੇ ਆਉ ਬਣੀਏ
ਅਸੀਂ ਇੱਕ ਦੂਜੇ ਦੇ ਮਦਦਗਾਰ

**– ਸੰਜੇ ਕੁਮਾਰ**
**91-95010-21184**

## ਸੜਕ ਸੁਰੱਖਿਆ ਲਈ ਟੱਪੇ

1. ਕਮਾਓ
16 ਸਾਲ ਦੀ ਉਮਰ ਤੋਂ ਪਹਿਲਾਂ, ਬੱਚਿਆਂ ਦੇ ਹੱਥ ਵਿਚ ਗੱਡੀ ਨਾ ਫੜਾਓ।
2. ਚਾਹਖ਼ਸੜਕ ਤੇ ਚੱਲਣ ਦੇ ਨਿਯਮਾਂ ਦਾ ਕਰੋ ਪਾਲਣ, ਲੰਮੀ ਉਮਰ ਲਈ ਹੋਵੇਗਾ ਬਚਾਅ।
3. ਲੋਕ
ਸਪੀਡ ਕੰਟਰੋਲ 'ਚ ਰੱਖੋ, ਕਿਤੇ ਜੀਵਨ ਦੀ ਗਤੀ ਨਾ ਦੇਵੇ ਰੋਕ।
4. ਰੱਖ
ਸੁਣੇ ਸਾਰੇ ਕੰਨ ਖੋਲ੍ਹ ਕੇ ਸੜਕ ਤੇ ਚੱਲੋ ਹਮੇਸ਼ਾ ਖੱਬੇ ਹੱਥ।
5. ਰਾਖੇ
ਟ੍ਰੈਫਿਕ ਲਾਈਟਾਂ ਦੀ ਹਰੀ ਬੱਤੀ ਚੱਲਣ, ਪੀਲੀ ਉਡੀਕਣ ਤੇ ਲਾਲ ਬੱਤੀ ਰੁਕਣ ਲਈ ਆਖੇ।
6. ਹੁਸ਼ਿਆਰੀ
ਆਪਣਾ ਬਚਾਅ ਕਰੀਏ, ਕਦੇ ਕਰੀਏ ਨਾ ਤੇਜ਼ ਰਫਤਾਰੀ।
7. ਟਰੈਕਟਰ
ਸਾਈਕਲ, ਬੈਲ ਗੱਡੀ, ਘੋੜਾ ਗੱਡੀ, ਦੋ ਪਹੀਆ ਵਾਹਨ ਤੇ ਲਗਾਉਣਾ ਜ਼ਰੂਰ ਰਿਫਲੈਕਟਰ।
8. ਟੋਨ
ਗੱਡੀ ਚਲਾਉਂਦੇ ਸਮੇਂ, ਕਦੇ ਨਾ ਵਜਾਉਣਾ ਮੋਬਾਇਲ ਫੋਨ।
9. ਫੱਟ
ਸਕੂਲ ਚਲਾਉਂਦੇ ਸਮੇਂ ਪਾ ਕੇ ਰੱਖਣ ਜ਼ਰੂਰੀ ਹੈਲਮੈਟ।
10. ਖਰਾਬਾ
ਡਰਾਈਵਰ ਦੇ ਨੇੜੇ ਚੰਗਾ ਹੁੰਦਾ ਨਹੀਂ ਸ਼ੋਰ-ਸ਼ਰਾਬਾ।



**– ਮਨਜੀਤ ਕੌਰ ਜੰਡਾ**
**9465386370**

## ਵਣਜਾਰਾ

ਨੀ ਕੁੜੀਓ ਵਣਜਾਰਾ ਸੀ ਇਕ ਪਿੰਡ ਆਪਣੇ ਤਾਂ ਆਇਆ
ਬਹਿ ਗਿਆ ਖੋਲ੍ਹ ਪਟਾਰੀ ਤੇ ਉਹਨੇ ਹੋਕਾ ਵੰਗਾਂ ਦਾ ਲਾਇਆ
ਨਰਮ ਸੁਭਾਅ ਦਾ ਮਿੱਠਾ ਬੋਲੇ ਲੱਗਦਾ ਸੀ ਬੜਾ ਚੰਗਾ ਜਾ
ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ਨਾ ਦੱਸਿਆ ਵੰਗਾਂ ਦਾ।

ਸਸਤੀਆਂ ਮਹਿੰਗੀਆਂ ਪੁੱਛ ਨਾ ਜੋ ਕੁਝ ਲੈਲਾ ਤੂੰ ਮੁਟਿਆਰੇ
ਕਦੇ ਘਾਟਾ ਵਾਧਾ ਵੇਖਣ ਨਾ ਵਣਜਾਰੇ ਕਰਮਾਂ ਮਾਰੇ
ਉਲਝ ਗਈ ਫਿਰ ਤਾਣੀ ਕੀ ਮੈਂ ਪਾਉਣਾ ਸੀ ਤਕਲੇ ਤੰਦਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ....

ਉਹ ਰੰਗ ਬਿਰੰਗੀਆਂ ਵੰਗਾਂ ਦੀ ਨਾਲ ਫਿਰੇ ਵੇਚਦਾ ਮਹਿੰਦੀ
ਮਹਿੰਦੀ ਦਾ ਰੰਗ ਐਸਾ ਚੜ੍ਹਿਆ ਲਾਏ ਬਿਨਾ ਨਾ ਰਹਿੰਦੀ
ਨਹੁੰ ਪਾਲਿਸ਼ਾਂ, ਗਾਨੀਆਂ ਫੇਰੇ ਗਜਰਾ ਹੀ ਵੱਖਰੇ ਰੰਗਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ....

ਭੈਣ ਭਾਈ ਉਹਦੀ ਮਾਂ ਵੀ ਲੜਦੀ ਪੈ ਗਿਆ ਪੁੱਠੇ ਰਸਤੇ
ਵੇ ਤੂੰ ਛੱਲੇ ਮੁੰਦੀਆਂ ਮਹਿੰਗੇ ਲੈ ਕੇ ਫਿਰੇ ਵੇਚਦਾ ਸਸਤੇ
ਪੱਲੇ ਕੁਝ ਨੀ ਰਹਿੰਦਾ ਤੇ ਪਿੱਛੋਂ ਹਾਲ ਕੀ ਹੁੰਦਾ ਨੰਗਾ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ....

'ਦੇਵ ਘੋਲੀਏ' ਵਾਲਾ ਨੀ ਕਾਹਦਾ ਵੰਗਾ ਵੇਚਣ ਲੱਗ ਪਿਆ
ਜੱਟ ਬੂਟ ਸ੍ਰੀ: ਨੀ ਕੁੜੀਓ ਗੱਲਾਂ ਕਰਕੇ ਲੱਗ ਲਿਆ
ਵੰਗਾਂ ਵੇਚਣ ਲੱਗਣ ਪਿਆ ਪਰ ਛੱਡ ਗਿਆ ਸਾਥ ਮਲੰਗਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ਨਾ ਦੱਸਿਆ ਵੰਗਾਂ ਦਾ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਬਾਈ ਦੀ ਜੰਝ!

ਨੀਲੇ-ਚਿੱਟਿਆਂ ਉਤੇ ਪ੍ਰਭਾਵ ਪਾ ਕੇ
'ਹੋਣਾ' ਆਪਣਾ 'ਕੁਝ' ਦਰਸਾਉਣ ਵਾਲੇ।

ਸੌਣੀ ਸੁੱਤੇ ਨੇ ਕਿਹੜੀ ਉਹ ਗਫਲਤਾਂ ਦੀ
'ਉਤਰ ਕਾਟੋ ਮੈਂ ਚੜ੍ਹਾਂ' ਮੁਕਾਉਣ ਵਾਲੇ।

ਲੱਗੇ ਹੋਏ ਉਹ ਬਰਫ ਵਿਚ ਜਾਪਦੇ ਨੇ
ਬਣਨਾ 'ਤੀਸਰਾ ਬਦਲ' ਜੋ ਚਾਹੁਣ ਵਾਲੇ।

ਕਾਰਜ ਕਰਨਗੇ ਭਲਾ ਉਹ ਕਦੋਂ ਜਾ ਕੇ
ਫਟਿਆ ਹੋਇਆਂ ਦੇ ਮੇਲ ਕਰਾਉਣ ਵਾਲੇ।

ਲਿਆ ਸਬਕ ਨਾ ਭੁੱਲਾਂ ਜੋ ਪਿਛਲੀਆਂ ਤੋਂ
ਉਹੋ ਜਿਹਾ ਹੀ ਚੜ੍ਹ,ਗਾ ਚੰਨ ਯਾਰੋ।

ਆ ਬਹੇ ਗੀ 'ਬਾਈ ਦੀ ਜੰਝ' ਬੂਹੇ
ਫੇਰ ਵਿੰਨ੍ਹੋ ਗੇ ਕੁੜੀ ਦੇ ਕੰਨ ਯਾਰੋ?



**– ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

# Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

banga.realtor@gmail.com

www.banga.bhhser.com

CALBRE#01397975 MLS

FOR OVER 15 YEARS A TOP PRODUCER

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




Liquor Store for Sale
in Citrus Heights
Monthly Gross Sales: $40-45K
Listing Price:$139,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $115,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**


ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
GRANDES ESPECIALES
TODO EL VERANO
SI MENCIONA ESTE ANUNCIO
Liquidation Outlet
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
$599.99+tax
4pc Sectional FREE RUG! $519.99+tax
5pc Pub Set Table - 4 Chairs $239.99
Heavy Duty with 2 Leaves
7pc Dining Set Table-6 Chairs $689.99+tax
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99+tax
IN STOCK!
ALWAYS IN STOCK & the LOWEST PRICES!
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99+tax
DINING ROOM SET
SUPER SPECIAL Package Deal
www.TheBargainOutlet.com $1199.99+tax
Pub Table 4 Chairs and Bench $429.99+TAX
IN STOCK!
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA
DE $500 O MAS
TAPETE DE 5X8
Stoves Starting at $199.99
Free Coat-Rack
Refrigerators Starting at $199.99
ESPECIAL DE LAS LAVADORAS
Washers & Dryers Starting at $399.99
IN STOCK!
WE MEET OR BEAT ANY PRICES
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set 449.99
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650

## ਪਾਰਲੀਮੈਂਟ ਅਤੇ ਅਸੈਂਬਲੀਆਂ ਦੇ ਇਲੈਕਸ਼ਨ ਸਾਥ ਸਾਥ?

# ਅਸਲ ਨਿਸ਼ਾਨਾ ਰਾਸ਼ਟਰਪਤੀ ਸ਼ਾਸਨ ਪ੍ਰਣਾਲੀ!



ਕੇ. ਸੀ. ਸੁਲੇਖ
0172-4623503

ਹੁਣੇ ਹੁਣੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਭਾਰੀ ਜਿੱਤ ਪ੍ਰਾਪਤ ਕਰਨ ਉਪਰੰਤ ਪ੍ਰਧਾਨ ਮੰਤਰੀ ਮੋਦੀ ਸਾਹਿਬ ਨੇ ਗੱਦੀ ਸੰਭਾਲਦਿਆਂ ਹੀ ਆਪਣੇ ਏਜੰਡੇ ਦੇ ਜਿਹਨਾਂ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਰੱਖਿਆ। ਉਹਨਾਂ ਵਚੋਂ ਸਭ ਤੋਂ ਵੱਧ ਮਹੱਤਵ ਦੇਸ਼ ਵਿਚ ਹੁੰਦੀਆਂ ਰਹਿਣ ਵਾਲੀਆਂ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਨੂੰ ਇਕ ਸਾਥ ਕਰਵਾਉਣ ਨੂੰ ਦਿੱਤਾ ਹੈ, ਜਿਸ ਨਾਲ ਉਹਨਾਂ ਦੇ ਮੱਤ ਅਨੁਸਾਰ ਚੋਣਾਂ ਤੇ ਖਰਚ ਹੋਣ ਵਾਲੇ ਧਨ ਅਤੇ ਸਮੇਂ ਦੀ ਬੱਚਤ ਤੋਂ ਇਲਾਵਾ ਹੋਰ ਬਹੁਤ ਸਾਰੇ ਫਾਇਦੇ ਹੋ ਸਕਦੇ ਹਨ। ਇਸ ਦਾ ਪ੍ਰਾਪੇਗੰਡਾ (ਪ੍ਰਚਾਰ) ਵੀ ਉਨੀ ਹੀ ਵੱਧ ਗਰਮਜੋਸ਼ੀ ਨਾਲ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਇਸ ਮੁੱਦੇ ਨੂੰ ਪਾਰਲੀਮੈਂਟ ਵਿਚ ਰਾਸ਼ਟਰਪਤੀ ਦੇ ਉਦਘਾਟਨੀ ਭਾਸ਼ਣ ਵਿਚ ਵੀ ਸ਼ਾਮਲ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਹੋਰ ਵਾਧੂ ਜ਼ੋਰ ਦਿੰਤਾ ਹੈ। ਲੇਕਿਨ ਕੀ ਇਹ ਯੋਜਨਾ ਸੱਚਮੁਚ ਜ਼ੋਰ ਦਿੱਤਾ ਹੈ। ਲੇਕਿਨ ਕੀ ਇਹ ਯੋਜਨਾ ਸੱਚਮੁਚ ਦੇਸ਼ ਦੇ ਸਮੁੱਚੇ ਹਿੱਤ ਵਿਚ ਹੈ ਜਾਂ ਕੇਵਲ ਇਕ ਹੀ ਪਾਰਟੀ ਜੋ ਇਸ ਸਮੇਂ ਹੁਕਮਰਾਨ ਪਾਰਟੀ ਹੈ, ਦੇ ਇਕ ਪਾਸੜ ਹਿਤਾਂ ਨੂੰ ਮੁੱਖ ਰੱਖ ਕੇ ਘੜੀ ਗਈ ਹੈ? ਕੀ ਇਹ ਯੋਜਨਾ ਪਾਰਟੀ ਦੇ ਮਨਸੂਬਿਆਂ ਦੀ ਮੰਜ਼ਿਲ ਹਿੰਦੂ ਰਾਜ ਦਾ ਪਹਿਲਾ ਪੜਾਓ ਤਾਂ ਨਹੀਂ? ਜੇ ਨਹੀਂ ਤਾਂ ਫਿਰ ਦੂਜੀਆਂ ਪਾਰਟੀਆਂ ਵੱਲੋਂ ਵਿਰੋਧਤਾ ਕਿਉਂ? ਵਿਰੋਧ ਦਾ ਵੀ ਕੋਈ ਆਧਾਰ ਹੈ। ਵਿਰੋਧਤਾ ਮਹਿਜ਼ ਵਿਰੋਧਤਾ ਦੀ ਖਾਤਰ ਨਹੀਂ ਕੀਤੀ ਜਾ ਰਹੀ। ਸੰਵਿਧਾਨ ਰਚਨਾ ਦੇਸ਼ ਦੇ ਹਰ ਖੇਤਰ, ਹਰ ਧਰਮ, ਮੱਤਾਂ, ਭਾਸ਼ਾਵਾਂ ਦੇ ਚੋਣਵੇਂ ਬੁੱਧੀਮਾਨ ਨਿਰਪੱਖ ਮਹਾਂਪੁਰਸ਼ਾਂ ਦੀ ਬੁੱਧੀਮਾਨਤਾ, ਦੂਰ ਦ੍ਰਿਸ਼ਟੀ ਅਤੇ ਇਤਿਹਾਸਕ ਗਿਆਨ ਅਤੇ ਅਨੁਭਵ ਦਾ ਨਿਚੋੜ ਹੈ। ਉਸ ਸਭਾ ਨੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ ਪੱਕੇ ਪੰਜ ਸਾਲਾਂ ਦੀ ਮਿਆਦ ਦਾ ਪ੍ਰਾਵਧਾਨ ਕਿਉਂ ਨਹੀਂ ਘੜਿਆ?

ਕਿਹਾ ਜਾਂਦਾ ਹੈ ਕਿ ਵਰਤਮਾਨ ਸਿਸਟਮ (ਵਿਵਸਥਾ) ਹੇਠ ਪਾਰਲੀਮੈਂਟ ਅਤੇ ਅਸੈਂਬਲੀਆਂ ਦੇ ਵੱਖ-ਵੱਖ ਸਮਿਆਂ ਤੇ ਹੋਣ ਵਾਲੇ ਇਲੈਕਸ਼ਨਾਂ ਤੇ ਜੋ ਸਮੇਂ ਅਤੇ ਧਨ ਦੀ ਬਰ0ਬਾਦੀ ਹੁੰਦੀ ਹੈ, ਉਸ ਤੋਂ ਇਕ ਸਮੇਂ ਵਿਚ ਹੀ ਇਲੈਕਸ਼ਨ ਕਰਵਾ ਕੇ ਬਚਿਆ ਜਾ ਸਕਦਾ ਹੈ ਕਿਉਂਕਿ ਦੇਸ਼ ਦੇ 29 ਸੂਬਿਆਂ ਅਤੇ ਦੋ ਯੂਨੀਅਨ ਸਟੇਟਾਂ ਵਿਚ ਕਿਤੇ ਨਾ ਕਿਤੇ ਦੂਜੇ ਤੀਜੇ ਸਾਲ ਇਲੈਕਸ਼ਨ ਹੁੰਦੇ ਹੀ ਰਹਿੰਦੇ ਹਨ, ਜਿਹਨਾਂ ਦੇ ਪ੍ਰਬੰਧ 'ਤੇ ਕਰੋੜਾਂ ਰੁਪਏ ਖਰਚ ਹੁੰਦੇ ਹਨ। ਸਥਾਨਕ ਪੁਲਿਸ ਤੋਂ ਇਲਾਵਾ ਕੇਂਦਰ ਦੇ ਪੈਰਾ-ਮਿਲਟਰੀ ਦਸਤਿਆਂ ਦੀ ਸਹਾਇਤਾ ਲੈਣੀ ਪੈਂਦੀ ਹੈ। ਸਰਕਾਰ ਦਾ ਬਾਕੀ ਸਾਰਾ ਕੰਮਕਾਰ ਠੱਪ ਹੋ ਜਾਂਦਾ ਹੈ। ਇਲੈਕਸ਼ਨਾਂ ਦੌਰਾਨ ਚੋਣ ਜਾਬਤਾ ਲੱਗਣ ਕਾਰਨ ਵਿਕਾਸ ਦੇ ਕੰਮ ਵੀ ਰੁਕ ਜਾਂਦੇ ਹਨ। ਸਰਸਰੀ ਨਜ਼ਰ ਮਾਰਨ ਤੇ ਇਹ ਦਲੀਲਾਂ ਬਹੁਤ ਵਾਜਬ ਲੱਗਦੀਆਂ ਹਨ ਅਤੇ ਵਕਾਲਤ ਵੀ ਵਜ਼ਨਦਾਰ, ਲੇਕਿਨ ਥੋੜ੍ਹਾ ਗਹੁ ਨਾਲ ਦੇਖਣ-ਪਰਖਣ ਤੇ ਇਹਨਾਂ ਦਲੀਲਾਂ 'ਚ ਕੋਈ ਤੱਤ ਹੀਲੇ-ਬਹਾਨੇ ਗੈਰ ਸੰਵਿਧਾਨਕ ਅਤੇ ਗੈਰ ਵਿਵਾਰਿਕ, ਪੱਖਪਾਤੀ ਹਨ।

ਯਾਦ ਰੱਖਣਾ ਚਾਹੀਦਾ ਹੈ ਕਿ ਆਜ਼ਾਦੀ ਤੋਂ ਬਾਅਦ ਦੇਸ਼ ਅਤੇ ਸਮਾਜ ਦੇ ਸੰਪੂਰਨ ਵਿਕਾਸ ਅਤੇ ਉਨਤੀ, ਖੁਸ਼ੀ ਅਤੇ ਖੁਸ਼ਹਾਲੀ ਲਈ ਸੰਵਿਧਾਨ ਬਣਾਉਂਦੇ ਸਮੇਂ ਸ਼ਾਸਨ ਪ੍ਰਣਾਲੀ ਦੇ ਜਿਸ ਰੂਪ ਨੂੰ ਚੁਣਿਆ ਅਤੇ ਸਾਰੇ ਸ਼ਾਸਨ-ਪ੍ਰਸ਼ਾਸਨ ਦੀ ਨੀਂਹ ਰੱਖੀ ਸੀ, ਉਹ ਲੋਕਤੰਤਰੀ ਸੰਸਦੀ ਸ਼ਾਸਨ ਪ੍ਰਣਾਲੀ ਸੀ, ਨਾ ਕਿ ਆਰ. ਐਸ. ਸੰਘੀਆ। ਲੋਕਤੰਤਰ ਦਾ ਆਧਾਰ ਹਰ ਬਾਲਗ ਵਿਅਕਤੀ ਦਾ ਵੋਟ ਹੈ। ਉਹ ਵਿਅਕਤੀ ਚਾਹੇ ਦੇਸ਼ ਦਾ ਰਾਸ਼ਟਰਪਤੀ ਹੋਵੇ ਜਾਂ ਸੜਕ ਮਜ਼ਦੂਰ। ਉਸ ਦੀ ਇਕ ਬਰਾਬਰ ਕੀਮਤ ਹੈ। (ਇਕ ਵਿਅਕਤੀ ਇਕ ਵੋਟ, ਇਕ ਵੋਟ ਇਕ ਬਰਾਬਰ)। ਇਸ ਵੋਟ ਦੀ ਤਾਕਤ ਨਾਲ ਹੀ ਸੂਬੇ ਅਤੇ ਕੇਂਦਰ ਦੀਆਂ ਸਰਕਾਰਾਂ ਬਣਦੀਆਂ ਹਨ। ਸਰਕਾਰ ਅੱਗੇ ਜਾ ਕੇ ਜ਼ਾਲਮ ਤਾਨਾਸ਼ਾਹ ਜਾਂ ਦਾਇਆਵਾਨ ਹਮਦਰਦ ਸਾਬਤ ਹੁੰਦੀ ਹੈ। ਉਸ ਦਾ ਜ਼ਿੰਮੇਵਾਰ ਵੀ ਮਤਦਾਤਾ ਵਿਅਕਤੀ ਹੀ ਹੁੰਦਾ ਹੈ। ਲੋਕਤੰਤਰ ਦਾ ਮਤਲਬ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਬਣਾਈ ਗਈ ਸਰਕਾਰ ਹੁੰਦਾ ਹੈ। ਲੋਕਤੰਤਰੀ ਢਾਂਚੇ ਵਿਚ ਸਰਕਾਰ ਦੇ ਲੋਕ ਹਿਤੈਸ਼ੀ ਹੋਣ ਲਈ ਜ਼ਰੂਰੀ ਹੈ ਕਿ ਵੋਟ ਵੀ ਪੂਰੀ ਆਜ਼ਾਦੀ ਨਾਲ ਬਿਨਾਂ ਖੌਫ, ਬਿਨਾਂ ਦਬਾਓ ਅਤੇ ਬਿਨਾਂ ਪ੍ਰਲੋਭਨ ਆਪਣੇ ਪਸੰਦ ਦੇ ਨੁਮਾਇੰਦੇ ਦੇ ਹੱਕ ਵਿਚ ਦਿੱਤੀ ਜਾਵੇ, ਜੋ ਬਿਨਾਂ ਖੌਫ ਉਨੀ ਹੀ ਇਮਾਨਦਾਰੀ ਨਾਲ ਉਹਨਾਂ ਦੇ ਹੱਕਾਂ ਦੀ ਰੱਖਿਆ ਕਰ ਸਕੇ, ਲੇਕਿਨ ਕੀ ਅੱਜ ਦੇ ਦਹਿਸ਼ਤ ਭਰੇ ਸੰਪਰਦਾਇਕ ਮਾਹੌਲ ਵਿਚ ਆਜ਼ਾਦ ਚੋਣਾਂ ਮੁਮਕਿਨ ਹਨ? ਆਜ਼ਾਦ ਅਤੇ ਨਿਰਪੱਖ ਚੋਣਾਂ ਦਾ ਇਹ ਹਾਲ ਹੈ ਕਿ ਖੁਦ ਵੋਟਿੰਗ ਮਸ਼ੀਨਾਂ ਅਤੇ ਉਸ ਦੇ ਇੰਚਾਰਜ ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਸਵਾਲ ਉੱਠਣ ਲੱਗ ਪਏ ਹਨ। ਮੋਦੀ ਸਰਕਾਰ ਦੀ ਨਵੀਂ ਯੋਜਨਾ ਅਧੀਨ ਦੇਸ਼ ਦੇ ਸਭ ਇਲੈਕਸ਼ਨਾਂ ਨੂੰ ਕਾਨੂੰਨ ਦੇ ਡੰਡੇ ਨਾਲ ਇਕ ਸਾਥ ਕਰਵਾਉਣਾ ਆਜ਼ਾਦ ਇਲੈਕਸ਼ਨ ਨਹੀਂ ਕਹੇ ਜਾ ਸਕਦੇ।

ਸੰਵਿਧਾਨ ਵਿਚ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀ ਮਿਆਦ ਪੰਜ ਸਾਲ ਨਿਬਚਿਤ ਕੀਤੀ ਹੋਈ ਹੈ, ਲੇਕਿਨ ਉਹ ਵੀ ਕੇਵਲ ਉਥੇ ਤੱਕ ਜਦ ਤੱਕ ਉਹਨਾਂ ਨੂੰ ਲੋਕਾਂ ਦੇ ਪ੍ਰਤੀਨਿਧੀ ਮੈਂਬਰਾਂ ਦਾ ਵਿਸ਼ਵਾਸ ਪ੍ਰਾਪਤ ਹੋਵੇ। ਮੈਂਬਰਾਂ ਦਾ ਚਲਦੀ ਸਰਕਾਰ ਤੇ ਪੰਜ ਸਾਲ ਲਗਾਤਾਰ ਵਿਸ਼ਵਾਸ ਬਣੇ ਰਹਿਣਾ ਜ਼ਰੂਰੀ ਨਹੀਂ। ਮੈਂਬਰ ਕਿਸੇ ਸਮੇਂ ਵੀ ਹਾਲਾਤ ਵਿਪਰੀਤ ਹੋਣ ਤੇ ਵਿਸ਼ਵਾਸ ਸਮਰਥਨ ਵਾਪਸ ਲੈ ਸਕਦੇ ਹਨ ਅਤੇ ਪਾਰਲੀਮੈਂਟ/ ਅਸੈਂਬਲੀ ਭੰਗ ਹੋ ਜਾਂਦੀ ਹੈ, ਉਸ ਤੋਂ ਬਾਅਦ ਜਾਂ ਤਾਂ ਵਿਕਲਪਿਕ ਸਰਕਾਰ ਬਣ ਜਾਵੇ ਜਾਂ ਉਸ ਖਾਸ ਸੂਬੇ ਤੇ ਗਵਰਨਰੀ ਰਾਜ ਲਗਾਇਆ ਜਾਵੇ ਜਾਂ ਫਿਰ ਸਿਰੇ ਤੋਂ ਚੋਣ ਕਰਵਾਈ ਜਾਵੇ। ਇਸ ਯੋਜਨਾ ਅਨੁਸਾਰ ਕੀ ਸੂਬੇ ਦੀ ਟੁੱਟ ਚੁੱਕੀ ਸਰਕਾਰ ਨੂੰ ਕੇਂਦਰੀ ਸਰਕਾਰ ਦੇ ਪੰਜ ਸਾਲ ਪੂਰੇ ਹੋਣ ਤੱਕ ਗਵਰਨਰੀ ਰਾਜ ਥੱਲੇ ਹੀ ਰਹਿਣਾ ਪਵੇਗਾ। ਜੋ ਹਕੀਕਤ ਵਿਚ ਕੇਂਦਰ ਸਰਕਾਰ ਦੇ ਆਦੇਸ਼ਾਂ ਅਤੇ ਨਿਰਦੇਸ਼ਾਂ ਅਧੀਨ ਹੀ ਚੱਲਣ ਵਾਲੀ ਸਰਕਾਰ ਹੁੰਦੀ ਹੈ। ਜਿਸ ਵਿਚ ਸੂਬੇ ਦੇ ਲੋਕਾਂ ਦਾ ਜਾਂ ਉਹਨਾਂ ਦੇ ਪ੍ਰਤੀਨਿਧੀ ਮੈਂਬਰਾਂ ਦਾ ਕੋਈ ਦਖਲ ਨਹੀਂ ਹੁੰਦਾ। ਇਹੀ ਤਾਂ ਇਸ ਨਵੀਂ ਯੋਜਨਾ ਦਾ ਮੁੱਦਾ ਮਕਸਦ ਹੈ।

ਧਿਆਨ ਰਹੇ, ਚੋਣਾਂ ਨੂੰ ਵਰਤਮਾਨ ਪ੍ਰਣਾਲੀ ਤੋਂ ਨਵੀਂ ਪ੍ਰਣਾਲੀ 'ਚ ਤਬਦੀਲ ਕਰਨਾ ਇੰਨਾ ਸੌਖਾ ਵੀ ਨਹੀਂ ਹੈ। ਇਹ ਇਕ ਸੰਵਿਧਾਨਕ ਪ੍ਰਕਰਿਆ ਹੈ, ਜੋ ਬਿਨਾਂ ਸੰਵਿਧਾਨ ਦੀ ਸੋਧ ਕੀਤੇ ਸੰਭਵ ਨਹੀਂ ਹੈ। ਭਾਜਪਾ ਦੇ ਲੋਕ ਸਭਾ ਵਿਚ ਪੂਰਨ ਬਹੁਮਤ ਹੋਣ ਕਾਰਨ ਲੋੜੀਂਦੀ ਸੋਧ ਆਸਾਨੀ ਨਾਲ ਪਾਸ ਹੋ ਸਕਦੀ ਹੈ ਲੇਕਿਨ ਰਾਜ ਸਭਾ ਵਿਚ ਬਹੁਮਤ ਨਾ ਹੋਣ ਕਾਰਨ ਬਿਲ ਪਾਸ ਨਹੀਂ ਹੋ ਸਕਦਾ, ਕਿਉਂਕਿ ਵਿਰੋਧੀ ਪਾਰਟੀਆਂ ਵੀ ਬਿਲ ਦੇ ਖਿਲਾਫ ਹਨ। ਜਿਹਾ ਕਿ ਹੋਰ ਵਿਵਾਦਿਤ ਬਿਲਾਂ ਦੇ ਨਾਲ ਵੀ ਹੁੰਦਾ ਰਿਹਾ ਹੈ। ਇਸ ਤੋਂ ਵੀ ਇਲਾਵਾ ਸੰਵਿਧਾਨ ਵਿਚ ਸੋਧ ਲਈ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੀ ਮਨਜ਼ੂਰੀ ਤੋਂ ਬਾਅਦ ਦੇਸ਼ ਦੀਆਂ ਘੱਟੋ ਘੱਟ ਅੱਧੀਆਂ ਸਟੇਟ ਅਸੈਂਬਲੀਆਂ ਤੋਂ ਮਨਜ਼ੂਰੀ ਲੈਣਾ ਜ਼ਰੂਰੀ ਹੈ। ਫਿਰ ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਵੀ ਦਰਕਿਨਾਰ ਕਰਨਾ ਸੌਖਾ ਨਹੀਂ ਹੋਵੇਗਾ ਕਿ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿਚ ਕੋਈ ਛੇੜਛਾੜ ਨਹੀਂ ਕੀਤੀ ਜਾ ਸਕਦੀ। ਫਿਰ ਇੰਨੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਹੁੰਦਿਆਂ ਵੀ ਮੋਦੀ ਜੀ ਇਕੱਠਿਆਂ ਇਲੈਕਸ਼ਨ ਕਰਵਾਉਣ ਲਈ ਇੰਨੇ ਉਤਾਵਲੇ ਕਿਉਂ ਹੋ ਗਏ ਹਨ? ਜ਼ਾਹਿਰ ਹੈ ਜਿਹਾ ਕਿ ਰਾਜਨੀਤੀ ਦੇ ਜਾਣਕਾਰ ਵਿਸ਼ਲੇਸ਼ਕਾਂ ਦੀ ਵੀ ਪੱਕੀ ਰਾਏ ਹੈ ਕਿ ਮੌਜੂਦਾ ਹਾਲਾਤ ਵਿਚ ਨੋਟਬੰਦੀ ਅਤੇ ਜੀ. ਐਸ. ਟੀ. ਕਾਰਨ ਪੈਦਾ ਹੋਏ ਆਰਥਿਕ ਸੰਕਟ, ਵੱਧ ਰਹੀ ਬੇਰੁਜ਼ਗਾਰੀ, ਕਿਸਾਨਾਂ ਦੀ ਬੇਚੈਨੀ ਵਰਗੀਆਂ ਗੰਭੀਰ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਕਿਸੇ ਹੋਰ ਗੰਭੀਰ ਸ਼ੋਸ਼ੇ ਨੂੰ ਛੱਡਣਾ ਜ਼ਰੂਰੀ ਸੀ ਜੋ ਮੋਦੀ ਜੀ ਨੇ ਇਕ ਸਾਥ ਇਲੈਕਸ਼ਨ ਕਰਵਾਉਣ ਦੇ ਮੁੱਦੇ ਨੂੰ ਅੱਗੇ ਕਰ ਦਿੱਤਾ ਹੈ ਤਾਂ ਜੋ ਲੋਕ ਅਤੇ ਨੇਤਾ ਇਸੇ ਚੱਕਰ ਵਿਚ ਫਸੇ ਰਹਿਣ ਅਤੇ ਕਾਟੋ ਫੁੱਲਾਂ ਨਾਲ ਖੇਡਦੀ ਰਹੇ। ਇਸ ਦੇ ਨਾਲ ਨਾਲ ਆਰ. ਐਸ. ਐਸ. ਦੇ ਅਸਲ ਏਜੰਡੇ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਨਾ ਹੋਵੇਗਾ ਜੋ ਭਾਰਤ ਦੇ ਬਣੇ ਹੋਏ ਸੰਵਿਧਾਨ ਨੂੰ ਖਤਮ ਕਰਕੇ ਆਪਣਾ ਹੀ ਚਤਰਵਰਨੀ ਸੰਵਿਧਾਨ ਲਾਗੂ ਕਰਨਾ ਚਾਹੁੰਦਾ ਹੈ। ਹਾਲੇ ਤੱਕ ਜਦ ਉਸ ਦਾ ਸਿੱਧਾ ਹਮਲਾ ਕਾਮਯਾਬ ਨਹੀਂ ਹੋ ਸਕਿਆ, ਇਲੈਕਸ਼ਨਾਂ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ। ਸਾਬਕਾ ਮੰਤਰੀ ਪੀ. ਚਿੰਦਬਰਮ ਨੇ ਖੇਡੀ ਜਾ ਰਹੀ ਚਾਲ ਨੂੰ ਬੇਪਰਦਾ ਕਰਦੇ ਹੋਏ ਆਪਣੇ ਕਾਲਮ (ਇੰਡੀਅਨ ਐਕਸਪ੍ਰੈਸ 30 ਜੂਨ) ਵਿਚ ਸਵਾਲ ਕੀਤਾ ਹੈ ਕਿ ਇੱਧਰ-ਉਧਰ ਦੀਆਂ ਗੱਲਾਂ ਕਰਨ ਦੀ ਬਜਾਏ ਤੁਸੀਂ ਖੁੱਲ੍ਹ ਕੇ ਕਿਉਂ ਨਹੀਂ ਕਹਿੰਦੇ ਕਿ ਤੁਸੀਂ ਰਾਸ਼ਟਰਪਤੀ ਪ੍ਰਣਾਲੀ ਲਗਾਉਣਾ ਚਾਹੁੰਦੇ ਹੋ।

ਅਜਿਹਾ ਅਸਫਲ ਯਤਨ ਤਾਂ ਆਰ. ਐਸ. ਐਸ. ਨੇ ਵਾਜਪਾਈ ਜੀ ਦੇ ਪ੍ਰਧਾਨ ਮੰਤਰੀ ਬਣਨ ਸਮੇਂ 1998 'ਚ ਵੀ ਕਰ ਚੁੱਕਿਆ ਹੈ ਜਦ ਉਸ ਵੇਲੇ ਵੀ ਸਭ ਤੋਂ ਪਹਿਲਾ ਕੰਮ ਸੇਵਾ ਮੁਕਤ ਸੁਪਰੀਮ ਕੋਰਟ ਦੇ ਜੱਜ ਜਸਟਿਸ ਵੈਂਕਟਾਚਲੱਈਆ ਦੀ ਪ੍ਰਧਾਨਗੀ ਹੇਠ ਸੰਵਿਧਾਨ ਸਮੀਖਿਆ ਕਮਿਸ਼ਨ ਗਠਿਤ ਕਰਕੇ ਉਸ ਨੂੰ ਹੋਰ ਮੁੱਦਿਆਂ ਤੋਂ ਇਲਾਵਾ ਰਾਸ਼ਟਰਪਤੀ ਪ੍ਰਣਾਲੀ ਦੀ ਸਿਫਾਰਿਸ਼ ਕਰਨ ਲਈ ਕਿਹਾ ਗਿਆ ਸੀ। ਲੇਕਿਨ ਉਹਨਾਂ ਦੇ ਮੰਦੇ ਭਾਗੀਂ ਉਸ ਵੇਲੇ ਵੀ ਉਹ ਤੀਰ ਕੰਮ ਨਾ ਕਰ ਸਕਿਆ। ਕਮਿਸ਼ਨ ਨੇ ਉਹਨਾਂ ਦੀ ਆਸ ਵਿਰੁੱਧ ਉਲਟ ਸੁਝਾਓ ਦੇ ਕੇ ਉਹਨਾਂ ਦੇ ਸਾਰੇ ਮਨਸੂਬਿਆਂ ਤੇ ਪਾਣੀ ਫੇਰ ਦਿੱਤਾ। ਉਸ ਵੇਲੇ ਦੇ ਰਾਸ਼ਟਰਪਤੀ ਡਾ. ਕੇ. ਆਰ. ਨਰਾਇਣਨ ਦੀ ਇਤਿਹਾਸਕ ਭੂਮਿਕਾ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ। ਹੁਣ ਜਦੋਂ ਇਕ ਵਾਰ ਫਿਰ ਭਾਜਪਾ ਮੋਦੀ ਜੀ ਦੀ ਅਗਵਾਈ ਹੇਠ ਹਿੰਦੂ ਵੋਟਾਂ ਨੂੰ ਇੱਕਜੁਟ ਕਰਕੇ ਆਪਣੀ ਪੂਰਨ ਬਹੁਮਤ ਵਾਲੀ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ ਹੈ, ਉਸ ਦੇ ਸ਼ੁੱਧ ਹਿੰਦੂ ਰਾਜ ਦੇ ਸੁਪਨੇ ਫਿਰ ਤੋਂ ਦੁਬਾਰਾ ਜਾਗ ਉੱਠੇ ਹਨ। ਇਸ ਤਰ੍ਹਾਂ ਜੇ ਇਕ ਵਾਰ ਉਹਨਾਂ ਦੀ ਹਕੂਮਤ ਬਣ ਗਈ ਤਾਂ ਘੱਟ ਤੋਂ ਘੱਟ ਪੰਜ ਸਾਲ ਤੱਕ ਉਹਨਾਂ ਨੂੰ ਕੋਈ ਵੀ ਹਿਲਾ ਨਹੀਂ ਸਕੇਗਾ, ਕੋਈ ਟੋਕਾ-ਟਾਕੀ ਨਹੀਂ ਕਰ ਸਕੇਗਾ। ਪੰਜ ਸਾਲ ਦੀ ਮਿਆਦ ਖਤਮ ਹੋਣ ਤੇ ਹਕੂਮਤ ਚਾਲੂ ਰੱਖਣ ਲਈ ਹਿੰਦੂ ਵੋਟਾਂ ਨੂੰ ਇੱਕਜੁਟ ਕਰਨ ਲਈ ਫਿਰ ਤੋਂ ਪੁਲਵਾਮਾ ਹਮਲੇ, ਬਾਲਾਕੋਟ ਸਰਜੀਕਲ ਸਟ੍ਰਾਈਕ ਜਿਹੇ ਉਕਸਾਊ ਮੁੱਦੇ ਜਾਂ ਪੰਦਰਾਂ ਪੰਦਰਾਂ ਲੱਖ ਅਤੇ ਦੁੱਗਣੀ ਆਮਦਨ, ਜਿਹੇ ਭਰਮਾਊ ਜੁਮਲੇ ਉਛਾਲੇ ਜਾ ਸਕਦੇ ਹਨ, ਜਿਹਨਾਂ ਦਾ ਦੇਸ਼ ਅਤੇ ਸਮਾਜ ਦੇ ਹਕੀਕੀ ਮਸਲਿਆਂ, ਸਮੱਸਿਆਵਾਂ ਜਾਂ ਉਨਤੀ ਵਿਕਾਸ ਨਾਲ ਕੋਈ ਸਬੰਧ ਨਹੀਂ ਬਲਕਿ ਜੋ ਵਿਕਾਸ ਉਨਤੀ ਦੇ ਰਸਤੇ ਵਿਚ ਸਭ ਤੋਂ ਵੱਧ ਖਤਰਨਾਕ ਰੋੜਾ ਹਨ। ਅਮਰੀਕਾ ਦੀ ਰਾਸ਼ਟਰਪਤੀ ਸ਼ਾਸਨ ਪ੍ਰਣਾਲੀ ਅਤੇ ਭਾਰਤ ਦੁਆਰਾ ਅਪਣਾਈ ਗਈ ਲੋਕਤੰਤਰੀ ਸੰਸਦੀ ਪ੍ਰਣਾਲੀ ਹੇਠ ਚੱਲਣ ਵਾਲੀਆਂ ਸਰਕਾਰਾਂ ਦੇ ਢਾਂਚਾਗਤ ਚੋਣ ਸਿਸਅਮ, ਕੈਬਨਿਟ ਦੀ ਸੰਸਦ ਪ੍ਰਤੀ ਜਵਾਬਦੇਹੀ ਆਦਿ ਸਵਾਲਾਂ ਦੀ ਪੇਚੀਦਗੀਆਂ ਬਾਰੇ ਹੋਰ ਜਾਣਕਾਰੀ ਲਈ ਬਾਬਾ ਸਾਹਿਬ ਅੰਬੇਡਕਰ ਦਾ ਭਾਸ਼ਣ ਪੜ੍ਹਨਾ ਹੋਵੇਗਾ, ਜੋ ਉਹਨਾਂ ਨੇ ਸੰਵਿਧਾਨ ਸਭਾ ਵਿਚ 4 ਨਵੰਬਰ 1948 ਨੂੰ ਨਵੇਂ ਸੰਵਿਧਾਨ ਦਾ ਖਰੜਾ ਪੇਸ਼ ਕਰਦਿਆਂ ਦਿੱਤਾ ਸੀ, ਜਿਸ 'ਤੇ ਸਭਾ ਨੇ ਪੂਰੇ ਤਿੰਨ ਸਾਲ ਦੀ ਸਖਤ ਮਿਹਨਤ ਉਪਰੰਤ 26 ਨਵੰਬਰ 1949 ਨੂੰ ਆਪਣੀ ਸਵੀਕ੍ਰਿਤੀ ਦੀ ਮੁਹਰ ਲਗਾ ਦਿੱਤੀ ਸੀ।

ਇੱਥੇ ਇਹ ਗੱਲ ਖਾਸ ਤੌਰ 'ਤੇ ਧਿਆਨਯੋਗ ਹੈ ਕਿ ਜਿਸ ਅਮਰੀਕਨ ਸ਼ਾਸਨ ਪ੍ਰਣਾਲੀ ਨੂੰ ਅਪਣਾਉਣ ਲਈ ਮੋਦੀ ਜੀ ਨੇ ਜ਼ੋਰਦਾਰ ਮੁਹਿੰਮ ਛੇੜ ਦਿੱਤੀ ਹੈ, ਉਸ ਦੇਸ਼ ਅਤੇ ਆਪਣੇ ਦੇਸ਼ ਭਾਰਤ ਵਿਚਕਾਰ ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਚਰਿੱਤਰ ਪੱਖੋਂ ਜ਼ਮੀਨ ਅਸਮਾਨ ਦਾ ਫਰਕ ਹੈ। ਅਮਰੀਕਾ ਦੇ ਲੋਕਤੰਤਰ ਦੇ ਪਿਤਾਮਾ ਅਬਰਾਹਮ ਲਿੰਕਨ ਜਿਹੇ ਦੂਰਦਰਸ਼ੀ ਮਹਾਂਪੁਰਸ਼ ਨੇ ਜਿੱਥੇ ਗੋਰੇ ਕਾਲਿਆਂ ਦੇ ਨਸਲੀ ਭੇਦ ਨੂੰ ਮਿਟਾਉਣ ਲਈ ਇਕ ਲੰਬੀ ਲੜਾਈ ਲੜੀ, ਉਥੇ ਜਾਰਜ ਵਾਸ਼ਿੰਗਟਨ ਜਿਹੇ ਬੁੱਧੀਮਾਨ ਨੀਤੀਵਾਨਾਂ ਨੇ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਆਪਣਾ-ਆਪਣਾ ਯੋਗਦਾਨ ਦਿੱਤਾ। ਸਾਇੰਸਦਾਨਾਂ ਨੇ ਆਪਣੀਆਂ ਵਿਗਿਆਨਕ ਖੋਜਾਂ ਅਤੇ ਕਾਢਾਂ ਨਾਲ ਅਮਰੀਕਾ ਨੂੰ ਦੁਨੀਆਂ ਦਾ ਅਤਿ ਸ਼ਕਤੀਸ਼ਾਲੀ ਦੇਸ਼ ਬਣਾ ਦਿੱਤਾ। ਉਸ ਦੇ ਮੁਕਾਬਲੇ ਵਿਚ ਵਿਗਿਆਨਕ ਸੋਚ ਅਤੇ ਤੌਰ-ਤਰੀਕੇ ਅਪਣਾਉਣ ਦੀ ਬਜਾਏ ਸਾਡਾ ਦੇਸ਼ ਹਾਲੇ ਤੱਕ ਆਪਣੇ ਪੂਰਵਜਾਂ ਦੇ ਮਿਥਿਹਾਸਕ ਗਿਆਨ, ਗੈਰ ਵਿਗਿਆਨਕ, ਗੈਰ ਪ੍ਰਾਕਿਰਤਕ ਚਮਤਕਾਰਾਂ ਦੇ ਜਾਲ ਵਿਚ ਹੀ ਫਸਿਆ ਹੋਇਆ ਹੈ, ਅਖੇ ਹਵਾਈ ਜਹਾਜ਼ਾਂ, ਦੂਰ ਸੰਚਾਰ, ਦੂਰ ਦਰਸ਼ਨ, ਕਟੇ ਹੋਏ ਸਿਰ ਨੂੰ ਧੜ ਨਾਲ ਜੋੜਨ ਦੀ ਵਿੱਦਿਆ ਕਲਾ ਪਹਿਲਾਂ ਹੀ ਸਾਡੇ ਵੈਦਿਕ ਰਿਸ਼ੀਆਂ ਕੋਲ ਮੌਜੂਦ ਸੀ।

ਰਾਸ਼ਟਰੀ ਸੁਹਿਰਦਤਾ ਤਾਂ ਇਕ ਪਾਸੇ ਇੱਥੇ ਕਿਸੇ ਦੇ 'ਜੈਸ੍ਰੀ ਰਾਮ' ਨਾ ਕਹਿਣ ਤੇ ਅਤੇ ਗਊ ਹੱਤਿਆ ਦੇ ਸ਼ੱਕ ਤੇ ਬੰਦੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ ਅਤੇ ਇਹ ਬਿਨਾਂ ਸੰਕੋਚ ਕਿਹਾ ਜਾ ਸਕਦਾ ਹੈ ਕਿ ਅਜਿਹੀ ਗੁੰਡਾਗਰਦੀ ਦੇ ਰਾਜ ਦਾ ਜਨਮਦਾਤਾ ਖੁਦ ਮੋਦੀ ਰਾਜ ਹੈ। ਦੇਸ਼ ਵਿਚ ਇਕ ਸਾਥ ਇਲੈਕਸ਼ਨ ਕਰਵਾਉਣ ਦੀ ਮੁਹਿੰਮ ਦਾ ਉਦੇਸ਼ ਵੀ ਤਾਂ ਇਸੇ ਪ੍ਰਕਾਰ ਦਾ ਰਾਜ ਸਥਾਪਤ ਕਰਨਾ ਹੈ।

ਭਾਰਤ ਭਿੰਨ-ਭਿੰਨ ਧਰਮਾਂ, ਜਾਤੀਆਂ, ਭਾਸ਼ਾਵਾਂ, ਸਭਿਆਚਾਰਕ ਰੀਤੀ-ਰਿਵਾਜ਼ਾਂ, ਪਹਾੜੀ ਮੈਦਾਨੀ, ਰੇਤਲੀ ਧਰਤੀ ਉਤੇ 130 ਕਰੋੜ ਦੀ ਆਬਾਦੀ ਵਾਲਾ ਵਿਸ਼ਾਲ ਦੇਸ਼ ਹੈ। ਐਡੇ ਵੱਡੇ ਦੇਸ਼ ਦੇ ਇਲਾਕਿਆਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਵੀ ਇਕੋ ਜਿਹੀਆਂ ਨਹੀਂ ਹੋ ਸਕਦੀਆਂ, ਨਾ ਹੀ ਉਹਨਾਂ ਦੀ ਭਲਾਈ ਅਤੇ ਵਿਕਾਸ ਲਈ ਇਕੋ ਜਿਹੀਆਂ ਸਕੀਮਾਂ ਅਤੇ ਨੀਤੀਆਂ ਕੰਮ ਕਰ ਸਕਦੀਆਂ ਹਨ।

ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਬਣਾਉਣਾ ਅਤੇ ਸੰਵਿਧਾਨ ਰਾਹੀਂ ਫੈਡਰਲ ਢਾਂਚਾ ਉਸਾਰਨ ਦਾ ਮਕਸਦ ਵੀ ਤਾਂ ਦੇਸ਼ ਨੂੰ ਮਜ਼ਬੂਤ, ਸ਼ਕਤੀਸ਼ਾਲੀ ਅਤੇ ਹਰ ਪੱਖੋਂ ਖੁਸ਼ਹਾਲ ਬਣਾਉਣਾ ਹੈ। ਉਹ ਇਕ ਪਾਰਟੀ ਜਾਂ ਇਕ ਬੰਦੇ ਦੇ ਹੱਥ ਵਿਚ ਸੱਤਾ ਦੀ ਪੂਰੀ ਤਾਕਤ ਦੇ ਕੇ ਕਿਵੇਂ ਸੰਭਵ ਹੋ ਸਕਦਾ ਹੈ? ਕੀ ਇਸ ਨਵੇਂ ਬਣ ਰਹੇ ਰਾਜਨੀਤਿਕ ਢਾਂਚੇ ਵਿਚ ਵਿਅਕਤੀ ਦੇ ਧਾਰਮਿਕ ਵਿਸ਼ਵਾਸਾਂ, ਸਭਿਆਚਾਰਕ ਰੀਤੀ-ਰਿਵਾਜਾਂ ਖਾਣ-ਪੀਣ, ਪਹਿਰਾਵੇ ਅਤੇ ਲਿਖਣ-ਪੜ੍ਹਨ ਦੀ ਆਜ਼ਾਦੀ ਸੁਰੱਖਿਅਤ ਰਹਿ ਸਕੇਗੀ? ਇਹੋ ਜਿਹੇ ਸ਼ੰਕੇ ਅੰਦੇਸ਼ੇ ਨਿਰੇ ਕਾਲਪਨਿਕ ਨਹੀਂ ਹਨ, ਇਸ ਦਾ ਸਵਾਦ ਲੋਕ ਬੀਤੇ ਪੰਜ ਸਾਲ ਤੋਂ ਚੱਖ ਚੁੱਕੇ ਹਨ। ਪ੍ਰਧਾਨ ਮੰਤਰੀ ਜਿਹਨਾਂ ਦੇ ਪ੍ਰਵਚਨ ਅਤੇ ਫਰਮਾਨ 'ਜੀ ਹਜ਼ੂਰੀ' ਮੀਡੀਆ ਚੌਵੀ ਘੰਟੇ ਘਰ-ਘਰ ਪਹੁੰਚਾਉਂਦਾ ਰਿਹਾ ਹੈ। ਮੁੜ 'ਜੇ ਤੁਸੀਂ ਵੋਟਿੰਗ ਮਸ਼ੀਨ ਦੇ 'ਕਮਲ' ਦਾ ਬਟਨ ਦਬਾਉਗੇ ਤਾਂ ਤੁਹਾਡਾ ਵੋਟ ਆਪਣੇ ਆਪ ਮੋਦੀ ਦੇ ਖਾਤੇ ਵਿਚ ਚਲਾ ਜਾਵੇਗਾ' ਅਤੇ ਹੋਇਆ ਵੀ ਇਹੀ ਕੁਝ। ਫਿਲਮੀ ਐਕਟਰਾਂ, ਐਕਟ੍ਰੈਸਾਂ, ਲੋਕ ਗਾਇਕਾਂ, ਕਾਮੇਡੀ ਐਕਟਰਾਂ ਨੂੰ ਰਾਜਨੀਤੀ ਦਾ ਊੜਾ ਐੜਾ ਆਉਂਦਾ ਹੋਵੇ ਜਾਂ ਨਾ, ਉਸ ਨੇ ਸਮਾਜ ਭਲਾਈ ਦਾ ਕੰਮ ਕੀਤਾ ਹੋਵੇ ਜਾਂ ਨਾ ਉਸ ਨੂੰ ਇਲਾਕੇ ਦਾ ਕੋਈ ਬੰਦਾ ਸ਼ਿਕਾਇਤ ਲੈ ਕੇ ਮਿਲ ਸਕਦਾ ਹੋਵੇ ਜਾਂ ਨਾ ਉਸ ਦੀ ਦੌੜ ਤਾਂ ਪਾਰਟੀ ਟਿਕਟ ਲੈਣ ਤੱਕ ਹੀ ਹੁੰਦੀ ਹੈ। (ਕਈ ਹਸਤੀਆਂ ਨੂੰ ਟਿਕਟ ਬਿਨ ਮੰਗਿਆਂ ਹੀ ਮਿਲ ਜਾਂਦਾ ਹੈ) ਇਕ ਵਾਰ ਟਿਕਟ ਮਿਲ ਗਿਆ ਤਾਂ ਸੀਟ ਪੱਕੀ। ਜਿੱਥੇ ਤੱਕ ਇਹੋ ਜਿਹੇ ਫਿਲਮੀ ਸਿਤਾਰਿਆਂ ਦੁਆਰਾ ਸਦਨ ਜਾਂ ਰਾਜਨੀਤੀ ਦੇ ਮੈਦਾਨ ਵਿਚ ਜ਼ਿਕਰਯੋਗ ਭੂਮਿਕਾ ਨਿਭਾਉਣ ਦਾ ਸਬੰਧ ਹੈ, ਉਸ ਲਈ ਤਾਂ ਖੁਦ ਪਾਰਲੀਮੈਂਟ ਦਾ ਰਿਕਾਰਡ ਬੋਲਦਾ ਹੈ ਕਿ ਲੋਕਾਂ ਵਿਚ ਤੁਰਨਾ-ਫਿਰਨਾ ਜਾਂ ਮਿਲਣਾ-ਜੁਲਣਾ ਤਾਂ ਇਕ ਪਾਸੇ ਪਾਰਲੀਮੈਂਟ ਦੇ ਇਜਲਾਸਾਂ ਵਿਚ ਹਾਜ਼ਰੀ ਲਗਵਾਉਣ ਦੀ ਜ਼ਰੂਰਤ ਵੀ ਨਹੀਂ ਸਮਝਦੇ।

ਇਕ ਤਾਜ਼ੀ ਖਬਰ ਅਨੁਸਾਰ ਪੰਜਾਬ ਦੇ ਇਕ ਨਵੇਂ ਬਣੇ ਫਿਲਮੀ ਐਮ. ਪੀ. ਨੇ ਆਪਣਾ ਚੋਣ ਖੇਤਰ ਹੀ ਕਿਸੇ ਹੋਰ ਨੂੰ ਠੇਕੇ 'ਤੇ ਦੇ ਦਿੱਤਾ ਹੈ ਕਿਉਂਕਿ ਉਸ ਕੋਲ ਇੱਧਰ ਧਿਆਨ ਦੇਣ ਲਈ ਵਾਧੂ ਸਮਾਂ ਨਹੀਂ ਹੈ। ਇਹਨਾਂ ਹਾਲਾਤਾਂ ਵਿਚ ਇਸ ਦਾ ਸਾਫ ਮਤਲਬ ਹੈ ਕਿ ਨਾ ਤਾਂ ਵੋਟ ਮੰਗਣ ਲਈ ਕਿਸੇ ਹੋਰ ਲੀਡਰ ਦੀ ਲੋੜ ਹੈ, ਨਾ ਹਕੂਮਤ ਚਲਾਉਣ ਅਤੇ ਨੀਤੀਆਂ ਘੜਨ ਲਈ ਕਿਸੇ ਮਾਹਿਰ ਦੀ ਬੁੱਧੀਮਾਨਤਾ ਦੀ ਜ਼ਰੂਰਤ ਹੈ। ਬੱਸ ਇਕ ਬੰਦਾ ਹੀ ਕਾਫੀ ਹੈ, ਸਪਸ਼ਟ ਰੂਪ ਵਿਚ ਇਹ ਵਿਅਕਤੀ ਪੂਜਾ ਦੀ ਢੁਕਵੀਂ ਮਿਸਾਲ ਹੈ, ਫਾਸ਼ੀਵਾਦ ਦੀ ਏ. ਬੀ. ਸੀ. ਡੀ. ਹੈ। ਜੋ ਸਿਰਫ ਸੰਵਿਧਾਨ ਹੀ ਨਹੀਂ ਖੁਦ ਲੋਕਤੰਤਰ ਲਈ ਵੀ ਮਹਾਨ ਖਤਰਾ ਹੈ। ਖਤਰਾ ਹੀ ਨਹੀਂ ਸਮੁੱਚੇ ਦੇਸ਼ ਲਈ ਬਹੁਤ ਬੜੀ ਆਫਤ ਸਾਬਤ ਹੋ ਸਕਦੀ ਹੈ, ਜਿਸ ਨੂੰ ਹਰ ਕੀਮਤ 'ਤੇ ਰੋਕਣਾ ਜ਼ਰੂਰੀ ਹੈ।

# ਪੰਜਾਬ ਦੀਆਂ ਹੋਣਹਾਰ ਧੀਆਂ ਪ੍ਰੋਫੈਸਰ ਵੀਰਪਾਲ ਕੌਰ ਤੇ ਪ੍ਰੋਫੈਸਰ ਪਵਨਦੀਪ ਕੌਰ

ਬਹੁਤ ਮਿਹਨਤ ਨਾਲ ਇਹ ਲੋਕ ਗੀਤ ਇਕੱਤਰ ਕੀਤੇ ਹਨ ਤੇ ਪੁਸਤਕ ਰੂਪ ਵਿੱਚ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਤੇ ਨਾਲ ਇਨ੍ਹਾਂ ਨੇ ਆਪਣੀ ਅਵਾਜ਼ ਵਿੱਚ ਲੋਕ ਗੀਤਾਂ ਦੀ ਰਿਕਾਰਡਿੰਗ ਦੀ ਸੀ ਡੀ ਵੀ ਤਿਆਰ ਕੀਤੀ ਹੈ ਪਵਨਦੀਪ ਤੇ ਵੀਰਪਾਲ ਬਚਪਨ ਦੀਆਂ ਸਹੇਲੀਆਂ ਹੈ ਭੈਣਾਂ ਤੋਂ ਵੱਧ ਕੇ ਆਪਣਾ ਰਿਸ਼ਤਾ ਨਿਭਾ ਰਹੀਆਂ ਹੈ ਇਸ ਸਮੇਂ ਅਸਿਸਟੈਂਟ ਪ੍ਰੋਫੈਸਰ ਬਾਬਾ ਕੁੰਦਨ ਸਿੰਘ ਕਾਲਜ ਮੁਹਾਰ ਜ਼ਿਲਾ ਫਿਰੋਜ਼ਪੁਰ ਵਿਖੇ ਸੇਵਾ ਨਿਭਾਅ ਰਹੀਆਂ ਹਨ, ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਇਕੱਠੀਆਂ ਨੇ ਪੜ੍ਹਾਈ ਕੀਤੀ ਫਿਰ ਨੌਕਰੀ ਤੇ ਨਾਲ ਨਾਲ ਸੱਭਿਆਚਾਰ ਦੀ ਸੇਵਾ ਕਰ ਰਹੀਆਂ ਹਨ ਬਹੁਤ ਸਾਰੇ ਅਵਾਰਡਾਂ ਨਾਲ ਸਨਮਾਨਿਤ ਹੋ ਚੁਕੀਆਂ ਹਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਫੈਸਟੀਵਲ ਵਿੱਚ ਲੋਕ ਗੀਤਾਂ ਦੀਆਂ 15 ਟੀਮਾਂ ਨੇ ਭਾਗ ਲਿਆ ਸਭ ਟੀਮਾਂ ਚੰਗੀ ਤਰ੍ਹਾਂ ਤਿਆਰ ਕਰਵਾਇਆਂ ਗਾਈਆਂ ਸਨ ਤੇ ਪਵਨਦੀਪ ਕੌਰ ਤੇ ਵੀਰਪਾਲ ਕੌਰ ਨੇ ਆਪਣੀ ਟੀਮ ਤਿਆਰ ਕਰਕੇ ਇਸ ਮੁਕਾਬਲੇ ਵਿੱਚ ਭਾਗ ਲਿਆ ਤੇ 15 ਟੀਮਾਂ ਚ ਪਹਿਲਾਂ ਸਥਾਨ ਜਿੱਤ ਸੋਨੇ ਦਾ ਤਗਮਾ ਵੀ ਹਸ਼ਿਲ ਕੀਤਾ ਸੁਹਾਗ, ਘੋੜੀਆਂ ਅਤੇ ਲੰਮੀ ਹੇਕ ਵਾਲੇ ਗੀਤ ਹੈ ਉਨ੍ਹਾਂ ਨੇ ਲੋਕ ਗੀਤ ਆਪਣੀ ਮਾਂ, ਮਾਸੀਆਂ ਮਾਮੀਆਂ ਭੈਣਾਂ ਭਰਜਾਈਆਂ ਕੋਲੋਂ ਖ਼ੁਦ ਸੁਣੇ ਹਨ। ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ।



ਨੌਕਰੀ ਦੇ ਨਾਲ ਲੋਕ ਗੀਤ ਵੀ ਸਿੱਖਾ ਰਹੀਆਂ ਹਨ, ਲੋਕ ਗੀਤ ਲੋਕ ਮਨ ਦਾ ਪ੍ਰਗਟਾਅ ਹੈ ਵਿਆਹ ਸ਼ਾਦੀਆਂ ਸਮੇਂ ਔਰਤਾਂ ਆਪਣੇ ਮਨ ਦੀਆਂ ਗੁੰਝਲਾਂ ਦਾ ਪ੍ਰਗਟਾਅ ਲੋਕ ਗੀਤਾਂ ਦੇ ਕਿਸੇ ਨਾ ਕਿਸੇ ਰੂਪ ਵਿੱਚ ਕਰਦੀਆਂ ਹਨ,ਪੰਜਾਬ ਲੋਕ-ਗੀਤਾਂ ਦੀ ਧਰਤੀ ਹੈ, ਇੱਥੋਂ ਦਾ ਹਰ ਇੱਕ ਵਾਸੀ ਗੀਤਾਂ ਵਿਚ ਜਨਮ ਲੈਂਦਾ ਹੈ, ਗੀਤਾਂ ਵਿੱਚ ਬਚਪਨ ਗੁਜ਼ਾਰਦਾ, ਗੀਤਾਂ ਵਿੱਚ ਹੀ ਪਲ ਕੇ ਜਵਾਨ ਹੁੰਦਾ, ਗੀਤਾਂ ਵਿੱਚ ਵਿਆਹਿਆ ਜਾਂਦਾ ਗੀਤਾਂ ਵਿੱਚ ਗ੍ਰਹਿਸਤੀ ਜੀਵਨ ਭੋਗਦਾ ਅਤੇ ਅੰਤ ਗੀਤਾਂ ਵਿਚ ਹੀ ਮਰ ਜਾਂਦਾ ਹੈ। ਇਸ ਪ੍ਰਕਾਰ ਲੋਕ-ਗੀਤਾਂ ਦਾ ਸੰਬੰਧ ਦੇ ਸਮੁੱਚੇ ਸੱਭਿਆਚਾਰਕ ਜੀਵਨ ਹੈ। ਲੋਕ-ਗੀਤ ਲੋਕ-ਦਿਲਾਂ ਵਿੱਚੋਂ ਆਪ ਮੁਹਾਰੇ ਫੁੱਟਦੇ ਹਨ। ਲੋਕ ਗੀਤਾਂ ਦੇ ਕਈ ਰੂਪ ਹਨ ਜਿਨ੍ਹਾਂ ਦਾ ਸੰਬੰਧ ਵੱਖ ਵੱਖ ਖ਼ੁਸ਼ੀ ਤੇ ਗਮੀ ਦੇ ਮੌਕਿਆਂ, ਖੇਡਾਂ ਤੇ ਰਸਮਾਂ ਰੀਤਾਂ ਨਾਲ ਹੈ।

ਵੀਰਪਾਲ ਤੇ ਪਵਨਦੀਪ ਦੀਆਂ ਦੋ ਪੁਸਤਕਾਂ ਰਿਲੀਜ਼ ਹੋ ਚੁਕੀਆਂ "ਉੱਡ ਗਈਆਂ ਕੂੰਜਾਂ" ਅਤੇ "ਜ਼ਿੰਦ ਨੀ ਰੌਣਕ ਕੁੜੀਆਂ ਦੀ" ਪੰਜਾਬ ਵਿੱਚ ਤੇ ਪੂਰਾ ਹੁੰਗਾਰਾ ਮਿਲਿਆ ਹੈ ਪਰ ਇਸ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਜਿੱਥੇ ਵੀ ਪੰਜਾਬੀ ਬੈਠੇ ਕਨੇਡਾ, ਅਸਟ੍ਰੇਲੀਆ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੀ ਪੂਰਾ ਹੁੰਗਾਰਾ ਮਿਲਿਆ ਹੈ ਅਤੇ ਆਉਣ ਵਾਲੀ ਤੀਸਰੀ ਪੁਸਤਕ ਵੀ ਬਹੁਤ ਛੇਤੀ ਪਾਠਕਾਂ ਦੇ ਹੱਥਾਂ ਵਿੱਚ ਹੋਵੇਗੀ ਮੈਂ ਵੀਰਪਾਲ ਕੌਰ ਤੇ ਪਵਨਦੀਪ ਕੌਰ ਨੂੰ ਇਸ ਉੱਦਮ ਲਈ ਬਹੁਤ ਬਹੁਤ ਮੁਬਾਰਕਬਾਦ ਦਿੰਦੀ ਹਾਂ ਤੇ ਦੁਆ ਕਰਦੀ ਹਾਂ ਕਿ ਉਹ ਹਮੇਸ਼ਾ ਲੋਕ ਗੀਤਾਂ ਨਾਲ ਜੁੜੀਆਂ ਰਹਿਣ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਨ੍ਹਾਂ ਦਾ ਸੰਗੀਤਕ ਸੰਚਾਰ ਕਰਨ ਦੇ ਉੱਦਮ ਕਰਦੀਆਂ ਰਹਿਣ।



**- ਅਰਵਿੰਦਰ ਸੰਧੂ,
ਸਿਰਸਾ (ਹਰਿਆਣਾ)**

# ਆਇਲਿਟਸ, ਮਜ਼ਬੂਰੀ-ਬਸ ਪ੍ਰਵਾਸ ਅਤੇ ਪੰਜਾਬ ਦੇ ਨੌਜਵਾਨ

**ਇਸ ਰੁਝਾਨ ਦਾ ਫਾਇਦਾ ਚੁਕਦਿਆਂ ਪੰਜਾਬ 'ਚ ਟਰੈਵਲ ਏਜੰਟਾਂ ਦੀ ਚਾਂਦੀ ਬਣੀ ਹੋਈ ਹੈ। ਆਇਲਿਟਸ ਸੈਂਟਰ ਹਰ ਛੋਟੇ -ਵੱਡੇ ਕਸਬੇ ਅਤੇ ਵੱਡੇ ਸ਼ਹਿਰਾਂ ਵਿੱਚ ਨਿੱਤ ਖੁੱਲ੍ਹਦੇ ਜਾ ਰਹੇ ਹਨ, ਜਿਥੇ ਨੌਜਵਾਨ ਮੁੰਡੇ , ਕੁੜੀਆਂ ਬਾਹਰਵੀਂ ਦੀ ਪੜ੍ਹਾਈ ਤੋਂ ਬਾਅਦ ਪੰਜ ਸਾਢੇ ਪੰਜ, ਛੇ, ਸਾਢੇ ਛੇ, ਸੱਤ, ਬੈਂਡ ਲੈਣ ਲਈ ਤਰਲੋ ਮੱਛੀ ਹੋਏ ਤੁਰੇ ਫਿਰਦੇ ਹਨ ਅਤੇ ਇਹਨਾਂ ਸੈਂਟਰਾਂ ਵਾਲਿਆਂ ਨੂੰ ਹਜ਼ਾਰਾਂ ਰੁਪਏ ਫੀਸਾਂ ਤਾਰ ਰਹੇ ਹਨ, ਜਿਹਨਾ ਉਤੇ ਇਹ ਫੀਸਾਂ ਵੱਧ ਜਾਂ ਘੱਟ ਉਗਰਾਉਣ ਦਾ ਸਰਕਾਰੀ ਕੁੰਡਾ ਵੀ ਕੋਈ ਨਹੀਂ। ਇਹਨਾ ਆਇਲਿਟਸ ਸੈਂਟਰਾਂ ਤੇ ਟਿਊਟਰਾਂ ਦਾ ਰੁਝਾਨ ਤਾਂ ਇਥੋਂ ਤੱਕ ਹੋ ਗਿਆ ਹੈ ਕਿ ਚੰਗੇ ਅੰਗਰੇਜ਼ੀ ਜਾਨਣ ਵਾਲੇ ਟੀਚਰ ਆਪਣੇ ਘਰਾਂ 'ਚ ਹੀ ਇਹਨਾ ''ਜ਼ਰੂਰਤਮੰਦਾਂ'' ਕੋਲੋਂ ਹਜ਼ਾਰਾਂ ਰੁਪਏ ਬਟੋਰ ਰਹੇ ਹਨ।**



**ਗੁਰਮੀਤ ਪਲਾਹੀ**
**91-98158-02070**

ਪ੍ਰਵਾਸੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਪੰਜਾਬ ਦੇ ਦੁਆਬੇ ਖਿੱਤੇ ਤੱਕ ਸੀਮਿਤ ਨਹੀਂ ਰਿਹਾ, ਹੁਣ ਤਾਂ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿੱਚ ਆ ਚੁੱਕਾ ਹੈ। ਸ਼ਹਿਰੀ ਕੀ, ਪੇਂਡੂ ਕੀ, ਉੱਚਿਆਂ ਘਰਾਂ ਵਾਲੇ ਕੀ, ਮੱਧਮ ਵਰਗਾਂ ਵਾਲੇ ਕੀ, ਹੁਣ ਤਾਂ ਸਧਾਰਨ ਕਾਮੇ ਦੇ ਪੁੱਤਰ- ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਇਲਿਟਸ ਪਾਸ ਕਰਕੇ ਵਿਦੇਸ਼ਾਂ ਵੱਲ ਉਡਾਰੀ ਮਾਰਨ ਦਾ ਜੁਗਾੜ ਬਣਾ ਰਹੇ ਹਨ। ਕੋਈ ਆਪਣਾ ਬੈਂਕ ਖਾਤਾ ਖਾਲੀ ਕਰ ਰਿਹਾ ਹੈ, ਇਸ ਕੰਮ ਵਾਸਤੇ, ਕੋਈ ਆਪਣਾ ਖੇਤ ਗਿਰਵੀ ਰੱਖ ਰਿਹਾ ਹੈ ਅਤੇ ਸਧਾਰਨ ਬੰਦਾ ਆਪਣਾ ਘਰ ਬੈਂਕ ਕੋਲ ਗਹਿਣੇ ਧਰ ਆਪਣੇ ਵਿਦੇਸ਼ ਜਾਣ ਵਾਲੇ ਮੁੰਡੇ-ਕੁੜੀ ਲਈ ਫੀਸ ਜੁਟਾਉਣ ਦਾ ਜੁਗਾੜ ਕਰ ਰਿਹਾ ਹੈ, ਇਹ ਕਹਿਕੇ ਕਿ ਇੱਕ ਵਾਰੀ ਦੀ ਫ਼ੀਸ ਜੋਗੇ ਪੈਸੇ ਹੋ ਜਾਣ ਭਾਵੇਂ ਭੈਣਾਂ, ਭਰਾਵਾਂ, ਰਿਸ਼ੇਤਾਦਾਰਾਂ ਤੋਂ ਉਧਾਰ ਲੈ ਕੇ, ਬਾਕੀ ਕਾਕਾ/ਕਾਕੀ ਆਪੇ ਜਾਕੇ ''ਵਿਦੇਸ਼ੀ ਦਰਖਤਾਂ'' ਤੋਂ ਤੋੜ ਲੈਣਗੇ। ਹੁਣ ਇਹ ਗੱਲ ਹੈਰਾਨੀ ਵਾਲੀ ਨਹੀਂ ਰਹੀ ਕਿ ਇੱਕ ਸਾਲ ਵਿੱਚ ਸਵਾ ਤੋਂ ਡੇਢ ਲੱਖ ਤੱਕ ਨੌਜਵਾਨ ਆਇਲਿਟਸ ਪਾਸ ਕਰਕੇ ਵਿਦੇਸ਼ੀ ਕਾਲਜਾਂ, ਯੂਨੀਵਰਸਿਟੀਆਂ ਦੀਆਂ ਭਾਰੀ ਭਰਕਮ ਫੀਸਾਂ ਤਾਰਕੇ, ਵੀਜ਼ੇ ਲੈ ਕੇ, ਜ਼ਹਾਜ਼ਾਂ ਦੇ ਹੂਟੇ ਲੈ ਰਹੇ ਹਨ, ਉਥੇ ਵਿਦੇਸ਼ ਜਾਕੇ ਉਹਨਾ ਦਾ ਕੀ ਬਣੇਗਾ, ਇਹ ''ਉਪਰਲੇ'' ਤੇ ਡੋਰ ਛੱਡਕੇ ਤੇ ਇਹ ਕਹਿਕੇ ਕਿ ਜੋ ਹੋਊ ਵੇਖੀ ਜਾਊ।

ਵਿਦੇਸ਼ ਜਾਣ ਦੇ ਇਸ ਰੁਝਾਨ ਦਾ ਕਾਰਨ ਭਾਵੇਂ ਬੇਰੁਜ਼ਗਾਰੀ ਹੋਵੇ ਜਾਂ ਪੰਜਾਬ 'ਚ ਪੱਸਰੇ ਨਸ਼ੇ ਤੇ ਮਾਪਿਆਂ ਦੀ ਆਪਣੀ ਔਲਾਦ ਨੂੰ ਇਹਨਾ ਤੋਂ ਬਚਾਉਣ ਦੀ ਤਰਕੀਬ। ਪਰ ਇਸ ਰੁਝਾਨ ਨੇ ਪੰਜਾਬ ਦੀ ਜੁਆਨੀ ਨੂੰ ਉਹਨਾ ਉਝੜੇ ਰਾਹਾਂ ਤੇ ਪਾ ਦਿੱਤਾ ਹੈ, ਜਿਥੇ ਉਹਨਾ ਨੂੰ ਇਹ ਨਹੀਂ ਪਤਾ ਕਿ ਉਹਨਾ ਦਾ ਭਵਿੱਖ ਕੀ ਹੋਏਗਾ? ਪਰ ਮਾਪੇ ਤੇ ਨੌਜਵਾਨ ਇਹ ਮੰਨਕੇ ਵਿਦੇਸ਼ ਤੁਰਦੇ ਜਾ ਰਹੇ ਹਨ ਕਿ ਪੰਜਾਬ ਦੀ ਭੈੜੀ ਹਾਲਤ ਨਾਲੋਂ ਤਾਂ ਉਹਨਾ ਦਾ ਹਾਲ ਵਿਦੇਸ਼ 'ਚ ਚੰਗਾ ਹੀ ਰਹੇਗਾ!

ਇਸ ਰੁਝਾਨ ਦਾ ਫਾਇਦਾ ਚੁਕਦਿਆਂ ਪੰਜਾਬ 'ਚ ਟਰੈਵਲ ਏਜੰਟਾਂ ਦੀ ਚਾਂਦੀ ਬਣੀ ਹੋਈ ਹੈ। ਆਇਲਿਟਸ ਸੈਂਟਰ ਹਰ ਛੋਟੇ -ਵੱਡੇ ਕਸਬੇ ਅਤੇ ਵੱਡੇ ਸ਼ਹਿਰਾਂ ਵਿੱਚ ਨਿੱਤ ਖੁੱਲ੍ਹਦੇ ਜਾ ਰਹੇ ਹਨ, ਜਿਥੇ ਨੌਜਵਾਨ ਮੁੰਡੇ , ਕੁੜੀਆਂ ਬਾਹਰਵੀਂ ਦੀ ਪੜ੍ਹਾਈ ਤੋਂ ਬਾਅਦ ਪੰਜ ਸਾਢੇ ਪੰਜ, ਛੇ, ਸਾਢੇ ਛੇ, ਸੱਤ, ਬੈਂਡ ਲੈਣ ਲਈ ਤਰਲੋ ਮੱਛੀ ਹੋਏ ਤੁਰੇ ਫਿਰਦੇ ਹਨ ਅਤੇ ਇਹਨਾਂ ਸੈਂਟਰਾਂ ਵਾਲਿਆਂ ਨੂੰ ਹਜ਼ਾਰਾਂ ਰੁਪਏ ਫੀਸਾਂ ਤਾਰ ਰਹੇ ਹਨ, ਜਿਹਨਾ ਉਤੇ ਇਹ ਫੀਸਾਂ ਵੱਧ ਜਾਂ ਘੱਟ ਉਗਰਾਉਣ ਦਾ ਸਰਕਾਰੀ ਕੁੰਡਾ ਵੀ ਕੋਈ ਨਹੀਂ। ਇਹਨਾ ਆਇਲਿਟਸ ਸੈਂਟਰਾਂ ਤੇ ਟਿਊਟਰਾਂ ਦਾ ਰੁਝਾਨ ਤਾਂ ਇਥੋਂ ਤੱਕ ਹੋ ਗਿਆ ਹੈ ਕਿ ਚੰਗੇ ਅੰਗਰੇਜ਼ੀ ਜਾਨਣ ਵਾਲੇ ਟੀਚਰ ਆਪਣੇ ਘਰਾਂ 'ਚ ਹੀ ਇਹਨਾ ''ਜ਼ਰੂਰਤਮੰਦਾਂ'' ਕੋਲੋਂ ਹਜ਼ਾਰਾਂ ਰੁਪਏ ਬਟੋਰ ਰਹੇ ਹਨ। ਇਸ ਤੋਂ ਵੀ ਅੱਗੇ ਇਹ ਲੁੱਟ ਅੰਬੈਸੀਆਂ ਵਲੋਂ ਵੀਜ਼ਾ ਫੀਸਾਂ ਦੇ ਵਾਧੇ ਦੇ ਰੂਪ 'ਚ ਵੇਖੀ ਜਾ ਸਕਦੀ ਹੈ ਅਤੇ ਜ਼ਾਹਲੀ ਵਿਦੇਸ਼ੀ ਕਾਲਜ, ਯੂਨੀਵਰਸਿਟੀਆਂ ਧੜਾ-ਧੜ ਦਾਖ਼ਲੇ ਦੇ ਕੇ ਇਹਨਾ ਵਿੱਦਿਆਰਥੀਆਂ ਤੋਂ ਡਾਲਰ ਇੱਕਠੇ ਕਰ ਲੈਂਦੀਆਂ ਹਨ, ਭਾਵੇਂ ਕਿ ਇਹਨਾਂ ਦੇ ਜ਼ਾਅਲੀ ਹੋਣ ਦਾ ਖਾਮਿਆਜ਼ਾ ਵਿੱਦਿਆਰਥੀਆਂ ਨੂੰ ਹੀ ਭੁਗਤਣਾ ਪੈਂਦਾ ਹੈ। ਹੈਰਾਨੀ ਵਾਲੀ ਗੱਲ ਤਾਂ ਇਸ ਤੋਂ ਵੀ ਉਪਰ ਹੈ ਕਿ ਪੰਜਾਬ ਦੀ ਸਰਕਾਰ ਜਿਸਦੇ ਜ਼ੁੰਮੇ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦਾ ਜ਼ੁੰਮਾ ਹੈ, ਉਹ ਇਹਨਾ ਨੌਜਵਾਨਾਂ ਨੂੰ ਆਪਣੇ ਗਲੋਂ ਲਾਹੁਣ ਲਈ ''ਆਇਲਿਟਸ'' ਦੀ ਤਿਆਰੀ ਲਈ ਆਇਲਿਟਸ ਸੇਂਟਰ ਖੋਲ੍ਹਣ ਦੀ ਤਿਆਰੀ ਕਰਦੇ ਦੱਸੇ ਜਾਂਦੇ ਹਨ, ਇਹ ਉਡਦੀਆਂ-ਉਡਦੀਆਂ ਖ਼ਬਰਾਂ ਹਨ।

ਪਰ ਇਸ ਰੁਝਾਨ ਦਾ ਖਾਮਿਆਜ਼ਾ ਸਭ ਤੋਂ ਵੱਧ ਸੂਬੇ ਪੰਜਾਬ ਵਿੱਚ ਖੁਲ੍ਹੇ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੇ ਕਾਲਜਾਂ ਅਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ। ਜਿਹਨਾ ਦੀਆਂ ਨੀਅਤ ਮਨਜ਼ੂਰਸ਼ੁਦਾ ਸੀਟਾਂ ਵੀ ਪੂਰੀਆਂ ਭਰ ਨਹੀਂ ਹੋ ਰਹੀਆਂ। ਸੂਬੇ ਵਿੱਚ 100 ਇੰਜੀਨੀਰਿੰਗ ਕਾਲਜ ਤੇ ਦੋ ਸਰਕਾਰੀ ਯੂਨੀਵਰਸਿਟੀਆਂ ਹਨ, ਜਿਹਨਾ ਵਿੱਚ 43200 ਸੀਟਾਂ ਮਕੈਨੀਕਲ, ਇਲੈਕਟ੍ਰੀਕਲ, ਸਿਵਲ ਇਲੈਕਟ੍ਰੋਨਿਕਸ, ਕੰਪਿਊਟਰ ਆਦਿ ਬੀ.ਟੈਕ. ਡਿਗਰੀ ਲਈ ਹਨ। ਐਮ.ਬੀ.ਏ. ਦੀਆਂ ਸੀਟਾਂ ਵੱਖਰੀਆਂ ਹਨ। ਇਸ ਦੇ ਨਾਲ ਆਈ.ਆਈ.ਟੀ. ਰੋਪੜ ਅਤੇ ਸੰਤ ਲੌਂਗੋਵਾਲ ਇੰਜੀਨੀਰਿੰਗ ਦੀ ਡੀਮਡ ਯੂਨੀ-ਵਰਸਿਟੀ ਹੈ, ਜੋ ਵੱਖੋ-ਵੱਖਰੇ ਕੋਰਸ ਚਲਾ ਰਹੀ ਹੈ। ਇਹਨਾ ਸਾਰਿਆਂ ਸੰਸਥਾਵਾਂ ਵਿੱਚ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਮਨਜ਼ੂਰ ਸੀਟਾਂ ਹਨ, ਪਰ ਉਹ ਭਰ ਨਹੀਂ ਰਹੀਆਂ। ਇਹਨਾ ਕਾਲਜਾਂ ਵਿੱਚ ਬਹੁਤੇ ਬੰਦ ਹੋਣ ਕਿਨਾਰੇ ਹਨ। ਜਦੋਂ ਇਹ ਇੰਜੀਨੀਰਿੰਗ ਕਾਲਜ ਖੁੱਲ੍ਹੇ ਸਨ, ਉਦੋਂ ਸੂਬੇ ਦੇ ਆਰਟਸ ਕਾਲਜ ਬੰਦ ਹੋਣ ਕਿਨਾਰੇ ਹੋ ਗਏ ਸਨ। ਹੁਣ ਪ੍ਰੋਫੈਸ਼ਨਲ ਕਾਲਜਾਂ, ਡਿਗਰੀ ਆਰਟਸ ਕਾਲਜਾਂ ਅਤੇ ਇਥੋਂ ਤੱਕ ਕਿ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਨੂੰ ਪੜ੍ਹਾਈ ਕਰਾਉਣ ਲਈ ਲੋੜੀਂਦੇ ਵਿਦਿਆਰਥੀ ਨਹੀਂ ਮਿਲ ਰਹੇ, ਸਿੱਟੇ ਵਜੋਂ ਇਹਨਾ ਪ੍ਰਾਈਵੇਟ ਸੰਸਥਾਵਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਦਾ ਸੰਕਟ ਖੜਾ ਹੋ ਚੁੱਕਾ ਹੈ। ਉਪਰੋਂ ਇਹਨਾਂ ਸੰਸਥਾਵਾਂ ਲਈ ਵਿੱਤੀ ਸੰਕਟ ਉਦੋਂ ਹੋਰ ਵੀ ਵੱਡਾ ਦਿਖਾਈ ਦਿੰਦਾ ਹੈ, ਜਦੋਂ ਉਹਨਾ ਨੂੰ ਐਸ ਸੀ, ਐਸ ਟੀ ਵਰਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਦਾਖ਼ਲਾ ਦੇਣਾ ਪੈਂਦਾ ਹੈ, ਪਰ ਉਹਨਾ ਦੀ ਫੀਸ, ਫੰਡ ਕੇਂਦਰ ਸਰਕਾਰ ਵਲੋਂ ਉਹਾਨ ਨੂੰ ਮੁਹੱਈਆ ਹੀ ਨਹੀਂ ਹੁੰਦੇ ਜਾਂ ਸਮੇਂ ਸਿਰ ਮੁਹੱਈਆ ਨਹੀਂ ਹੁੰਦੇ। ਪਰ ਅਸਲ ਵਿੱਚ ਤਾਂ ਇਹਨਾ ਯੂਨੀਰਵਸਿਟੀਆਂ , ਕਾਲਜਾਂ ਦਾ ਸੰਕਟ, ਦਾਖ਼ਲੇ ਲਈ ਵਿੱਦਿਆਰਥੀਆਂ ਦੀ ਕਮੀ ਹੈ, ਕਿਉਂਕਿ ਪਲੱਸ-ਟੂ ਕਰਨ ਉਪਰੰਤ ਵਿੱਦਿਆਰਥੀ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ।

ਇਹ ਤੱਥ ਵੀ ਕੁਝ ਲੁਕਿਆ-ਛੁਪਿਆ ਨਹੀਂ ਕਿ ਪੰਜਾਬ ਦੇ ਆਇਲਿਟਸ ਸੈਂਟਰ ਵੱਡੀ ਕਮਾਈਆਂ ਕਰ ਰਹੇ ਹਨ ਅਤੇ ਇਹਨਾ ਸੈਂਟਰਾਂ ਵਿੱਚ ਹਰ ਸਾਲ ਤਿੰਨ ਤੋਂ ਚਾਰ ਲੱਖ ਵਿੱਦਿਆਰਥੀ ਟਰੇਨਿੰਗ ਪ੍ਰਾਪਤ ਕਰਦੇ ਹਨ। ਕਈ ਵਿੱਦਿਆਰਥੀ ਅੰਗਰੇਜ਼ੀ ਬੋਲਣ ਦੀ ਟ੍ਰੇਨਿੰਗ ਲੈਂਦੇ ਹਨ। ਕਈ ਵਿੱਦਿਆਰਥੀ ਘੱਟ ਬੈਂਡ ਪਰਾਪਤ ਕਰਨ ਕਾਰਨ ਮੁੜ-ਮੁੜ ਕੋਚਿੰਗ ਲੈਣ ਲਈ ਸੈਂਟਰਾਂ ਤੇ ਪੁੱਜਦੇ ਹਨ। ਇਹਨਾ ਵਿੱਦਿਆਰਥੀਆਂ ਵਿੱਚ ਪਿੰਡਾਂ ਦੇ ਉਹਨਾ ਮੁੰਡੇ-ਕੁੜੀਆਂ ਦੀ ਤਾਂ ਕਮੀ ਹੀ ਨਹੀਂ, ਜਿਹੜੇ ਸ਼ਹਿਰਾਂ ਦੇ ਪਬਲਿਕ ਸਕੂਲਾਂ ਵਿੱਚ ਅੰਗਰੇਜ਼ੀ ਮਾਧਿਆਮ 'ਚ ਪਹਿਲੀ ਜਮਾਤ ਤੋਂ ਸਿੱਖਿਆ ਪ੍ਰਾਪਤ ਕਰਦੇ ਹਨ, ਪਰ ਹੁਣ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਦੇ ਪੇਂਡੂ ਸ਼ਹਿਰੀ ਵਿੱਦਿਆਰਥੀ ਵੀ ਰੀਸੋ-ਰੀਸੀ ਇਸ ਇਮਤਿਹਾਨ ਵਿੱਚ ਬੈਠਦੇ ਹਨ, ਕਈ ਪਾਸ ਹੁੰਦੇ ਹਨ ਪਰ ਬਹੁਤੇ ਘੱਟ ਬੈਂਡ ਲੈਕੇ ਨਿਰਾਸ਼ਤਾ ਦੇ ਆਲਮ ਵਿੱਚ, ਨਾ ਇਧਰ ਜੋਗੇ ਰਹਿੰਦੇ ਹਨ, ਨਾ ਉਧਰ ਜੋਗੇ। ਬਿਨ੍ਹਾਂ ਸ਼ੱਕ ਉੱਚ ਸਿੱਖਿਆ ਲਈ ਵਿਦੇਸਾਂ ਨੂੰ ਜਾਣਾ ਮਾੜੀ ਗੱਲ ਨਹੀਂ ਹੈ। ਪਰ ਉੱਚ ਸਿੱਖਿਆ ਦੇ ਨਾਮ ਉਤੇ ਵਿਦੇਸ਼ਾਂ ਵਿੱਚ ਜਾਕੇ ਹੀਲੇ-ਵਸੀਲੇ ਉਥੇ ਹੀ ਟਿੱਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਜੁਆਨੀ ਦਾ ਪੰਜਾਬ ਵਿੱਚੋਂ ਪ੍ਰਵਾਸ ਪੰਜਾਬ 'ਚ ਸਭਿਆਚਾਰਕ ਸੰਕਟ ਤਾਂ ਪੈਦਾ ਕਰ ਹੀ ਰਿਹਾ ਹੈ, ਪਰ ਨਾਲ ਦੀ ਨਾਲ ਅਰਬਾਂ ਰੁਪਏ ਹਰ ਸਾਲ ਪੰਜਾਬੋਂ ਬਾਹਰ ਵੱਡੀਆਂ ਫੀਸਾਂ ਦੇ ਰੂਪ 'ਚ ਵਿਦੇਸ਼ੀ ਯੂਨੀਵਰਸਿਟੀਆਂ/ ਕਾਲਜਾਂ ਕੋਲ ਜਾ ਰਿਹਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਿਕ ਸੰਕਟ 'ਚ ਗ੍ਰਸਿਆ ਪਿਆ ਹੈ, ਇਸਦੀ ਕਿਸਾਨੀ ਪਹਿਲਾਂ ਹੀ ਮਾਨਸਿਕ ਤੌਰ 'ਤੇ ਟੁੱਟ ਚੁੱਕੀ ਹੈ, ਉਸ ਉਤੇ ਅਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉਤੇ ਇਹ ਪਹਾੜ ਜਿੱਡਾ ਆਰਥਿਕ ਨਾ ਸਹਿਣਯੋਗ ਬੋਝ ਪੈਣਾ, ਉਸਨੂੰ ਮਾਨਸਿਕ ਤੌਰ 'ਤੇ ਤੋੜ ਰਿਹਾ ਹੈ। ਪਹਿਲਾਂ ਤਾਂ ਕਿਹਾ ਜਾਂਦਾ ਸੀ ਕਿ ਪੰਜਾਬ ਦੇ 90 ਫੀਸਦੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ, ਪਰ ਹੁਣ ਤਾਂ ਇਗ ਗੱਲ ਦੁੱਧ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਹਰ ਪੰਜਾਬੀ ਵੱਡੇ ਕਰਜ਼ੇ ਦੀ ਮਾਰ ਹੇਠ ਫਸ ਚੁੱਕਾ ਹੈ, ਇਹ ਆਸ ਲੈਕੇ ਕਿ ਉਸਦੇ ਬੱਚਿਆਂ ਦਾ ਭਵਿੱਖ ''ਪ੍ਰਵਾਸ ਹੰਢਾਉਣ'' 'ਚ ਹੀ ਹੈ ਅਤੇ ''ਜਬਰੀ ਪ੍ਰਵਾਸ'' ਹੀ ਉਸ ਨੂੰ ਥੋੜ੍ਹੀ ਬਹੁਤੀ ਖੁਸ਼ੀ ਪ੍ਰਦਾਨ ਕਰ ਸਕਦਾ ਹੈ।

ਪੰਜਾਬ ਜਿਹੜਾ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਵੱਧ ਕੈਂਸਰ ਦੇ ਮਰੀਜ਼ ਆਪਣੀ ਗੋਦੀ ਲਈ ਬੈਠਾ ਹੈ। ਪੰਜਾਬ ਜਿਹੜਾ ਦੇਸ਼ 'ਚ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਕੇ ਆਪ ਰੇਗਿਸਤਾਨ ਬਣਨ ਵੱਲ ਪੁਲਾਘਾਂ ਪੁੱਟ ਰਿਹਾ ਹੈ। ਉਹ ਪੰਜਾਬ ਸਭਿਆਚਾਰਕ ਤੇ ਆਰਥਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਟੁੱਟ ਰਿਹਾ ਹੈ।

ਲੋੜ ਇਸ ਅਣਚਾਹੇ ਪ੍ਰਵਾਸ ਨੂੰ ਰੋਕਣ ਦੀ ਹੈ, ਉਤਸ਼ਾਹਤ ਕਰਨ ਦੀ ਨਹੀਂ। ਪੰਜਾਬ ਸਰਕਾਰ ਆਇਲਿਟਸ ਸੈਂਟਰ ਕੋਚਿੰਗ ਸੈਂਟਰ ਖੋਲ੍ਹਣ ਦੀ ਥਾਂ ਕਾਲਜਾਂ/ ਯੂਨੀਵਰਸਿਟੀਆਂ 'ਚ ਦੇਸ਼ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠਣ ਲਈ ਕੋਚਿੰਗ ਸੈਂਟਰ ਖੋਹਲੇ। ਸਰਕਾਰ ਉਹਨਾ ਕਾਲਜਾਂ/ ਯੂਨੀਵਰਸਿਟੀਆਂ 'ਚ ਵੋਕੇਸ਼ਨਲ ਕੋਰਸ ਚਾਲੂ ਕਰੇ ਜਿਥੇ ਇੰਜੀਨਿਰਿੰਗ ਦੀਆਂ ਮਨਜ਼ੂਰਸ਼ੁਦਾ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਤੇ ਸੂਬੇ ਦੇ ਕਾਰਖਾਨੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਟੈਕਨੀਸ਼ਨਾਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰੇ ਜਿਹਨਾ ਦੀ ਵੱਡੀ ਘਾਟ ਹੈ। ਸੂਬੇ ਵਲੋਂ ਚਲਾਏ ਜਾ ਰਹੇ ਪੌਲੀਟੈਕਨਿਕਾਂ, ਆਈ ਟੀ ਆਈ ਅਦਾਰਿਆਂ 'ਚ ਮਲਟੀ ਸਕਿੱਲ ਪ੍ਰੈਕਟੀਕਲ ਕੋਰਸ ਚਾਲੂ ਕਰਕੇ, ਇਹਨਾ ਨੌਜਵਾਨਾਂ ਨੂੰ ਸਵੈ-ਰੁਜ਼ਗਾਰਤ ਕਰੇ। ਇਸ ਤੋਂ ਵੀ ਵੱਡੀ ਗੱਲ ਇਹ ਕਿ ਮੁਫ਼ਤ ਅੰਨ ਦਾਣਾ ਦੇਣ ਦੀਆਂ ਸਕੀਮਾਂ ਦੀ ਥਾਂ ਹਰ ਘਰ ਵਿੱਚ ਘੱਟੋ-ਘੱਟ ਇੱਕ ਜੀਅ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ ਅਤੇ ਉਹ ਸਾਰੀਆਂ ਸਰਕਾਰੀ ਨੌਕਰੀਆਂ ਭਰੇ, ਜਿਹਨਾ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕ, ਦਫ਼ਤਰਾਂ 'ਚ ਕਲਰਕ, ਕੰਪਿਊਟਰ ਉਪਰੇਟਰ, ਵੱਖੋ-ਵੱਖਰੇ ਮਹਿਕਮਿਆਂ 'ਚ ਟੈਕਨੀਕਲ ਸਟਾਫ ਸ਼ਾਮਲ ਹਨ ਅਤੇ ਜਿਹਨਾ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਸਾਲਾਂ ਤੋਂ ਭਰਨ ਤੋਂ ਪਈਆਂ ਹਨ। ਤਦੇ ਇਸ ਪ੍ਰਵਾਸ ਨੂੰ ਠੱਲ ਪਏਗੀ, ਅਤੇ ਮਾਪੇ ਸਰਕਾਰ ਉਤੇ ਯਕੀਨ ਕਰਕੇ ਆਪਣੇ ਲਾਡਲਿਆਂ ਨੂੰ ਮਜ਼ਬੂਰੀ-ਬੱਸ ਵਿਦੇਸ਼ਾਂ ਦੇ ਔਝੜੇ ਰਾਹਾਂ ਤੇ ਭੇਜਣ ਲਈ ਮਜ਼ਬੂਰ ਨਹੀਂ ਹੋਣਗੇ।

# ਡੇਢ-ਕੁ ਵਰ੍ਹੇ ਬਾਅਦ ਅਕਾਲੀ ਦਲ ਸੌ ਵਰ੍ਹਿਆਂ ਦਾ ਹੋਣ ਜਾ ਰਿਹੈ!



**ਜਸਵੰਤ ਸਿੰਘ 'ਅਜੀਤ'**
91 9 827-19890

ਲਗਭਗ ਡੇਢ ਵਰ੍ਹੇ ਬਾਅਦ, ਅਰਥਾਤ 24 ਜਨਵਰੀ 2021 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੋਇਆਂ ਸੌ (100) ਵਰ੍ਹੇ ਪੂਰੇ ਹੋਣ ਜਾ ਰਹੇ ਹਨ। ਅਜਿਹੇ ਸਮੇਂ ਅਕਾਲੀ ਦਲ ਦੀ ਸਥਾਪਨਾ ਨੂੰ ਲੈ ਕੇ, ਉਸਦੇ ਬੀਤੇ ਇਤਿਹਾਸ ਪੁਰ ਇੱਕ ਉਚਟਦੀ ਨਜ਼ਰ ਮਾਰ ਲੈਣਾ ਗਲਤ ਨਹੀਂ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਇਤਿਹਾਸ ਦੇ ਅਨੁਸਾਰ ਜਦੋਂ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅਰੰਭ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ ਤਾਂ ਉਸ ਸਮੇਂ ਉਸਦਾ ਜੋ ਸੰਵਿਧਾਨ ਤਿਆਰ ਕੀਤਾ ਗਿਆ, ਤਾਂ ਉਸ ਸਮੇਂ ਉਸ ਵਿਚ ਇਕ ਤਾਂ ਇਹ ਗਲ ਨਿਸ਼ਚਿਤ ਕੀਤੀ ਗਈ ਕਿ ਇਹ ਜਥੇਬੰਦੀ ਗੁਰਧਾਮਾਂ ਵਿਚ ਧਾਰਮਕ ਮਰਿਆਦਾਵਾਂ, ਪਰੰਪਰਾਵਾਂ ਅਤੇ ਮਾਨਤਾਵਾਂ ਦੇ ਪਾਲਣ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਵੇਗੀ ਅਤੇ ਦੂਸਰੀ ਗਲ ਇਹ ਕਿ ਇਸ ਦਾ ਸੰਗਠਨ ਪੂਰਣ-ਰੂਪ ਵਿਚ ਲੋਕਤਾਂਤ੍ਰਿਕ ਮਾਨਤਾਵਾਂ ਦੇ ਆਧਾਰ ਤੇ ਹੀ ਕੀਤਾ ਜਾਇਗਾ। ਸੰਵਿਧਾਨ ਵਿੱਚ ਇਸਨੂੰ ਹੋਂਦ ਵਿੱਚ ਲਿਆਉਣ ਦਾ ਮੁਖ ਮੰਤਵ, 'ਗੁਰਮਤਿ ਤੇ ਰਹਿਤ ਮਰਿਆਦਾ ਦਾ ਪ੍ਰਚਾਰ ਕਰਨ ਦੇ ਨਾਲ ਹੀ ਨਾਸਤਕਤਾ ਦੇ ਨਾਸ਼ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਦੇ ਸੁਧਾਰ ਅਤੇ ਸੇਵਾ-ਸੰਭਾਲ ਲਈ ਉਦਮ ਕਰਨਾ', ਮਿਥਿਆ ਗਿਆ।

**ਸ਼੍ਰੋਮਣੀ ਅਕਾਲੀ ਦਲ ਦਾ ਸੰਗਠਨ :** ਇਸਦੇ ਸੰਗਠਨ ਦੇ ਗਠਨ / ਪੁਨਰਗਠਨ ਦੇ ਲਈ, ਸਭ ਤੋਂ ਪਹਿਲਾਂ ਭਰਤੀ ਕੀਤੀ ਜਾਂਦੀ, ਫਿਰ ਭਰਤੀ ਰਾਹੀਂ ਬਣੇ ਮੈਂਬਰਾਂ ਵਲੋਂ ਆਪੋ-ਆਪਣੇ ਇਲਾਕੇ ਦੇ ਜਥਿਆਂ ਦਾ ਗਠਨ ਕੀਤਾ ਜਾਂਦਾ। ਇਲਾਕਿਆਂ ਦੇ ਜਥਿਆਂ ਦੇ ਪ੍ਰਤੀਨਿਧੀ ਮਿਲ-ਬੈਠ ਕੇ ਸ਼ਹਿਰੀ ਜਥੇ ਬਣਾਉਂਦੇ ਅਤੇ ਸ਼ਹਿਰੀ ਜਥਿਆਂ ਦੇ ਪ੍ਰਤੀਨਿਧੀ ਜ਼ਿਲਾ ਜਥੇ ਕਾਇਮ ਕਰਦੇ। ਉਨ੍ਹਾਂ ਜ਼ਿਲਾ ਜਥਿਆਂ ਦੇ ਪ੍ਰਤੀਨਿਧੀ ਪ੍ਰਾਂਤਕ ਜਥਿਆਂ ਦੇ ਗਠਨ ਦਾ ਆਧਾਰ ਬਣਦੇ ਸਨ। ਇਲਾਕਾਈ ਜਥਿਆਂ ਦੇ ਗਠਨ ਤੋਂ ਲੈ ਕੇ ਕੇਂਦਰੀ ਸੰਗਠਨ ਦੇ ਪ੍ਰਧਾਨ ਤੇ ਦੂਜੇ ਅਹੁਦੇਦਾਰਾਂ ਅਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਤਕ ਦੀ ਚੋਣ ਦੀ ਸਾਰੀ ਪ੍ਰਕ੍ਰਿਆ ਲੋਕਤਾਂਤ੍ਰਿਕ ਮਾਨਤਾਵਾਂ ਦਾ ਪਾਲਣ ਕਰਦਿਆਂ ਪੂਰੀ ਕੀਤੀ ਜਾਂਦੀ ਸੀ। ਕਿਸੇ ਵੀ ਪੱਧਰ ਤੇ ਨਾਮਜ਼ਦਗੀ ਨਹੀਂ ਸੀ ਕੀਤੀ ਜਾਂਦੀ। ਇਸਤਰ੍ਹਾਂ ਬਣਿਆ ਸੰਗਠਨ ਦਾ ਸਰੂਪ, ਸਮੁਚੇ ਪੰਥ ਨੂੰ ਪ੍ਰਵਾਨ ਹੁੰਦਾ ਸੀ। ਉਸ ਸਮੇਂ ਦਲ ਦੇ ਕੌਮੀ ਪ੍ਰਧਾਨ ਤੋਂ ਲੈ ਕੇ ਇਲਾਕਾਈ ਜਥੇ ਦੇ ਪ੍ਰਧਾਨ ਤਕ, ਕਿਸੇ ਵਿਅਕਤੀ-ਵਿਸ਼ੇਸ਼ ਦੇ ਨਹੀਂ, ਸਗੋਂ ਸਮੁਚੇ ਪੰਥ ਦੇ ਪ੍ਰਤੀ ਜਵਾਬ-ਦੇਹ ਹੁੰਦੇ ਸਨ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦਾ ਹਰ ਮੁਖੀ ਪੰਥ ਸਾਹਮਣੇ ਜਵਾਬ-ਦੇਹ ਹੁੰਦਾ ਸੀ, ਜਿਸ ਕਾਰਣ ਉਹ ਪੰਥ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਸੀ।

ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਆਮ ਸਿੱਖਾਂ ਦਾ ਵਿਸ਼ਵਾਸ ਜਿੱਤ ਪੰਥਕ ਹਿੱਤ ਵਿੱਚ ਮੋਰਚੇ ਲਾਏ ਅਤੇ ਇਨ੍ਹਾਂ ਮੋਰਚਿਆਂ ਵਿੱਚ ਸਿੱਖਾਂ ਨੇ ਬਿਨਾਂ ਕਿਸੇ ਲੋਭ ਲਾਲਚ ਦੇ ਸ਼ਾਮਲ ਹੋ ਉਸਦੀ ਸ਼ਕਤੀ ਵਿੱਚ ਹੋ ਰਹੇ ਵਾਧੇ ਦਾ ਪ੍ਰਦਰਸ਼ਨ ਕਰਨਾ ਸ਼ੁਰੂ ਕੀਤਾ ਤਾਂ ਇਸ ਸ਼ਕਤੀ ਦੀ ਵਰਤੋਂ ਆਪਣੇ ਹਿੱਤ ਵਿੱਚ ਕਰਨ ਦੇ ਸੁਆਰਥ ਦੀ ਭਾਵਨਾ ਨੇ ਅਖੌਤੀ ਪੰਥਕ ਆਗੂਆਂ ਵਿਚ ਜ਼ੋਰ ਪਕੜਨਾ ਸ਼ੁਰੂ ਕੀਤਾ ਤੇ ਇਸ ਲੋਕ ਸ਼ਕਤੀ ਦੇ ਸਹਾਰੇ ਉਨ੍ਹਾਂ ਦੇ ਦਿਲ ਵਿਚ ਸੱਤਾ ਲਾਲਸਾ ਨੇ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਦਿੱਤੀ। ਫਲਸਰੂਪ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਨਿਜੀ ਜਗੀਰ ਸਮਝਣ ਲਗ ਪਏ। ਨਤੀਜਾ ਇਹ ਹੋਇਆ ਕਿ ਆਹਿਸਤਾ-ਆਹਿਸਤਾ ਸ਼੍ਰੋਮਣੀ ਅਕਾਲੀ ਦਲ ਵਿਚ ਲੋਕਤਾਂਤ੍ਰਿਕ ਪ੍ਰਕ੍ਰਿਆ ਪੁਰ ਅਮਲ ਕੀਤਾ ਜਾਣਾ ਬੰਦ ਹੋਣਾ ਸ਼ੁਰੂ ਹੋ ਗਿਆ। ਇਸਤਰ੍ਹਾਂ ਜਦੋਂ ਦਲ ਪੁਰ ਵਿਅਕਤੀ-ਵਿਸ਼ੇਸ਼ ਦੀ ਸੱਤਾ ਕਾਇਮ ਹੋਣ ਲਗੀ, ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਵਿਚ ਟੁਟ-ਭਜ ਵੀ ਹੋਣ ਲਗ ਪਈ। ਅਕਾਲੀ ਦਲਾਂ ਦੇ ਨਾਂ ਦੇ ਨਾਲ ਸੰਤ, ਮਾਸਟਰ, ਸੰਤ, ਲੌਂਗੋਵਾਲ, ਬਰਨਾਲਾ, ਮਾਨ ਅਤੇ ਬਾਦਲ ਆਦਿ ਦੇ ਨਾਂ ਜੁੜਨ ਲਗ ਪਏ। ਨਤੀਜੇ ਵਜੋਂ ਇਕ ਤੋਂ ਬਾਅਦ ਇਕ ਕਰ ਨਵੇਂ ਤੋਂ ਨਵੇਂ ਅਕਾਲੀ ਦਲ ਹੋਂਦ ਵਿੱਚ ਆਉਂਦੇ ਗਏ। ਜਿਸਤਰ੍ਹਾਂ ਇਨ੍ਹਾਂ ਅਕਾਲੀ ਦਲਾਂ ਦੇ ਨਾਂ ਨਾਲ ਨਿਜੀ ਵਿਅਕਤੀਆਂ ਦੇ ਨਾਂ ਜੁੜਨ ਲਗੇ, ਉਸ ਨਾਲ ਇਹ ਅਕਾਲੀ ਦਲ ਸਮੁਚੇ ਪੰਥ ਦੇ ਪ੍ਰਤੀਨਿਧ ਨਾ ਰਹਿ ਕੇ 'ਪ੍ਰਾਈਵੇਟ ਲਿ. ਕੰਪਨੀਆਂ' ਬਣਨ ਲਗ ਪਏ। ਜੋ ਜਿਸ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਜਾਂ ਦੂਜੇ ਸਬਦਾਂ ਵਿਚ ਪ੍ਰਾਈਵੇਟ ਲਿ. ਕੰਪਨੀ ਦਾ ਚੇਅਰਮੈਨ ਹੁੰਦਾ, ਉਹ ਨਾ ਕੇਵਲ ਆਪਣੀ ਵਰਕਿੰਗ ਕਮੇਟੀ (ਬੋਰਡ ਆਫ ਡਾਇਰੈਕਟਰਸ) ਦਾ ਆਪ ਹੀ ਗਠਨ ਕਰਦਾ, ਸਗੋਂ ਉਪਰ ਤੋਂ ਹੇਠਾਂ ਤਕ ਦੀਆਂ ਨਿਯੁਕਤੀਆਂ ਵੀ ਉਹ ਆਪਣੀ ਇੱਛਾ-ਅਨੁਸਾਰ ਤੇ ਵਫਾਦਾਰੀ ਦੇ ਆਧਾਰ ਤੇ ਹੀ ਕਰਦਾ।

ਅਜ ਸਿੱਖਾਂ ਦੀਆਂ ਵਡੀਆਂ ਧਾਰਮਕ ਸੰਸਥਾਵਾਂ ਪੁਰ ਅਕਾਲੀ ਦਲਾਂ ਦੀ ਹੀ ਸੱਤਾ ਕਾਇਮ ਹੈ। ਇਨ੍ਹਾਂ ਸੰਸਥਾਵਾਂ ਦਾ ਪ੍ਰਬੰਧਕੀ ਢਾਂਚਾ ਜਿਸਤਰ੍ਹਾਂ ਦਾ ਕੰਮ ਕਰ ਰਿਹਾ ਹੈ, ਉਸਦੀ ਘੋਖ ਕੀਤਿਆਂ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਵਡੀਆਂ ਧਾਰਮਕ ਸਮਸਥਾਵਾਂ ਵਿਚ ਭਰਿਸ਼ਟਾਚਾਰ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਜ਼ਾਬਤਾ ਦੰਮ ਤੋੜਦਾ ਵਿਖਾਈ ਦੇ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲਾਂ ਦੇ ਮੁਖੀਆਂ ਨੇ ਧਾਰਮਕ ਮਰਿਆਦਾਵਾਂ ਦੇ ਪਾਲਣ ਅਤੇ ਪਰੰਪਰਾਵਾਂ ਦੀ ਰਖਿਆ ਕਰਨ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਧਾਰਮਕ ਜਥੇਬੰਦੀਆਂ ਨੂੰ ਸਹਿਯੋਗ ਦੇਣ ਪ੍ਰਤੀ ਜ਼ਿਮੇਂ-ਦਾਰੀ ਨਿਭਾਉਣ ਦੀ ਬਜਾਏ, ਇਨ੍ਹਾਂ ਸੰਸਥਾਵਾਂ ਨੂੰ ਰਾਜਨੀਤੀ ਵਿਚ ਸਥਾਪਤ ਹੋਣ ਲਈ ਪੌੜੀ ਵਜੋਂ ਇਸਤੇਮਾਲ ਕਰਨ ਦੇ ਉਦੇਸ਼ ਨਾਲ ਹੀ, ਇਨ੍ਹਾਂ ਦੀ ਸੱਤਾ ਪੁਰ ਆਪਣਾ ਕਬਜ਼ਾ ਕਾਇਮ ਕਰਨ ਅਤੇ ਕਾਇਮ ਰਖਣ ਲਈ ਹਰ ਤਰ੍ਹਾਂ ਦੇ ਜਾਇਜ਼-ਨਾਜਾਇਜ਼ ਹਥਕੰਡੇ ਅਪਨਾਉਣੇ ਸ਼ੁਰੂ ਕਰ ਦਿਤੇ ਹਨ। ਮੈਂਬਰਾਂ ਦਾ ਸਹਿਯੋਗ ਅਤੇ ਸਮਰਥਨ ਪ੍ਰਾਪਤ ਕਰੀ ਰਖਣ ਲਈ, ਉਨ੍ਹਾਂ ਦੇ ਸਾਹਮਣੇ ਗੋਡੇ ਟੇਕੇ ਜਾਣ ਲਗੇ ਹਨ। ਮੈਂਬਰ ਇਸ ਸਥਿਤੀ ਦਾ ਪੂਰਾ-ਪੂਰਾ ਲਾਭ ਉਠਾਣ ਲਈ ਤਤਪਰ ਹੋ ਗਏ ਹੋਏ ਹਨ। ਉਹ ਆਪਣਾ ਸਹਿਯੋਗ ਤੇ ਸਮਰਥਨ ਦੇਣ ਦਾ ਪੂਰਾ-ਪੂਰਾ ਮੁਲ ਵਸੂਲ ਕਰਨ ਲਗੇ ਹਨ। ਇਸ ਸਥਿਤੀ ਦੇ ਸੰਬੰਧ ਵਿਚ ਜਦੋਂ ਕੁਝ ਬਜ਼ੁਰਗ ਤੇ ਟਕਸਾਲੀ ਆਗੂਆਂ ਨਾਲ ਗਲ ਕੀਤੀ ਤਾਂ ਉਨ੍ਹਾਂ ਬੜੇ ਹੀ ਦੁਖ ਭਰੇ ਲਹਿਜੇ ਵਿੱਚ ਕਿਹਾ ਕਿ ਅਸਾਂ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਲਗੇ ਮੋਰਚਿਆਂ ਵਿਚ ਸ਼ਾਮਲ ਹੋ ਕੁਰਬਾਨੀਆਂ ਇਸ ਕਰਕੇ ਨਹੀਂ ਸੀ ਦਿਤੀਆਂ, ਕਿ ਇਹ ਪੰਥਕ-ਜਥੇਬੰਦੀ ਗ਼ੈਰ-ਪੰਥਕਾਂ ਦੇ ਹਵਾਲੇ ਕਰ ਦਿਤੀ ਜਾਏ, ਇਸ ਪੁਰ ਉਹ ਵਿਅਕਤੀ ਕਾਬਜ਼ ਹੋ ਜਾਣ, ਜਿਨ੍ਹਾਂ ਦੇ ਦਿਲ ਵਿਚ ਪੰਥ ਦੀ ਸੇਵਾ ਕਰਨ, ਗੁਰਧਾਮਾਂ ਦੀ ਪਵਿਤ੍ਰਤਾ ਕਾਇਮ ਰਖਣ ਅਤੇ ਧਾਰਮਕ ਮਰਿਆਦਾਵਾਂ ਤੇ ਪਰੰਪਰਾਵਾਂ ਦਾ ਪਾਲਣ ਕਰਨ ਪ੍ਰਤੀ ਰਤੀ ਭਰ ਵੀ ਭਾਵਨਾ ਨਾ ਹੋਵੇ। ਉਹ ਕੇਵਲ ਆਪਣੀ ਰਾਜਸੀ ਲਾਲਸਾ ਨੂੰ ਹੀ ਪੂਰਿਆਂ ਕਰਨ ਲਈ ਇਸ ਜਥੇਬੰਦੀ ਦੇ ਨਾਂ ਦੀ ਵਰਤੋਂ ਕਰ ਲਗ ਪੈਣ।

**ਅਤੇ ਅੰਤ ਵਿਚ :** ਗਲਬਾਤ ਵਿੱਚ ਇਕ ਹੋਰ ਸਜਣ ਨੇ ਤਾਂ ਇਹ ਕਹਿਣੋਂ ਵੀ ਸੰਕੋਚ ਨਹੀਂ ਕੀਤਾ ਕਿ ਅਜ ਕੋਈ ਵੀ ਅਜਿਹਾ ਅਕਾਲੀ ਦਲ ਨਹੀਂ, ਜੋ ਪੁਰਾਤਨ ਅਕਾਲੀ ਦਲ ਦੀਆਂ ਕੁਰਬਾਨੀਆਂ ਅਤੇ ਪਰੰਪਰਾਵਾਂ ਦਾ ਵਾਰਿਸ ਹੋਣ ਦਾ ਦਾਅਵਾ ਕਰ ਸਕੇ। ਸਾਰੇ ਦੇ ਸਾਰੇ ਅਕਾਲੀ ਦਲ ਹੀ ਨਿਜੀ ਦੁਕਾਨਾਂ ਤੇ ਪ੍ਰਾਈਵੇਟ ਲਿਮਟਿਡ ਕੰਪਨੀਆਂ ਬਣ ਕੇ ਰਹਿ ਗਏ ਹੋਏ ਹਨ। ਉਸਨੇ ਅੱਖਾਂ ਵਿਚ ਹੰਝੂ ਭਰ ਕਿਹਾ ਕਿ ਇਨ੍ਹਾਂ ਦੁਕਾਨਾਂ ਤੇ ਪ੍ਰਾਈਵੇਟ ਕੰਪਨੀਆਂ ਦੇ ਦਰਵਾਜ਼ਿਆਂ ਤੇ 'ਸ਼੍ਰੋਮਣੀ ਅਕਾਲੀ ਦਲ' ਦੇ ਨਾਂ ਨਾਲ ਇਨ੍ਹਾਂ ਦੇ 'ਮਾਲਕਾਂ' ਦੇ ਨਾਂ ਲਿਖੇ ਵੇਖ, ਉਨ੍ਹਾਂ ਸ਼ਹੀਦਾਂ ਦੀਆਂ ਆਤਮਾਵਾਂ ਜ਼ਰੂਰ ਹੀ ਕੁਰਲਾਂਦੀਆਂ ਹੋਣਗੀਆਂ, ਜਿਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸੰਵਿਧਾਨ ਦਾ ਸਨਮਾਨ ਕਰਦਿਆਂ, ਇਸਦੇ ਝੰਡੇ ਹੇਠ ਲਾਏ ਗਏ ਮੋਰਚਿਆਂ ਵਿਚ ਵਧ-ਚੜ੍ਹ ਕੇ ਹਿਸਾ ਲਿਆ ਸੀ ਤੇ ਕੁਰਬਾਨੀਆਂ ਕੀਤੀਆਂ ਸਨ ਅਤੇ ਜਿਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਪੰਥਕ ਸ਼ਕਤੀ ਮਜ਼ਬੂਤ ਹੋਵੇਗੀ ਅਤੇ ਸਿੱਖੀ ਤੇ ਸਿੱਖਾਂ ਦਾ ਮਾਣ-ਸਤਿਕਾਰ ਵਧਾਣ ਵਿਚ ਇਸਦੀ ਮੁਖ ਭੂਮਿਕਾ ਹੋਵੇਗੀ। ਜਿਨ੍ਹਾਂ ਨੂੰ ਇਹ ਵਿਸ਼ਵਾਸ ਵੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਪ੍ਰਸਤੀ ਹੇਠ ਗੁਰਧਾਮਾਂ ਦੀ ਮਰਿਆਦਾ, ਪਰੰਪਰਾ ਅਤੇ ਪਵਿਤ੍ਰਤਾ ਕਾਇਮ ਰਹੇਗੀ। ਉਨ੍ਹਾਂ ਕਿਹਾ ਕਿ ਕੁਰਬਾਨੀਆਂ ਕਰਨ ਵਾਲਿਆਂ ਨੂੰ ਕਦੀ ਸੁਪਨੇ ਵਿਚ ਵੀ ਇਹ ਖਿਆਲ ਨਹੀਂ ਆਇਆ ਹੋਵੇਗਾ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁਲ ਵਟ, ਅਖੌਤੀ ਅਕਾਲੀ ਆਗੂਆਂ ਵਲੋਂ ਆਪਣੀ ਰਾਜਸੀ ਸੱਤਾ ਦੀ ਲਾਲਸਾ ਪੂਰੀ ਕੀਤੀ ਜਾਣ ਲਗ ਪਿਆ ਕਰੇਗੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਨ੍ਹਾਂ ਮੰਤਵਾਂ ਅਤੇ ਆਦਰਸ਼ਾਂ ਵਲੋਂ ਮੂੰਹ ਮੋੜ ਲਿਆ ਜਾਇਗਾ, ਜਿਨ੍ਹਾਂ ਨੂੰ ਮੁਖ ਰਖ ਕੇ ਇਸਦੀ ਸਥਾਪਨਾ ਅਤੇ ਜਿਨ੍ਹਾਂ ਨਾਲ ਨਿਭਣ ਦੀ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ ਸੀ।

# ਆਸਟ੍ਰੇਲੀਆ ਦੇ ਸਿਰਜੇ ਖੇਡ ਮਾਹੌਲ 'ਚ ਪੰਜਾਬੀਆਂ ਦੇ ਅੱਗੇ ਵਧਦੇ ਕਦਮ

## ਜੀਹਨੇ ਮੈਲਬੌਰਨ ਨਈ ਵੇਖਿਆ, ਸਮਝੋ ਉਹ ਕਿਤੇ ਘੁੰਮਿਆ ਹੀ ਨਈ




**ਮੇਰੀ ਆਸਟ੍ਰੇਲੀਆ ਯਾਤਰਾ, ਕਿਸ਼ਤ ਨੰ. 3**

ਮੇਰੀ ਆਸਟ੍ਰੇਲੀਆ ਯਾਤਰਾ ਦੌਰਾਨ ਬ੍ਰਿਸਬੇਨ ਤੋਂ ਹੁੰਦਿਆਂ ਮੈਂ ਮੈਲਬੌਰਨ ਪਹੁੰਚਿਆ। ਮੈਲਬੌਰਨ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਬੜੀਆਂ ਨਾਮੀ ਸ਼ਖਸੀਅਤਾਂ ਨੂੰ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਨੇ ਆਪੋ ਆਪਣੀ ਹੈਸੀਅਤ ਮੁਤਾਬਕ ਆਸਟ੍ਰੇਲੀਆ ਦੇ ਵੱਖ-ਵੱਖ ਖੇਤਰ 'ਚ ਝੰਡੇ ਗੱਡ ਕੇ ਪੰਜਾਬੀਆਂ ਦੀ ਇੱਕ ਵੱਖਰੀ ਪਹਿਚਾਣ ਨੂੰ ਦਰਸਾਇਆ ਹੋਇਆ ਹੈ।

**ਖੇਡ ਪ੍ਰਮੋਟਰ ਕੁਲਦੀਪ ਸਿੰਘ ਬਾਸੀ ਨੂੰ ਮਿਲਦਿਆਂ**

ਜਲੰਧਰ ਜ਼ਿਲ੍ਹੇ ਦੇ ਪਿੰਡ ਢੇਸੀਆਂ ਕਲਾਂ ਕੁਲਦੀਪ ਸਿੰਘ ਬਾਸੀ 1974 'ਚ ਚੜ੍ਹਦੀ ਜਵਾਨੀ 'ਚ ਹੀ ਆਸਟ੍ਰੇਲੀਆ ਆ ਗਿਆ ਸੀ। ਉਸ ਨੇ ਆਪਣੇ ਖੇਡ ਹੁਨਰ ਸਦਕਾ ਪੰਜਾਬੀਆਂ ਦੀ ਇੱਕ ਵੱਖਰੀ ਪਹਿਚਾਣ ਨੂੰ ਦਰਸਾਇਆ। ਸਕੂਲਾਂ 'ਚ ਹਾਕੀ ਖੇਡਣ ਵਾਲਾ ਕੁਲਦੀਪ ਸਿੰਘ ਬਾਸੀ ਆਸਟ੍ਰੇਲੀਆ 'ਚ ਆ ਕੇ ਕੁਸ਼ਤੀ ਨਾਲ ਜੁੜਿਆ। ਆਪਣੀ ਹਿੰਮਤ ਲਗਨ, ਮਿਹਨਤ ਸਦਕਾ ਉਹ ਆਸਟ੍ਰੇਲੀਆਈ ਕੁਸ਼ਤੀ ਫੈਡਰੇਸ਼ਨ ਦਾ 5 ਸਾਲ ਪ੍ਰਧਾਨ ਅਤੇ 5 ਸਾਲ ਹੀ ਓਲੰਪਿਕ ਕਮੇਟੀ ਦਾ ਮੈਂਬਰ ਰਿਹਾ। ਇਸ ਤੋਂ ਇਲਾਵਾ ਓਲੰਪਿਕ ਖੇਡਾਂ ਤੇ ਕਾਮਨਵੈਲਥ ਖੇਡਾਂ 'ਚ ਜਾਣ ਵਾਲੀਆਂ ਕਈ ਟੀਮਾਂ ਦਾ ਮੈਨੇਜਰ ਵੀ ਰਿਹਾ। ਇਸ ਵਕਤ ਆਸਟ੍ਰੇਲੀਆ ਕੁਸ਼ਤੀ ਫੈਡਰੇਸ਼ਨ ਦੇ ਸਲਾਹਕਾਰ ਬੋਰਡ ਦਾ ਪ੍ਰਮੁੱਖ ਮੈਂਬਰ ਹੈ। ਬੀਤੀ ਰਾਤ ਤਾਜ ਹੋਟਲ ਮੈਲਬੌਰਨ ਵਿਖੇ ਇੱਕ ਮਿਲਣੀ ਦੌਰਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਕੁਸ਼ਤੀ ਸੰਘ ਵੱਲੋਂ ਅਣਗੌਲੇ ਤੇ ਬੇਇਨਸਾਫੀ ਦਾ ਸ਼ਿਕਾਰ ਹੋਏ ਪਹਿਲਵਾਨਾਂ ਨੂੰ ਆਸਟ੍ਰੇਲੀਆ ਲਿਆਂਦਾ ਤੇ ਇੱਕ ਵਧੀਆ ਮੁਕਾਮ 'ਤੇ ਪਹੁੰਚਾ ਕੇ ਪੰਜਾਬੀਆਂ ਨੂੰ ਪੂਰੀ ਦੁਨੀਆ 'ਚ ਨਾਮਣਾ ਦਿੱਤਾ। ਜਿਸਦੀ ਤਾਜ਼ਾ ਉਦਾਹਰਨ ਪਹਿਲਵਾਨ ਸੰਦੀਪ ਕੁਮਾਰ, ਜੋ ਪੰਜਾਬ ਵਾਲਿਆਂ ਵੱਲੋਂ ਧੱਕੇਸ਼ਾਹੀ ਦਾ ਸ਼ਿਕਾਰ ਹੋ ਰਿਹਾ ਸੀ। ਆਸਟ੍ਰੇਲੀਆ ਆ ਕੇ ਸੰਦੀਪ ਕੁਮਾਰ ਨੇ ਨਾ ਸਿਰਫ ਆਪਣਾ ਜੀਵਨ ਸੁਧਾਰਿਆ ਸਗੋਂ 2008 ਦੀਆਂ ਬਿਜਿੰਗ ਓਲੰਪਿਕ ਖੇਡਾਂ 'ਚ ਆਸਟ੍ਰੇਲੀਆ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਕੀਤਾ। ਇਸੇ ਤਰ੍ਹਾਂ 48 ਕਿੱਲੋ ਵਰਗ ਦੀ ਪਹਿਲਵਾਨ ਲੜਕੀ ਰੁਪਿੰਦਰ ਕੌਰ ਨੇ ਗਲਾਸਗੋ, ਕਾਮਨਵੈਲਥ ਖੇਡਾਂ 2014 ਤੇ ਗੋਲਡਕੋਸਟ ਕਾਮਨਵੈਲਥ ਖੇਡਾਂ 2018 'ਚ ਆਸਟ੍ਰੇਲੀਆ ਟੀਮ ਦੀ ਨੁਮਾਇੰਦਗੀ ਕੀਤੀ। ਇਸ ਤੋਂ ਇਲਾਵਾ ਉਸਦੇ ਟ੍ਰੇਨੀ ਬੱਚਿਆਂ ਨੇ 2010 ਕਾਮਨਵੈਲਥ ਖੇਡਾਂ ਨਵੀਂ ਦਿੱਲੀ 'ਚ 3 ਤਗਮੇ ਜਿੱਤੇ। ਉਨ੍ਹਾਂ ਆਖਿਆ ਕਿ ਆਸਟ੍ਰੇਲੀਆ ਕੋਲ ਇੱਕ ਵਧੀਆ ਖੇਡ ਸਿਸਟਮ ਅਤੇ ਲੰਬੀ ਯੋਜਨਾ ਹੈ। ਖਿਡਾਰੀਆਂ ਤੇ ਕੋਚਾਂ ਦੇ ਕੰਮ 'ਚ ਕੋਈ ਰਾਜਨੀਤਕ ਦਖਲ ਨਹੀਂ ਹੈ, ਜੋ ਕਿਸੇ ਵੀ ਖੇਡ ਅਧਿਕਾਰੀ ਨੂੰ ਜ਼ਿਮੇਵਾਰੀ ਦਿੱਤੀ ਜਾਂਦੀ ਹੈ, ਉਸਦਾ ਨਤੀਜਾ ਦੇਣਾ ਪੈਂਦਾ ਹੈ। ਸਹੂਲਤਾਂ ਦੀ ਕੋਈ ਕਮੀ ਨਹੀਂ। ਕੁਲਦੀਪ ਸਿੰਘ ਬਾਸੀ ਨੇ ਆਖਿਆ ਕਿ ਇਕੱਲੇ ਮੈਲਬੌਰਨ 'ਚ 70 ਦੇ ਕਰੀਬ ਐਸਟਰੋਟਰਫ ਹਾਕੀ ਮੈਦਾਨ ਹਨ। ਹਰ ਪਿੰਡ 'ਚ ਅੰਤਰਰਾਸ਼ਟਰੀ ਪੱਧਰ ਦੀਆਂ ਖੇਡ ਸਹੂਲਤਾਂ ਸਰਕਾਰ ਨੇ ਮੁਹੱਈਆ ਕੀਤੀਆਂ ਹਨ। ਕੁਲਦੀਪ ਬਾਸੀ ਆਸਟ੍ਰੇਲੀਆ ਕਬੱਡੀ ਫੈਡਰੇਸ਼ਨ ਦੇ ਚੇਅਰਮੈਨ ਵੀ ਹਨ। ਉਨ੍ਹਾਂ ਦੀ ਅਗਵਾਈ ਹੇਠ 2018 'ਚ ਕਬੱਡੀ ਦਾ ਵਿਸ਼ਵ ਕੱਪ ਮੁਕਾਬਲਾ ਬਹੁਤ ਹੀ ਸਫਲਤਾਪੂਰਵਕ ਹੋਇਆ। ਉਨ੍ਹਾਂ ਆਖਿਆ ਕਿ ਕਬੱਡੀ 'ਚ ਨਿਯਮ ਸਿਧਾਂਤਾ ਦੀ ਕਮੀ ਕਾਰਨ ਖਿਡਾਰੀਆਂ ਤੇ ਪ੍ਰਬੰਧਕਾਂ 'ਚ ਅਨੁਸ਼ਾਸਨ ਦੀ ਵੱਡੀ ਕਮੀ ਕਾਰਨ ਇਹ ਖੇਡ ਅੱਗੇ ਨਹੀਂ ਵਧ ਰਹੀ। ਇਸ ਮੌਕੇ ਕੁਲਦੀਪ ਸਿੰਘ ਬਾਸੀ, ਨਵਦੀਪ ਸਿੰਘ ਬੱਲ (ਬਟਾਲਾ) , ਨਰਾਇਣ ਸਿੰਘ ਗਰੇਵਾਲ, ਕੁਲਵੰਤ ਸਿੰਘ ਬੁਢਲਾਡਾ ਉੱਘੇ ਕੁਮੈਂਟੇਟਰ, ਰੁਪਿੰਦਰਪਾਲ ਸਿੰਘ ਗਰੇਵਾਲ, ਜਸਲੀਨ ਸਿੰਘ, ਕਰਮਦੀਪ ਸਿੰਘ ਕਰਨੀ ਜਰਗ, ਖੁਸ਼ ਯੋਧਾਂ, ਅਮਨਪ੍ਰੀਤ ਸਿੰਘ ਬੁਢਲਾਡਾ, ਆਦਿ ਹੋਰ ਖੇਡ ਪ੍ਰੇਮੀ ਹਾਜ਼ਰ ਸਨ।



**ਕ੍ਰੇਗੀਬਰਨ ਅਤੇ ਮੈਲਬੌਰਨ ਸਿੱਖ ਯੂਨਾਇ-ਟੇਡ ਹਾਕੀ ਕਲੱਬ ਦਾ ਦੌਰਾ ਕਰਦਿਆਂ**

ਮੈਨੂੰ ਆਪਣੀ ਇਸ ਯਾਤਰਾ ਦੌਰਾਨ ਮੈਲਬੌਰਨ ਦੇ ਵੱਖ ਵੱਖ ਸਬਰਬਾਂ (ਪਿੰਡ) 'ਚ ਜਾਣ ਦਾ ਮੌਕਾ ਮਿਲਿਆ। ਕ੍ਰੇਗੀਬਰਨ, ਫਾਲਕਨ ਹਾਕੀ ਕਲੱਬ, ਜਿਥੇ 150 ਦੇ ਕਰੀਬ ਪੰਜਾਬੀਆਂ ਦੇ ਬੱਚੇ ਹਾਕੀ ਦੀ ਟ੍ਰੇਨਿੰਗ ਕਰਦੇ ਹਨ। ਇਸ ਤੋਂ ਇਲਾਵਾ ਇਥੇ ਗੋਰਿਆਂ ਦੇ ਬੱਚੇ ਵੀ ਆਪਣੀਆਂ ਕਲੱਬਾਂ ਬਣਾ ਕੇ ਹਾਕੀ ਖੇਡਦੇ ਹਨ। ਪੰਜਾਬੀ ਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਬੱਚੇ ਅੰਡਰ 12 ਸਾਲ ਤੋਂ ਲੈ ਕੇ ਅੰਡਰ 25 ਸਾਲ ਤੱਕ ਟ੍ਰੇਨਿੰਗ ਲੈਂਦੇ ਹਨ। ਇੰਨ੍ਹਾਂ ਕਲੱਬਾਂ ਦੀਆਂ ਟੀਮਾਂ ਸਿੱਖ ਖੇਡਾਂ, ਅਤੇ ਸਥਾਨਕ ਲੀਗ, ਵਿਕਟੋਰੀਅਨ ਲੀਗ ਵਿਚ ਖੇਡਦੇ ਹਨ। ਬੱਚਿਆਂ ਨਾਲੋਂ ਮਾਪਿਆਂ ਦੀ ਦਿਲਚਸਪੀ ਕਾਬਿਲੇ ਤਾਰੀਫ਼ ਹੈ। ਇਸੇ ਤਰ੍ਹਾਂ ਇੱਕ ਹੋਰ ਪਿੰਡ ਹਾਊਥਨ ਈਸਟ ਹਾਕੀ ਕਲੱਬ ਜਿੱਥੇ ਮੈਲਬੌਰਨ ਸਿੱਖ ਯੂਨਾਈਟੇਡ ਹਾਕੀ ਕਲੱਬ ਬਣਿਆ ਹੋਇਆ ਹੈ। ਇਸ ਕਲੱਬ 'ਚ ਵੀ 250 ਦੇ ਕਰੀਬ ਸਿੱਖ ਬੱਚਿਆਂ ਦਾ ਖੇਡ ਹੁਨਰ ਸਿਰ ਚੜ੍ਹ ਕੇ ਬੋਲ ਰਿਹਾ ਹੈ। ਮੈਲਬੌਰਨ ਸਿੱਖ ਯੂਨਾਈਟੇਡ ਹਾਕੀ ਕਲੱਬ 'ਚ ਪਾਕਿਸਤਾਨੀ ਅਤੇ ਆਪਣੇ ਪੰਜਾਬ ਦੇ ਹਾਕੀ ਖਿਡਾਰੀਆਂ ਵੱਲੋਂ ਹਾਕੀ ਦੀ ਬਿਹਤਰੀ ਲਈ ਬਣਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਦੋਹਾਂ ਮੁਲਕਾਂ, ਭਾਰਤ ਤੇ ਪਾਕਿਸਤਾਨ ਦੇ ਖਿਡਾਰੀ ਇੱਕੋ ਕਲੱਬ ਵੱਲੋਂ ਵੱਖ -ਵੱਖ ਲੀਗ ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ, ਜੋ ਕਿ ਵਾਕਿਆ ਹੀ ਇੱਕ ਮਜਬੂਤ ਭਾਈਚਾਰੇ ਦੀ ਮਿਸਾਲ ਸਿੱਖ ਯੂਨਾਈਟੇਡ ਹਾਕੀ ਕਲੱਬ 'ਚ ਦੇਖਣ ਨੂੰ ਮਿਲਦੀ ਹੈ। ਸਿੱਧੀ ਗੱਲ ਜੇ 1947 ਤੋਂ ਪਹਿਲੇ ਵਾਲਾ ਦੋਹਾਂ ਪੰਜਾਬਾਂ ਦੇ ਆਪਸੀ ਭਾਈਚਾਰੇ ਦੀ ਉਦਾਹਰਨ ਦੇਖਣੀ ਹੋਵੇ ਤਾਂ ਸਿੱਖ ਯੂਨਾਈਟੇਡ ਕਲੱਬ ਦੇ ਕੰਮ ਕਰਨ ਦੇ ਤੌਰ ਤਰੀਕੇ 'ਚੋਂ ਹੀ ਮਿਲਦੀ ਹੈ। ਇਸ ਕਲੱਬ 'ਚ ਪਾਕਿਸਤਾਨ ਦੇ ਅੰਤਰ-ਰਾਸ਼ਟਰੀ ਹਾਕੀ ਖਿਡਾਰੀ ਮੁਦੱਸਰ ਆਵਾਸ, ਓਲੰਪੀਅਨ ਬਾਸ਼ੀਮ ਅਹਿਮਦ ਰੰਧਾਵਾ, ਚਰਨਪ੍ਰੀਤ ਸਿੰਘ ਚੰਨੀ, ਬਿਕਰਮ ਸਿੰਘ ਬਿੱਕਾ, ਕੋਟ ਨਰਾਇਣ ਸਿੰਘ ਕਿਲ੍ਹ ਰਾਏਪੁਰ ਆਦਿ ਹੋਰ ਦੋਹਾਂ ਪੰਜਾਬਾਂ ਦੇ ਪੰਜਾਬੀ ਮੁੰਡਿਆਂ ਅਤੇ ਹਾਕੀ ਪ੍ਰੇਮੀਆਂ ਦਾ ਇਸ ਸੁਮੇਲ 'ਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਟਾਰਕ-ਬਿੱਲ ਦਾ ਨੈਂਟਬਾਲ ਹਾਕੀ ਸੈਂਟਰ ਦਾ ਦੌਰਾ ਕੀਤਾ। ਇਹ ਉਹ ਜਗ੍ਹਾ ਹੈ ਜਿੱਥੇ 2012 'ਚ 8 ਮੁਲਕਾਂ ਦੀ ਹਾਕੀ ਚੈਂਪੀਅਨਜ਼ ਟ੍ਰਾਫੀ ਦਾ ਮੁਕਾਬਲਾ ਹੋਇਆ ਸੀ। ਕੁੱਲ ਮਿਲਾ ਕੇ ਮੈਲਬੌਰਨ ਦੁਨੀਆ ਦਾ ਉਹ ਖੂਬਸੂਰਤ ਸ਼ਹਿਰ ਹੈ ਜਿੱਥੇ ਹਰ ਪੱਖੋਂ ਵਧੀਆ ਜ਼ਿੰਦਗੀ ਬਿਤਾਉਣ ਵਾਲਾ ਸ਼ਹਿਰ ਹੈ। ਜਿਥੇ ਵੱਡੀਆਂ ਵੱਡੀਆਂ ਇਮਾਰਤਾਂ, ਕੁਦਰਤ ਦੀ ਪ੍ਰਕਿਰਤੀ ਦਾ ਨਜ਼ਾਰਾ, ਮੌਸਮ ਦਾ ਖੂਬਸੂਰਤ ਮਿਜਾਜ਼, ਸਮੁੰਦਰ, ਦਰਿਆ, ਹਰ ਦੋ ਤਿੰਨ ਘੰਟੇ ਦੇ ਸਫਰ ਮਗਰੋਂ ਹਰ ਤਰ੍ਹਾਂ ਦਾ ਮੌਸਮ, ਬਰਫੀਲਾ, ਗਰਮ, ਠੰਢਾ ਦੇਖਣ ਨੂੰ ਮਿਲਦਾ ਹੈ। ਜਿਸ ਤਰ੍ਹਾਂ ਪਹਿਲਾਂ ਕਹਿੰਦੇ ਸੀ ਕਿ '' ਜਿਸਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਨਹੀਂ'', ਤੇ ਹੁਣ, ''ਜਿਸਨੇ ਮੈਲਬੌਰਨ ਨਹੀਂ ਦੇਖਿਆ, ਉਹ ਕਿਤੇ ਘੁੰਮਿਆ ਹੀ ਨਈਂ...'' ਮੈਲਬੌਰਨ ਦੁਨੀਆ 'ਤੇ ਆਪਣੇ ਆਪ 'ਚ ਇੱਕ ਵਸਦਾ ਸਵਰਗ ਹੈ।



### ਸ਼ਮਸ਼ੇਰ ਸੰਧੂ ਤੇ ਧਰਮ ਕੰਮੇਆਣਾ ਨੇ ਕੀਤੀਆਂ ਸੰਗੀਤਕ ਯਾਦਾਂ ਸਾਂਝੀਆਂ

# ਪੰਜਾਬ ਕਲਾ ਪਰਿਸ਼ਦ ਵੱਲੋਂ ਸ਼ਮਸ਼ੇਰ ਸੰਧੂ ਤੇ ਧਰਮ ਕੰਮੇਆਣਾ ਸਨਮਾਨਿਤ









**ਚੰਡੀਗੜ੍ਹ-** ਪੰਜਾਬ ਕਲਾ ਪਰਿਸ਼ਦ ਵੱਲੋਂ 'ਤੇਰੇ ਸਨਮੁੱਖ' ਪ੍ਰੋਗਰਾਮ ਤਹਿਤ ਪ੍ਰਸਿੱਧ ਗੀਤਕਾਰ ਤੇ ਲੇਖਕ ਸ਼ਮਸ਼ੇਰ ਸੰਧੂ ਅਤੇ ਉੱਘੇ ਕਵੀ ਤੇ ਗੀਤਕਾਰ ਧਰਮ ਕੰਮੇਆਣਾ ਅੱਜ ਪੰਜਾਬ ਕਲਾ ਭਵਨ ਵਿਖੇ ਕਲਾ ਪ੍ਰੇਮੀਆਂ ਤੇ ਸ੍ਰੋਤਿਆਂ ਦੇ ਰੂਬਰੂ ਹੋਏ। ਦੋਵੇਂ ਲੇਖਕਾਂ ਨੇ ਆਪਣੇ ਜੀਵਨ, ਗੀਤ ਤੇ ਸੰਗੀਤ ਕਲਾ ਦੇ ਵੇਰਵੇ ਤੇ ਯਾਦਾਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ ਜਿਨ੍ਹਾਂ ਨੂੰ ਸ੍ਰੋਤਿਆਂ ਨੇ ਇਕ ਸੁਰ ਹੋ ਕੇ ਸੁਣਿਆ।

ਸ਼ਮਸ਼ੇਰ ਸੰਧੂ ਨੇ ਆਪਣੇ ਗੀਤਕਾਰੀ ਦੇ ਸਫਰ ਉਤੇ ਝਾਤ ਪਾਉਂਦਿਆਂ ਦੱਸਿਆ ਕਿ ਹੁਣ ਤੱਕ 500 ਤੋਂ ਵੱਧ ਗੀਤ ਲਿਖੇ ਹਨ ਜਿਨ੍ਹਾਂ ਨੂੰ 70-72 ਗਾਇਕਾਂ ਨੇ ਗਾਇਆ ਹੈ। ਇਕੱਲੇ ਸੁਰਜੀਤ ਬਿੰਦਰਖੀਆ ਨੇ 154 ਗੀਤ ਗਾਏ ਹਨ। ਹੋਰਨਾਂ ਗਾਇਕਾਂ ਵਿੱਚ ਜਗਮੋਹਨ ਕੌਰ, ਗੁਰਦਾਸ ਮਾਨ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਸਰਬਜੀਤ ਕੋਕੇਵਾਲੀ, ਮਨਮੋਹਨ ਵਾਰਿਸ, ਸਰਬਜੀਤ ਚੀਮਾ, ਸਤਵਿੰਦਰ ਬਿੱਟੀ, ਸੁਰਿੰਦਰ ਲਾਡੀ ਆਦਿ ਪ੍ਰਮੁੱਖ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬੀ ਗਾਇਕੀ ਦੀਆਂ ਨੌਂ ਪੀੜ੍ਹੀਆਂ ਨਾਲ ਵਿਚਰਨ ਦਾ ਮੌਕਾ ਮਿਲਿਆਂ ਜਿਨ੍ਹਾਂ ਬਾਰੇ ਉਹ ਇਕ ਪੁਸਤਕ ਲਿਖ ਰਹੇ ਹਨ ਜਿਸ ਵਿੱਚ ਸਾਰੇ ਗਾਇਕਾਂ ਨਾਲ ਜੁੜੀਆਂ ਦਿਲਚਸਪ ਗੱਲਾਂ ਸ਼ਾਮਲ ਹਨ। ਸ਼ਮਸ਼ੇਰ ਸੰਧੂ ਨੇ ਵੱਖ ਵੱਖ ਗਾਇਕਾਂ ਨਾਲ ਜੁੜੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਸਾਹਿਤਕਾਰਾਂ, ਖਿਡਾਰੀਆਂ ਤੇ ਫ਼ਿਲਮ ਕਲਾਕਾਰਾਂ ਨਾਲ ਜੁੜੀਆਂ ਗੱਲਾਂ ਵੀ ਸੁਣਾਈਆਂ। ਆਪਣੇ ਅਧਿਆਪਨ ਜੀਵਨ ਤੋਂ ਪੱਤਰਕਾਰੀ ਦੇ ਸਫਰ ਬਾਰੇ ਵੀ ਚਾਨਣਾ ਪਾਇਆ।

ਧਰਮ ਕੰਮੇਆਣਾ ਨੇ ਵੀ ਆਪਣੇ ਗੀਤਕਾਰੀ ਦੇ ਸਫਰ ਦੇ ਨਾਲ ਲੇਖਣੀ ਬਾਰੇ ਵੀ ਗੱਲਾਂ ਸਾਂਝਾਂ ਕੀਤੀਆਂ। ਉਨ੍ਹਾਂ ਗੀਤਾਂ ਵਿੱਚ ਲੱਚਰਤਾ, ਨਸ਼ਿਆਂ ਤੇ ਜਾਤ ਵਾਦ ਦੇ ਭਰਮਾਰ ਨੂੰ ਮਾੜਾ ਸ਼ਗਨ ਦੱਸਦਿਆਂ ਕਿਹਾ ਕਿ ਸਾਹਿਤ, ਗੀਤਕਾਰੀ ਦਾ ਸਮਾਜ ਉਪਰ ਸਿੱਧਾ ਅਸਰ ਪੈਂਦਾ ਹੈ। ਉਨ੍ਹਾਂ ਇਸ ਗੱਲ ਉਤੇ ਵੀ ਰੰਜ ਕੀਤਾ ਕਿ ਸਾਹਿਤਕਾਰ ਕਦੇ ਵੀ ਗੀਤਕਾਰਾਂ ਨੂੰ ਸਾਹਿਤ ਦਾ ਹਿੱਸਾ ਨਹੀਂ ਮੰਨਦੇ। ਉਨ੍ਹਾਂ ਕਲਾ ਪਰਿਸ਼ਦ ਦੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ।




ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਨੇ ਬੋਲਦਿਆਂ ਕਿਹਾ ਕਿ ਦੋਵੇਂ ਗੀਤਕਾਰਾਂ ਕੋਲ ਪੰਜਾਬੀ ਸੰਗੀਤ ਤੇ ਕਲਾ ਬਾਰੇ ਇੰਨੀ ਭਰਪੂਰ ਜਾਣਕਾਰੀ ਹੈ, ਜਿਸ ਨੂੰ ਸਾਂਭਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਲੋਕ ਸੰਗੀਤਕ ਵਿਰਸਾ ਇੰਨਾ ਅਮੀਰ ਹੈ ਕਿ ਇਸ ਉਤੇ ਹਮੇਸ਼ਾ ਮਾਣ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਭ ਤੋਂ ਵੱਧ ਗਾਉਣ ਵਾਲੀ ਧਰਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਧਰਤੀ ਉਤੇ ਸੰਗੀਤ ਦਾ ਦਰਿਆ ਸਦਾ ਵਗਦਾ ਹੈ। ਉਨ੍ਹਾਂ ਕਿਹਾ ਕਿ ਸ਼ਮਸ਼ੇਰ ਸੰਧੂ ਸਾਹਿਤਕਾਰਾਂ ਤੇ ਗਾਇਕਾਂ ਵਿਚਾਲੇ ਪੁੱਲ ਦਾ ਕੰਮ ਕਰਦਾ ਹੈ। ਧਰਮ ਕੰਮੇਆਣਾ ਦੇ ਗੀਤ ਲੋਕ ਗੀਤਾਂ ਦਾ ਭਾਵ ਪਾਉਂਦੇ ਹਨ। ਇਸ ਮੌਕੇ ਫ਼ਿਲਮ ਕਲਾਕਾਰ ਵਿਜੇ ਟੰਡਨ ਨੇ ਬੋਲਦਿਆਂ ਕਿਹਾ ਕਿ ਸ਼ਮਸ਼ੇਰ ਸੰਧੂ ਨੇ ਆਪਣੇ ਮੁਹੱਬਤੀ ਸੁਭਾਅ ਕਰਕੇ ਫ਼ਿਲਮ ਲਾਈਨ ਦੇ ਕਲਾਕਾਰਾਂ ਨੂੰ ਆਪਸ ਵਿੱਚ ਜੋੜ ਕੇ ਰੱਖਿਆ। ਉਨ੍ਹਾਂ ਕਿਹਾ ਕਿ ਅੱਜ ਦੀ ਮਹਿਫ਼ਲ ਸੰਗੀਤ ਤੇ ਸਾਹਿਤ ਦੇ ਸੁਮੇਲ ਵਾਲੀ ਹੈ ਜਿਸ ਨੂੰ ਸਰੋਤੇ ਲੰਬਾ ਸਮਾਂ ਯਾਦ ਰੱਖਣਗੇ। ਇਸ ਤੋਂ ਪਹਿਲਾ ਪੰਜਾਬ ਕਲਾ ਪਰਿਸ਼ਦ ਦੇ ਮੀਡੀਆ ਅਧਿਕਾਰੀ ਨਿੰਦਰ ਘੁਗਿਆਣਵੀ ਨੇ ਦੋਵੇਂ ਗੀਤਕਾਰਾਂ ਦੀ ਕਲਾ ਤੇ ਸਖਸ਼ੀਅਤ ਬਾਰੇ ਚਾਨਣਾ ਪਾਇਆ।

ਸਮਾਗਮ ਦੀ ਪ੍ਰਧਾਨਗੀ ਪਰਿਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਨੇ ਕੀਤੀ ਜਿਨ੍ਹਾਂ ਨੇ ਦੋਵੇਂ ਮਹਿਮਾਨ ਗੀਤਕਾਰਾਂ ਨੂੰ ਪਰਿਸ਼ਦ ਵੱਲੋਂ ਫੁੱਲਾਂ ਦੇ ਗੁਲਦੁਸਤੇ, ਫੁਲਕਾਰੀ ਤੇ ਕਿਤਾਬਾਂ ਦੇ ਸੈੱਟ ਨਾਲ ਸਨਮਾਨਤ ਕੀਤਾ। ਉੱਘੇ ਫ਼ਿਲਮ ਕਲਾਕਾਰ ਵਿਜੇ ਟੰਡਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦਾ ਮੰਚ ਸੰਚਾਲਨ ਨਿੰਦਰ ਘੁਗਿਆਣਵੀ ਨੇ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸ਼ਮਸ਼ੇਰ ਸੰਧੂ ਦਾ ਲਿਖਿਆ ਗੀਤ 'ਪੇਕੇ ਹੁੰਦੇ ਮਾਂਵਾਂ ਨਾਲ' ਨੌਜਵਾਨ ਗਾਇਕ ਗੁਰਿੰਦਰ ਗੈਰੀ ਨੇ ਗਾ ਕੇ ਸ੍ਰੋਤਿਆਂ ਨੂੰ ਭਾਵੁਕ ਕੀਤਾ। ਇਸੇ ਤਰ੍ਹਾਂ ਉੱਭਰਦੇ ਗਾਇਕ ਰਾਵੀ ਬੱਲ ਨੇ ਧਰਮ ਕੰਮੇਆਣਾ ਦਾ ਲਿਖਿਆ ਗੀਤ 'ਤੂੰ ਗੜਵਾ ਮੈਂ ਤੇਰੀ ਡੋਰ ਵੇ ਮਾਹੀਆ' ਗਾ ਕੇ ਮਾਹੌਲ ਨੂੰ ਸੰਗੀਤਕ ਕੀਤਾ।

ਇਸ ਮੌਕੇ ਕੈਪਟਨ ਨਰਿੰਦਰ ਸਿੰਘ, ਆਈ ਏ ਐਸ, ਸਰਦਾਰਾ ਸਿੰਘ ਚੀਮਾ, ਦਵਿੰਦਰ ਦਮਨ, ਜਸਵੰਤ ਦਮਨ, ਮਲਕੀਤ ਰੌਣੀ, ਪ੍ਰੀਤਮ ਰੁਪਾਲ, ਮੌਦਗਿੱਲ, ਹਰਜੀਤ ਨਾਗਰਾ, ਨਵਦੀਪ ਸਿੰਘ ਗਿੱਲ, ਸੁਖਮਿੰਦਰ ਗੱਜਣਵਾਲਾ, ਐਡਵੋਕੇਟ ਕੁਲਬੀਰ ਸੇਖੋਂ, ਸ਼ਾਮ ਸਿੰਘ ਅੰਗ ਸੰਗ, ਜਸਵੀਰ ਸਮਰ, ਸੁਰਿੰਦਰ ਸਿੰਘ ਗਰੋਆ, ਗਾਇਕ ਕੁਲਬੀਰ, ਸਰਬਜੀਤ ਵਿਰਦੀ, ਕਰਨਲ ਧਨੋਆ, ਐਡਵੋਕੇਟ ਪੀ ਐਸ ਗਿੱਲ, ਐਡਵੋਕੇਟ ਇੰਦਰਜੀਤ ਬਰਾੜ, ਅਵਤਾਰ ਭੰਵਰਾ ਆਦਿ ਹਾਜ਼ਰ ਸਨ।

# ਕੀ ਜੁਡੀਸ਼ਰੀ ਸੰਵਿਧਾਨ ਤੋਂ ਉੱਤੇ ਹੈ



ਕੇ. ਸੀ. ਸੁਲੇਖ
0172-4623503

'ਭਾਰਤ ਹਿੰਦੂ ਰਾਸ਼ਟਰ ਹੈ - ਇੱਥੇ ਸ਼ੁੱਧ ਹਿੰਦੂ ਰਾਜ ਹੀ ਹੋਣਾ ਚਾਹੀਦਾ ਹੈ।' ਇਸ ਨਾਅਰੇ ਦੀ ਬਦੌਲਤ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਮੋਦੀ ਰਾਜ ਬਣਿਆ ਅਤੇ ਮੋਦੀ ਰਾਜ ਦੀ ਬਦੌਲਤ ਇਹ ਸੁਪਨਾ ਅਤੇ ਹਵਾਈ ਨਾਅਰੇ ਹੁਣ ਹਕੀਕਤ ਬਣਦੇ ਨਜ਼ਰ ਆ ਰਹੇ ਹਨ। ਇਸ ਨਾਅਰੇ ਨੂੰ ਸਾਕਾਰ ਕਰਨ ਲਈ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਅਤੇ ਉਸ ਦੀਆਂ ਸਹਿਯੋਗੀ ਸੰਸਥਾਵਾਂ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਦਾ ਆਪਣੇ ਅਥਾਹ ਸਾਧਨਾਂ ਦੇ ਜ਼ੋਰ ਤੇ ਹਕੂਮਤ ਅਤੇ ਸਮਾਜ ਤੇ ਦਬਾਅ ਬਣਾਉਣਾ ਤਾਂ ਹੋਰ ਗੱਲ ਹੈ ਪਰ ਦੇਸ਼ ਦੇ ਸਿਆਸੀ ਝਮੇਲਿਆਂ ਤੋਂ ਨਿਰਲੇਪ ਸਮਝੀ ਜਾਣ ਵਾਲੀ ਜੁਡੀਸ਼ਰੀ (ਨਿਆਂਪਾਲਿਕਾ) ਦਾ ਆਰ ਐਸ ਐਸ ਦੀ ਸੰਪਰਦਾਇਕ ਵਿਚਾਰਧਾਰਾ ਦੀ ਪਿੱਠ ਠੋਕਣਾ ਨਾ ਕੇਵਲ ਟਾਇਮਸ ਆਫ਼ ਇੰਡੀਆ (14 ਦਸੰਬਰ) ਦੇ ਅਨੁਸਾਰ ਚੌਂਕਾਅ ਦੇਣ ਵਾਲੀ ਹੱਦੋਂ ਬਾਹਰ ਟੱਪਣ ਦੀ ਗੱਲ ਹੈ ਬਲਕਿ ਸੱਚ ਪੁੱਛੋ ਤਾਂ ਸੰਪਰਦਾਇਕ ਮਾਨਸਿਕਤਾ ਹੀ ਦੇਸ਼ ਅਤੇ ਸਮਾਜ ਲਈ ਅਤਿਅੰਤ ਖ਼ਤਰਨਾਕ ਹੈ। ਇਸੇ ਅਖ਼ਬਾਰ ਦੇ ਸੰਪਾਦਕੀ ਅਨੁਸਾਰ ਮੇਘਾਲਿਆ ਹਾਈਕੋਰਟ ਦੇ ਜੱਜ ਸੁਦੀਪ ਰੰਜਨ ਸੇਨ ਦੇ ਅਜਿਹੇ ਫੈਸਲੇ ਤੇ ਸੁਪਰੀਮ ਕੋਰਟ ਨੇ ਰੋਕ ਲਗਾ ਕੇ ਨਾ ਕੇਵਲ ਸਹੀ ਕੀਤਾ ਸਗੋਂ ਉਸ ਦੀ ਰਾਏ ਅਨੁਸਾਰ ਇਸ ਆਰਡਰ ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਹੈ।

ਮੇਘਾਲਿਆ ਹਾਈਕੋਰਟ ਦੇ ਜੱਜ ਸ੍ਰੀ ਐਸ ਆਰ ਸੇਨ ਨੇ ਆਪਣੇ ਵਿਚਾਰ ਅਧੀਨ ਕਿਸੇ ਫੌਜੀ ਰੰਗਰੂਟ ਦੇ ਨਿਵਾਸ ਸਥਾਨ ਸਬੰਧੀ ਮਾਮਲੇ ਵਿੱਚ ਫੈਸਲਾ ਦੇਣ ਦੇ ਨਾਲ ਨਾਲ ਰਾਜਨੀਤੀ ਨਾਲ ਸਬੰਧਿਤ ਵਿਚਾਰ ਨੂੰ ਸ਼ਾਮਿਲ ਕਰ ਦਿੱਤਾ ਉਸ ਨੇ ਬਿਨਾਂ ਜ਼ਰੂਰਤ ਇਕ ਨਵੇਂ ਵਿਵਾਦ ਨੂੰ ਖੜ੍ਹਾ ਕਰ ਦਿੱਤਾ ਹੈ ਕਿ ਕੀ ਨਿਆਂਪਾਲਿਕਾ ਨੂੰ ਰਾਜਨੀਤਿਕ ਮਾਮਲਿਆਂ ਖ਼ਾਸ ਕਰ ਹਿੰਦ/ਮੁਸਲਿਮ ਝਗੜੇ ਜਿਹੇ ਅਤਿ ਸੰਵੇਦਨਸ਼ੀਲ ਮਾਮਲੇ ਵਿੱਚ ਕਿਸੇ ਇਕ ਪਾਰਟੀ ਦਾ ਪੱਖ ਲੈਣਾ ਉਚਿਤ ਹੈ। ਕੁਝ ਰਾਜਨੀਤਿਕ ਪਾਰਟੀਆਂ ਨੇ ਜੱਜ ਸਾਹਿਬ ਦੇ ਇਸ ਗ਼ੈਰ ਸੰਵਿਧਾਨਿਕ ਪ੍ਰਗਟਾਵੇ ਦਾ ਗੰਭੀਰ ਨੋਟਿਸ ਲੈਂਦਿਆਂ ਉਹਨਾਂ ਦੇ ਖ਼ਿਲਾਫ਼ ਮਹਾ ਅਭਿਯੋਗ ਕਾਰਵਾਈ ਕਰਨ ਦਾ ਫੈਸਲਾ ਵੀ ਕਰ ਲਿਆ ਹੈ।

ਜੱਜ ਸਾਹਿਬ ਨੇ ਟ੍ਰਿਬਿਊਨ (14 ਦਸੰਬਰ) ਦੇ ਸ਼ਬਦਾਂ ਵਿੱਚ ਆਪਣੇ ਮਨ ਦੇ ਸਨਕੀ ਵਿਚਾਰਾਂ ਦੇ ਬੋਝ ਨੂੰ ਹਲਕਾ ਕਰਦਿਆਂ ਕਹਿ ਹੀ ਦਿੱਤਾ ਹੈ (ਜਿਸ ਦਾ ਕਾਨੂੰਨ ਦੀ ਵਿਆਖਿਆ ਨਾਲ ਦੂਰ ਦਾ ਵੀ ਸਬੰਧ ਨਹੀਂ ਹੈ) ਕਿ ਭਾਰਤ ਨੂੰ 1947 ਵਿੱਚ ਆਜ਼ਾਦੀ ਮਿਲਣ ਤੋਂ ਬਾਅਦ ਜਿਸ ਤਰ੍ਹਾਂ ਪਾਕਿਸਤਾਨ ਨੇ ਆਪਣੇ ਆਪ ਨੂੰ ਇਸਲਾਮੀ ਦੇਸ਼ ਐਲਾਨ ਦਿੱਤਾ ਸੀ ਉਸੇ ਤਰ੍ਹਾਂ ਭਾਰਤ ਨੂੰ ਵੀ ਹਿੰਦੂ ਦੇਸ਼ ਬਣ ਜਾਣਾ ਚਾਹੀਦਾ ਸੀ। ਟ੍ਰਿਬਿਊਨ ਲਿਖਦਾ ਹੈ ਕਿ ਵਿਚਾਰ ਅਧੀਨ ਮਾਮਲਾ ਤਾਂ ਫੌਜੀ ਜਵਾਨ ਨੂੰ ਨਿਵਾਸ ਸਥਾਨ ਬਾਰੇ ਸਰਟੀਫਿਕੇਟ ਦਾ ਸੀ ਉਸ ਵਿਚ ਪਾਕਿਸਤਾਨ ਦੇ ਇਸਲਾਮੀ ਦੇਸ਼ ਅਤੇ ਭਾਰਤ ਦੇ ਹਿੰਦੂ ਦੇਸ਼ ਬਣਨ ਦਾ ਸਵਾਲ ਕਿਵੇਂ ਪੈਦਾ ਹੋ ਗਿਆ ਮੁੱਖ ਸਵਾਲ ਨੂੰ ਲਾਂਭੇ ਕਰ ਕੇ ਦੂਜੇ ਮੁੱਦੇ ਤੇ ਹੀ ਵਿਆਖਿਆਨ ਦੇ ਦਿੱਤਾ ਕਿ ਆਜ਼ਾਦੀ ਤੋਂ ਬਾਅਦ ਭਾਰਤ ਹਿੰਦੂ ਦੇਸ਼ ਕਿਉਂ ਨਹੀਂ ਬਣਿਆ। ਉਹਨਾਂ ਦੇ ਵਿਵੇਕ ਅਨੁਸਾਰ ਮੁਗਲਾਂ ਦੇ ਰਾਜ ਤੋਂ ਪਹਿਲਾਂ ਭਾਰਤ ਇਕ ਸੰਯੁਕਤ ਹਿੰਦੂ ਸਾਮਰਾਜ ਸੀ ਜਿਸ ਵਿਚ ਅੱਜ ਦੇ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫ਼ਗਾਨਿਸਤਾਨ ਸ਼ਾਮਿਲ ਸਨ ਅਤੇ ਜਦ ਹੁਣ ਦੇਸ਼ ਦਾ ਬਟਵਾਰਾ ਮਜ਼ਹਬ (ਧਰਮ) ਦੇ ਆਧਾਰ ਤੇ ਹੋਇਆ ਤਾਂ ਪਾਕਿਸਤਾਨ ਵਾਂਗ ਭਾਰਤ ਵੀ ਹਿੰਦੂ ਦੇਸ਼ ਕਿਉਂ ਨਹੀਂ ਬਣਨਾ ਚਾਹੀਦਾ ਸੀ। ਗੱਲ ਫੈਸਲੇ ਵਿੱਚ ਦਿੱਤੇ ਵਿਆਖਿਆਨ ਨਾਲ ਖ਼ਤਮ ਨਹੀਂ ਹੋ ਗਈ ਜੱਜ ਸਾਹਿਬ ਨੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਅਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵੀ ਉਪਦੇਸ਼ ਵਜੋਂ ਸੂਚਿਤ ਕਰ ਦਿੱਤਾ।

ਸਟੇਟ (ਪ੍ਰਦੇਸ਼) ਦੀ ਸਰਬ ਉੱਚ ਅਦਾਲਤ ਦੇ ਜੱਜ ਦੀ ਕਲਮ ਤੋਂ ਨਿਕਲੇ ਫੈਸਲੇ/ਵਿਆਖਿਆਨ ਨੇ ਕਈ ਹੋਰ ਗੰਭੀਰ ਪ੍ਰਕਾਰ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕੀ ਨਿਆਂ ਪਾਲਕਾ ਦਾ ਦੇਸ਼ ਦੇ ਰਾਜਨੀਤਿਕ ਮਾਮਲਿਆਂ ਵਿੱਚ ਦਖ਼ਲ ਦੇਣਾ ਸੰਵਿਧਾਨ ਦੇ ਸਿਧਾਂਤਾਂ ਦੀ ਰੌਸ਼ਨੀ ਵਿੱਚ ਸਹੀ ਹੈ? ਜਿਸ ਦੀ ਨਿਸ਼ਠਾ ਪੂਰਵਕ ਪਾਲਣਾ ਕਰਨ ਦੀ ਸੌਂਹ ਚੁੱਕ ਕੇ ਜੱਜ ਸਾਹਿਬਾਨ ਪਦ ਗ੍ਰਹਿਣ ਕਰਦੇ ਹਨ? ਭਾਰਤ ਇਕ ਸੈਕੂਲਰ (ਧਰਮ ਨਿਰਪੱਖ) ਦੇਸ਼ ਹੈ ਕਿਸੇ ਇਕ ਕੌਮ, ਪਾਰਟੀ ਜਾਂ ਸੰਸਥਾ ਦਾ ਨਹੀਂ। ਦੇਸ਼ ਵਿਚ ਪ੍ਰਚਲਿਤ ਧਰਮ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧ ਪਾਰਸੀ ਰਾਜ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ ਕਿਉਂਕਿ ਰਾਜ (ਸਟੇਟ) ਦਾ ਕੋਈ ਧਰਮ ਨਹੀਂ। ਰਾਜ ਸੈਕੂਲਰ ਹੋਵੇ ਜਾਂ ਇਕ ਧਰਮੀ (ਥਿਓਕ੍ਰੇਟਿਕ) ਇਸ ਸਵਾਲ ਦਾ ਫੈਸਲਾ ਪਾਰਲੀਮੈਂਟ ਦੁਆਰਾ ਪਾਸ ਕੀਤੇ ਸੰਵਿਧਾਨ ਦੀ ਉਦੇਸ਼ਿਕਾ ਵਿਚ ਪਹਿਲਾਂ ਹੀ ਦਰਜ ਹੈ ਜਿਸ ਦੇ ਮੁਤਾਬਕ ਦੇਸ਼ ਸ਼ਾਸਨ ਪ੍ਰਣਾਲੀ ਦੇ ਲਿਹਾਜ਼ ਨਾਲ ਧਰਮ ਨਿਰਪੱਖ ਹੀ ਨਹੀਂ ਸਗੋਂ ਇਕ ਸਮਾਜਵਾਦੀ ਅਤੇ ਲੋਕਤੰਤਰੀ ਗਣਰਾਜ ਵੀ ਹੈ। ਇਹ ਵੀ ਯਾਦ ਰਹੇ ਕਿ ਦੇਸ਼ ਦਾ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਪਹਿਲਾਂ ਹੀ ਆਪਣੇ ਇਤਿਹਾਸਿਕ ਫੈਸਲੇ ਕੇਸ਼ਵਾ ਨੰਦ ਭਾਰਤੀ 1973 ਵਿਚ ਸੰਵਿਧਾਨ ਦੀ ਉਦੇਸ਼ਿਕ ਅਤੇ ਉਸ ਦੇ ਬੁਨਿਆਦੀ ਅਧਿਕਾਰਾਂ ਨੂੰ ਸੰਵਿਧਾਨ ਦਾ ਬੁਨਿਆਦੀ ਢਾਂਚਾ ਕਰਾਰ ਦੇ ਚੁੱਕੀ ਹੈ ਜਿਸ ਵਿਚ ਦਖ਼ਲ ਦੇਣ ਜਾਂ ਛੇੜ ਛਾੜ ਕਰਨ ਦਾ ਕਿਸੇ ਨੂੰ ਵੀ ਅਖ਼ਤਿਆਰ ਜਾਂ ਅਧਿਕਾਰ ਨਹੀਂ ਰਹਿਣ ਦਿੱਤਾ ਗਿਆ। ਫਿਰ ਕੀ ਜੱਜ ਸਾਹਿਬ ਦਾ ਇਸ ਬਹੁਤ ਹੀ ਮਹੱਤਵਪੂਰਨ ਫੈਸਲੇ ਵੱਲ ਧਿਆਨ ਨਹੀਂ ਗਿਆ? ਇਹ ਗੱਲ ਕਦਾਚਿਤ ਮੰਨਣ ਯੋਗ ਨਹੀਂ ਕਿ ਜੱਜ ਸਾਹਿਬ ਨੂੰ ਸੰਵਿਧਾਨ ਦੇ ਸਿਧਾਂਤਾਂ, ਉਹਨਾਂ ਦੀ ਅਹਿਮੀਅਤ ਅਤੇ ਸੰਵਿਧਾਨਿਕ ਮਰਿਆਦਾਵਾਂ ਦਾ ਪਤਾ ਨਾ ਹੋਵੇ ਇਸ ਦੇ ਬਾਵਜੂਦ ਉਹਨਾਂ ਦਾ ਇਹ ਵਿਚਾਰ ਕਿ ਭਾਰਤ ਨੂੰ ਹਿੰਦੂ ਦੇਸ਼ ਹੋਣਾ ਚਾਹੀਦਾ ਸੀ ਬਹੁਤ ਸੋਚਿਆ ਸਮਝਿਆ ਅਤੇ ਵਿਸ਼ਵਾਸ ਪੂਰਨ ਭਾਵ ਨਾਲ ਕਿਹਾ ਗਿਆ ਮੱਤ ਹੈ ਜਿਸ ਦਾ ਕਾਰਨ ਉਹਨਾਂ ਦੇ ਮਨ ਤੇ ਜਮ੍ਹਾਂ ਹੋ ਚੁੱਕੇ ਕਈ ਪ੍ਰਕਾਰ ਦੇ ਸਨ ਕੀ ਮਨਮੌਜੀ ਵਿਚਾਰ ਹੋ ਸਕਦੇ ਹਨ। ਇਸ ਸ਼੍ਰੇਣੀ ਵਿਚ ਇਸ ਪ੍ਰਕਾਰ ਦੇ ਗ਼ੈਰ ਸੰਵਿਧਾਨਿਕ, ਗ਼ੈਰ ਪ੍ਰਾਕ੍ਰਿਤਿਕ ਅਤੇ ਗ਼ੈਰ ਵਿਗਿਆਨਕ ਵਿਚਾਰ ਪ੍ਰਗਟ ਕਰਨ ਵਾਲੇ ਇਹ ਪਹਿਲੇ ਜੱਜ ਨਹੀਂ ਹਨ ਸੰਵਿਧਾਨ ਦੇ 26 ਜਨਵਰੀ 1950 ਨੂੰ ਲਾਗੂ ਹੋਣ ਦੇ ਅਗਲੇ ਦਿਨ ਹੀ ਹਾਈਕੋਰਟ ਦੇ ਇਕ ਸੇਵਾ ਮੁਕਤ ਜੱਜ ਮੁਖਰਜੀ ਨੇ ਇਹ ਕਹਿਣ ਵਿੱਚ ਕੋਈ ਹਿਚਕਚਾਹਟ ਨਹੀਂ ਕੀਤੀ ਕਿ ਡਾ ਅੰਬੇਦਕਰ ਨੇ ਭਾਵੇਂ ਦੇਸ਼ ਲਈ ਸਮਤਾ ਮੂਲਕ ਦੇ ਸੰਵਿਧਾਨ ਬਣਾ ਦਿੱਤਾ ਪਰ ਸਾਡੇ ਦਿਲਾਂ ਤੇ ਤਾਂ 'ਮਨੂੰ ਮਹਾਰਾਜ' ਉਵੇਂ ਜਿਵੇਂ ਰਾਜ ਕਰਦਾ ਰਹੇਗਾ (ਟਾਇਮਜ਼ ਆਫ਼ ਇੰਡੀਆ ਵਿੱਚ ਪਵਨ ਕੇ ਆਰਗੇਨਾਈਜ਼ਰ ਹਵਾਲੇ ਨਾਲ) ਰਾਜਸਥਾਨ ਹਾਈਕੋਰਟ ਦੇ ਰਿਟਾਇਰ ਹੋਣ ਵਾਲੇ ਜੱਜ ਮਹੇਸ਼ ਚੰਦਰ ਸ਼ਰਮਾ ਨੇ ਆਪਣੇ ਇਕ ਫੈਸਲੇ ਵਿਚ ਇਹ ਲਿਖ ਕੇ ਆਪਣੇ ਆਪ ਨੂੰ ਠੱਠੇ ਮਜ਼ਾਕ ਦਾ ਪਾਤਰ ਬਣਾ ਲਿਆ ਕਿ ਮੋਰਨੀ ਬਿਨਾਂ ਸੰਭੋਗ ਨੱਚਦੇ ਮੋਰ ਦੇ ਡਿਗਦੇ ਹੰਝੂ ਪੀ ਕੇ ਬੱਚੇ ਪੈਦਾ ਕਰ ਸਕਦੀ ਹੈ। ਇਨਸਾਨੀ ਸੁਧਾਰ ਅਤੇ ਵਿਕਾਸ ਲਈ ਵਿਗਿਆਨਕ ਸੋਚ ਅਤੇ ਮਿਜ਼ਾਜ ਪੈਦਾ ਕਰਨਾ ਸੰਵਿਧਾਨ ਦੇ ਮੁੱਖ ਸਿਧਾਂਤਾਂ ਵਿਚੋਂ ਇਕ ਬਹੁਤ ਮਹੱਤਵਪੂਰਨ ਸਿਧਾਂਤ ਹੈ ਜਿਸ ਦੀ ਮਿੱਟੀ ਪਲੀਤ ਕਰਨ ਵਿਚ ਇਕੱਲੇ ਕੁਝ ਜੱਜ ਹੀ ਨਹੀਂ ਇਸ ਦਾ ਕ੍ਰੈਡਿਟ (ਯਸ਼) ਖ਼ੁਦ ਪ੍ਰਧਾਨ ਮੰਤਰੀ ਤੋਂ ਲੈ ਕੇ ਮੰਤਰੀ/ਨੇਤਾ ਲੋਕ ਵੀ ਲੈ ਚੁੱਕੇ ਹਨ। ਕਿਉਂਕਿ ਇਹ ਉਹਨਾਂ ਦੇ ਏਜੰਡੇ ਲਈ ਫਿੱਟ ਬੈਠਦਾ ਹੈ।

ਚਰਚਾ ਅਧੀਨ ਜੱਜ ਸਾਹਿਬ ਦੇ ਕਾਰ ਵਿਹਾਰ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਦੇਸ਼ ਦੇ ਸੰਵਿਧਾਨ ਤੋਂ ਉੱਪਰ ਸਮਝਦੇ ਹਨ ਜਿਸ ਦਾ ਕਾਰਨ ਖ਼ਾਨਦਾਨੀ ਸੰਸਕਾਰਾਂ ਦਾ ਬੰਧਨ, ਵਿਚਾਰਾਂ ਦੀ ਹਠਧਰਮੀ ਜਾਂ ਅਸਧਾਰਨ ਵਿਸ਼ਵ ਗਿਆਨ ਦਾ ਭਰਮ ਹੋ ਸਕਦਾ ਹੈ। ਅਜਿਹੀ ਸ਼੍ਰੇਣੀ ਦੇ ਇਹ ਇਕੱਲੇ ਵਿਚਾਰਵਾਨ ਨਹੀਂ ਹਨ। ਇਹ ਕਮਾਲ ਕਲਿਆਣ ਸਿੰਘ ਜੀ (ਹੁਣ ਗਵਰਨਰ ਰਾਜਸਥਾਨ) ਵੀ 1992 ਵਿੱਚ ਦਿਖਾ ਚੁੱਕੇ ਹਨ ਜਦ ਉਹਨਾਂ ਦੇ ਯੂ ਪੀ ਦੇ ਮੁੱਖ ਮੰਤਰੀ ਰਹਿੰਦੇ ਹਿੰਦੂ ਹੁੱਲੜਬਾਜ਼ਾਂ ਨੇ ਅਯੁੱਧਿਆ ਦੀ ਪੰਜ ਸੌ ਸਾਲ ਪੁਰਾਣੀ ਬਾਬਰੀ ਮਸਜਿਦ ਢਾਹ ਢੇਰੀ ਕਰ ਦਿੱਤੀ ਸੀ। ਜਦ ਉਹਨਾਂ ਤੋਂ ਪੁੱਛਿਆ ਗਿਆ ਕਿ ਤੁਸੀਂ ਤਾਂ ਸੁਪਰੀਮ ਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਉਸ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਮਸਜਿਦ ਨੂੰ ਕੁਝ ਨਹੀਂ ਹੋਣ ਦਿੱਤਾ ਜਾਵੇਗਾ ਤਾਂ ਫਿਰ ਉਸ ਨੂੰ ਢਾਹਣ ਕਿਉਂ ਦਿੱਤਾ ਗਿਆ ਹੈ। ਉਹਨਾਂ ਦਾ ਜਵਾਬ ਸੀ 'ਮੈਨੂੰ ਸੁਪਰੀਮ ਕੋਰਟ ਤੋਂ ਵੀ ਉਤਲੀ ਅਦਾਲਤ (ਰਾਮ) ਦਾ ਹੁਕਮ ਆ ਗਿਆ ਸੀ' ਕੀ ਜੱਜ ਸੇਨ ਸਾਹਿਬ ਨੂੰ ਵੀ ਉਤਲੀ ਅਦਾਲਤ ਦਾ ਹੁਕਮ ਤਾਂ ਨਹੀਂ ਆ ਗਿਆ।

ਦੇਸ਼ ਦੇ ਮੌਜੂਦਾ ਲੋਕਤੰਤਰੀ ਢਾਂਚੇ ਨੂੰ ਜਿਸ ਨੂੰ ਦੇਸ਼ਵਾਸੀਆਂ ਨੇ ਮੁਗ਼ਲਾਂ ਦੇ ਰਾਜਤੰਤਰ (ਬਾਦਸ਼ਾਹਤ) ਆਰ ਐਸ ਐਸ ਦੇ ਹਿੰਦੂ ਰਾਜ ਅਤੇ ਮੁਸੋਲੀਨੀ ਹਿਟਲਰ ਦੇ ਫਾਸੀਵਾਦ ਅਤੇ ਨਾਜ਼ੀਵਾਦ ਦੇ ਮੁਕਾਬਲੇ ਵਿਚ ਆਪਣੀ ਰਾਜ ਸ਼ਾਸਨ ਪ੍ਰਣਾਲੀ ਵਜੋਂ ਚੁਣਿਆ ਅਤੇ ਸੰਵਿਧਾਨ ਸਭਾ ਨੇ ਤਿੰਨ ਸਾਲ ਦੀ ਸਖ਼ਤ ਮਿਹਨਤ ਉਪਰੰਤ ਉਸ ਉੱਤੇ 26 ਨਵੰਬਰ 1949 ਨੂੰ ਆਪਣੀ ਸਵੀਕਾਰਤਾ ਦੀ ਮੁਹਰ ਲਗਾ ਦਿੱਤੀ ਉਸ ਦੀ ਆਦਰ ਸਹਿਤ ਅੱਖਰ ਅੱਖਰ ਪਾਲਣਾ ਕਰਨਾ ਹਰ ਨਾਗਰਿਕ ਦਾ ਸਰਬ ਉੱਤਮ ਫ਼ਰਜ਼ ਹੈ। ਲੋਕ ਤੰਤਰੀ ਰਾਜ ਵਿਵਸਥਾ ਵਿਚ ਰਾਜ ਨੂੰ ਤਿੰਨ ਅਲੱਗ ਅਲੱਗ ਭਾਗਾਂ ਵਿੱਚ ਵੰਡ ਕੇ ਹਰ ਭਾਗ ਦਾ ਕਾਰਜ ਖੇਤਰ ਵੀ ਨਿਸ਼ਚਿਤ ਕਰ ਦਿੱਤਾ ਗਿਆ। ਕਾਨੂੰਨ ਬਣਾਉਣ ਲਈ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ, ਕਾਨੂੰਨ ਨੂੰ ਦੇਸ਼ ਵਿਚ ਸੁਚੱਜਤਾਂ ਨਾਲ ਲਾਗੂ ਕਰਵਾਉਣ ਲਈ ਕਾਰਜ ਪਾਲਕਾਂ ਅਤੇ ਵਿਧਾਨ ਸਭਾਵਾਂ ਅਤੇ ਕਾਰਜ ਪਾਲਕਾਂ ਦੇ ਕੰਮ ਕਾਜ ਨੂੰ ਸੰਵਿਧਾਨਿਕ ਪੈਮਾਨਿਆਂ ਤੇ ਜਾਂਚਣ ਪਰਖਣ ਲਈ ਨਿਆਂ ਪਾਲਕਾਂ ਸਥਾਪਤ ਹਨ। ਹਰ ਭਾਗ ਦਾ ਆਪਣੇ ਨਿਸ਼ਚਿਤ ਖੇਤਰ/ਦਾਇਰੇ ਵਿਚ ਰਹਿ ਕੇ ਆਪਣੀਆਂ ਸੰਵਿਧਾਨਿਕ ਜ਼ੁੰਮੇਵਾਰੀਆਂ ਨੂੰ ਨਿਭਾਉਣਾ ਹੀ ਲੋਕਤੰਤਰ ਦੀ ਤਾਕਤ ਹੈ ਜਿਸ ਦਾ ਪ੍ਰਤੱਖ ਸਬੂਤ ਭਾਰਤ ਵਿਚ ਪ੍ਰਚਲਿਤ ਲੋਕਤੰਤਰੀ ਸ਼ਾਸਨ ਪ੍ਰਣਾਲੀ ਤੋਂ ਦੇਖਿਆ ਜਾ ਸਕਦਾ ਹੈ।

ਇਸ ਅਨਸੁਖਾਵੇਂ ਤੱਥ ਤੋਂ ਵੀ ਉੱਕਾ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੁਡੀਸ਼ਰੀ ਕੁਝ ਹੋਰ ਸੰਸਥਾਵਾਂ ਸੀ ਸੀ ਕੈਗ, ਈ ਦਬਾਅ ਤੋਂ ਪ੍ਰਭਾਵਤ ਨਾ ਹੋਈ ਹੋਵੇ ਜਿਸ ਕਿ ਕੁਝ ਮਹੀਨੇ ਪਹਿਲਾਂ ਸੁਪਰੀਮ ਕੋਰਟ ਦੇ ਚਾਰ ਸੇਵਾ ਮੁਕਤ ਉੱਚਤਮ ਜੱਜਾਂ ਨੇ ਖੁੱਲ੍ਹੀ ਪ੍ਰੈਸ ਕਾਨਫਰੰਸ ਵਿਚ ਵੀ ਮੰਨਿਆ ਸੀ ਲੇਕਿਨ ਇਸ ਸਭ ਦੇ ਬਾਵਜੂਦ ਇਹ ਕਹਿਣਾ ਪਵੇਗਾ ਕਿ ਦੇਸ਼ ਵਿਚ ਜੇ ਕੋਈ ਅਜਿਹੀ ਸੰਸਥਾ ਹੈ ਜਿਸ ਤੇ ਦੇਸ਼ ਵਾਸੀਆਂ ਦਾ ਇਨਸਾਫ਼ ਅਤੇ ਨਿਆਂ ਲਈ ਮੁਕੰਮਲ ਭਰੋਸਾ ਅਤੇ ਵਿਸ਼ਵਾਸ ਹੈ ਬਲਕਿ ਜਿਸ ਨੂੰ ਇਨਸਾਫ ਦਾ ਮੰਦਰ ਵੀ ਕਹਿ ਦਿੱਤਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ, ਉਹ ਕੇਵਲ ਅਤੇ ਕੇਵਲ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਹੀ ਹੈ। ਕੁਰਸੀਆਂ ਤੇ ਬੈਠਣ ਵਾਲੇ ਜੱਜ ਆਖ਼ਰ ਬੰਦੇ ਹੀ ਹਨ ਜੋ ਭਾਵੁਕਤਾ ਵੱਸ ਜਾਂ ਆਪਣੇ ਜਮਾਂਦਰੂ ਸੰਸਕਾਰਾਂ ਦੇ ਅਸਰ ਹੇਠ ਕੁਝ ਰਾਹ ਤੋਂ ਭਟਕ ਵੀ ਸਕਦੇ ਹਨ। ਰਾਜਨੀਤਿਕ ਪਾਰਟੀਆਂ ਪ੍ਰਸ਼ਾਸਨਿਕ ਤੰਤਰ ਕਦੇ ਕਦੇ ਆਪਣੇ ਮਿੱਥੇ ਹਿੱਤਾਂ ਦੀ ਖ਼ਾਤਰ ਸੰਵਿਧਾਨਿਕ ਨੈਤਿਕਤਾ ਨੂੰ ਠਿੱਠ ਕਰ ਸਕਦੇ ਹਨ। ਇਹਨਾਂ ਨੂੰ ਕਾਨੂੰਨ ਦੇ ਰਾਜ ਹੇਠ ਲਿਆਉਣ ਲਈ ਤੀਜੀ ਸ਼ਕਤੀ ਦੀ ਲੋੜ ਹੈ ਅਤੇ ਉਹ ਤੀਜੀ ਸ਼ਕਤੀ ਸੁਪਰੀਮ ਕੋਰਟ ਹੀ ਹੈ। ਸੰਖੇਪ ਵਿਚ ਸੁਪਰੀਮ ਕੋਰਟ ਹੀ ਲੋਕਤੰਤਰ ਦਾ ਆਖ਼ਰੀ ਮਜ਼ਬੂਤ ਥੰਮ੍ਹ ਹੈ। ਕੀ ਸਾਡੇ ਜੱਜ ਸਾਹਿਬਾਨ ਆਪਣੀ ਖਾਧੀ ਹੋਈ ਸੌਂਹ ਮੁਤਾਬਕ ਆਪਣੇ ਪ੍ਰਤਿਸ਼ਠਿਤ ਅਹੁਦੇ ਦੀ ਲਾਜ ਰੱਖਦੇ ਰਹਿਣਗੇ।

**ਨੋਟ:** ਲੇਖਕ ਕਈ ਸਾਲ (1948-52) ਬਾਬਾ ਸਾਹਿਬ ਡਾ: ਅੰਬੇਡਕਰ ਦੀ ਸਿੱਧੀ ਰਹਿਨੁਮਾਈ ਹੇਠ ਬਤੌਰ ਐਡੀਟਰ ਉਰਦੂ ਵੀਕਲੀ ਅਤੇ ਪਾਰਟੀ ਜਨਰਲ ਸਕੱਤਰ ਕੰਮ ਕਰ ਚੁੱਕਿਆ ਹੈ।

# ਆਓ ਕੁਦਰਤ ਨਾਲ ਇੱਕਮਿਕ ਹੋਈਏ



ਜਸਪਾਲ ਸਿੰਘ ਨਾਗਰਾ
ਯੂਬਾ ਸਿਟੀ-ਕੈਲੇਫੋਰਨੀਆਂ
360-448-1989

ਖ਼ੁਦ ਦੀ ਸੋਚ ਅਤੇ ਵਿਚਾਰਾਂ ਨੂੰ ਇੱਕ ਸਾਂਚੇ ਵਿੱਚ ਕੈਦ ਨਾ ਰੱਖੋ। ਇਹਨਾਂ ਨੂੰ ਖੁਲੀ ਉਡਾਰੀ ਭਰਨ ਦਿਓ, ਜ਼ਮੀਨ ਤੋਂ ਆਸਮਾਨ ਤੱਕ। ਕੁਦਰਤ ਦੀਆਂ ਨਿਆਮਤਾਂ ਨਾਲ ਇੱਕਮਿਕ ਹੋਵੋ। ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲੋ। ਆਪਣੇ ਆਲੇ-ਦੁਆਲੇ ਨੂੰ ਗਹੁ ਨਾਲ ਨਿਹਾਰੋ। ਕਿਤੇ ਖਿੜੇ ਹੋਏ ਫੁੱਲਾਂ ਨਾਲ ਸੰਵਾਦ ਰਚਾਓ। ਫੁੱਲਾਂ ਦੀ ਤਾਜ਼ਗੀ ਦਾ ਅਨੰਦ ਮਾਣੋ। ਖ਼ੁਸ਼ਬੂ ਨੂੰ ਸਾਹਾਂ ਵਿੱਚ ਘੁਲਣ ਦਿਓ। ਫੁੱਲਾਂ ਤੇ ਮੰਡਰਾਉਂਦੀਆਂ ਤਿਤਲੀਆਂ ਅਤੇ ਭੌਰਿਆਂ ਦੇ ਚੋਹਲ-ਮੋਹਲ ਵੇਖੋ। ਸ਼ਹਿਦ ਬਣਾਉਣ ਵਾਲੀਆਂ ਮੱਖੀਆਂ ਨੂੰ ਰਸ ਚੂਸਦੀਆਂ ਤੱਕੋ। ਤੁਸੀਂ ਤਰੋਤਾਜ਼ਾ ਮਹਿਸੂਸ ਕਰੋਗੇ। ਤੁਹਾਡਾ ਮਨ ਖ਼ੁਸ਼ੀ ਨਾਲ ਲੁੱਡੀਆਂ ਪਾਉਂਦਾ ਫਿਰੇਗਾ। ਤੁਸੀਂ ਸਹਿਜ ਅਵਸਥਾ ਵਿੱਚ ਮਹਿਸੂਸ ਕਰੋਗੇ।

ਕੁਦਰਤ ਨੇ ਸਾਡੇ ਅਨੰਦ ਮਾਨਣ ਲਈ ਅਨੇਕਾਂ ਵੰਨਗੀਆਂ ਉਤਪਨ ਕੀਤੀਆਂ ਹਨ।ਇਹਨਾਂ ਵੰਨਗੀਆਂ ਨੂੰ ਨਿਹਾਰਨ ਦੀ ਕਲਾ ਸਾਨੂੰ ਖ਼ੁਦ ਸਿੱਖਣੀ ਪੈਣੀ ਹੈ। ਹਜ਼ਾਰਾਂ ਕਿਸਮ ਦੇ ਰੁੱਖ-ਬੂਟੇ ਵੱਖਰਾ ਹੀ ਨਜ਼ਾਰਾ ਦਿੰਦੇ ਹਨ। ਕਿਤੇ ਪੱਤਿਆਂ ਦੇ ਅਕਾਰ ਅਜੀਬ ਕਿਸਮ ਦੇ ਹੋਣਗੇ, ਕਿਤੇ ਨਿਵੇਕਲੀ ਕਿਸਮ ਦੇ ਲਟਕਦੇ ਫਲਾਂ ਨੂੰ ਵੇਖਕੇ ਮਨ ਸੋਚਣ ਲਈ ਮਜਬੂਰ ਹੁੰਦਾ ਹੈ। ਇੱਕੋ ਧਰਤੀ ਵਿੱਚ ਉਗਿਆ ਕੋਈ ਬੂਟਾ ਮਿੱਠੇ ਫਲ ਦੇ ਰਿਹਾ ਹੁੰਦਾ, ਉਹਦੇ ਨਾਲ ਹੀ ਕੋਈ ਦੂਸਰਾ ਬੂਟਾ ਜ਼ਹਿਰੀਲੇ ਉਤਪਾਦ ਪੈਦਾ ਕਰਦਾ ਹੈ। ਇਹ ਸਭ ਕੁਦਰਤ ਦੇ ਰੰਗ ਨੇ।ਉਹਦੇ ਗੁੱਝੇ ਭੇਦਾਂ ਨੂੰ ਕੋਈ ਨਹੀਂ ਸਮਝ ਸਕਦਾ। ਸਿਰਫ ਹੈਰਾਨ ਹੀ ਹੋਇਆ ਜਾ ਸਕਦਾ ਹੈ। ਹੈਰਾਨਗੀ ਹੀ ਸਾਨੂੰ ਅਨੰਦਿਤ ਕਰਦੀ ਹੈ।ਅਨੰਦਿਤ ਅਵਸਥਾ ਮਨ ਨੂੰ ਸਕੂਨ ਬਖ਼ਸ਼ਦੀ ਹੈ।ਅਸੀਂ ਸਕੂਨ ਦੀ ਤਲਾਸ਼ ਵਿੱਚ ਹੀ ਦੌੜੇ-ਭੱਜੇ ਫਿਰਦੇ ਹਾਂ। ਜ਼ਿੰਦਗੀ ਵਿੱਚ ਸਮਾਂ ਮਿਲੇ ਤਾਂ ਕਿਤੇ ਦਰਿਆਵਾਂ ਦੀ ਰਵਾਨਗੀ ਅਤੇ ਝਰਨਿਆਂ ਦੀ ਕਲਕਲ ਦੀ ਵਿਲੱਖਣਤਾ ਦੇ ਮਜ਼ੇ ਲਓ। ਇਹਨਾਂ ਤੋਂ ਪੈਦਾ ਹੋ ਰਹੇ ਸੰਗੀਤ ਨੂੰ ਸੁਣੋ। ਆਪਣੇ ਵਜੂਦ ਨੂੰ ਇਹਨਾਂ ਨਾਲ ਇੱਕਸੁਰ ਕਰੋ।ਮਨ ਵਿੱਚ ਆਪਣੇ-ਆਪ ਸੰਗੀਤਕ ਧੁਨਾਂ ਪੈਦਾ ਹੋਣਗੀਆਂ। ਮਸਤੀ ਨਾਲ ਰੋਮ-ਰੋਮ ਝੂਮ ਉੱਠੇਗਾ। ਚਿੰਤਾਵਾਂ ਤੋਂ ਮੁਕਤੀ ਮਿਲੇਗੀ। ਖ਼ੁਸ਼ੀ ਦੀਆਂ ਲਹਿਰਾਂ ਪੈਦਾ ਹੋਣਗੀਆਂ। ਤੁਸੀਂ ਆਪਣੇ-ਆਪ ਨੂੰ ਕੁਦਰਤ ਦੀ ਗੋਦ ਵਿੱਚ ਮਹਿਸੂਸ ਕਰੋਗੇ। ਤੁਹਾਡੇ ਸਾਹਵਾਂ ਵਿੱਚ ਤਾਜ਼ਗੀ ਹੋਵੇਗੀ। ਆਲਾ-ਦੁਆਲਾ ਤੁਹਾਨੂੰ ਤੁਹਾਡੀ ਤਾਲ ਨਾਲ ਤਾਲ ਮਿਲਾਉਂਦਾ ਲੱਗੇਗਾ।

ਸਵੇਰੇ ਉੱਠਕੇ ਘਰੋਂ ਬਾਹਰ ਜਾਓ। ਸ਼ਾਂਤਮਈ ਵਾਤਾਵਰਣ ਵਿੱਚ ਟਹਿਲੋ। ਆਸਾ-ਪਾਸਾ ਨਿਹਾਰੋ।ਘਾਹ ਤੇ ਪਏ ਤ੍ਰੇਲ ਤੁਪਕਿਆਂ ਨੂੰ ਵੇਖੋ। ਕਲਪਨਾ ਦੇ ਘੋੜੇ ਦੁੜਾਓ। ਤ੍ਰੇਲ ਤੁਪਕੇ ਮੋਤੀ ਨਜ਼ਰ ਆਉਣਗੇ। ਮੋਤੀਆਂ ਦਾ ਮਹੱਤਵ ਧਿਆਨ'ਚ ਲਿਆਓ। ਤੁਪਕਿਆਂ ਚੋਂ ਲੰਘਦੀਆਂ ਸੂਰਜ ਦੀਆਂ ਕਿਰਨਾਂ ਵੱਖਰੇ ਰੰਗ ਉਪਜਾਉਣਗੀਆਂ। ਰੰਗਾਂ ਨੂੰ ਆਪਣੇ ਜਿਹਨ ਵਿੱਚ ਲਿਆਓ। ਇਹਨਾਂ ਦੀ ਕਿਸੇ ਨਾਲ ਤੁਲਨਾ ਕਰੋ।ਮਨ ਖ਼ੁਸ਼ ਹੋਵੇਗਾ। ਦਿਲ ਜਵਾਨ ਬਣੂੰਗਾ।

ਕਿਸੇ ਸਾਫ ਰਾਤ ਨੂੰ ਕੋਠੇ ਤੇ ਚੜ੍ਹਕੇ ਅਕਾਸ਼ ਵਿੱਚ ਚਮਕਦੇ ਤਾਰਿਆਂ ਅਤੇ ਚੰਨ ਵੱਲੂ ਤੱਕੋ। ਤਾਰਿਆਂ ਦੀਆਂ ਆਕ੍ਰਿਤੀਆਂ ਬਣਾਓ। ਆਕ੍ਰਿਤੀਆਂ ਚੋਂ ਕੁੱਝ ਲੱਭੋ।ਮਨ ਨੂੰ ਦੂਰ ਤੱਕ ਉਡਾਓ। ਉਡਦਾ ਮਨ ਚੰਨ ਚੋਂ ਵੀ ਆਪਣਾ ਚੰਨ ਲੱਭ ਲਵੇਗਾ। ਆਪਣੇ ਚੰਨ ਨਾਲ ਗੱਲਾਂ ਕਰੋ। ਆਪੇ ਸਵਾਲ ਆਪੇ ਜਵਾਬ ਦਿਓ। ਮਨ ਖ਼ੁਸ਼ੀਆਂ-ਖੇੜਿਆਂ ਨਾਲ ਭਰ ਜਾਵੇਗਾ। ਮਨ ਖ਼ੁਸ਼ੀਆਂ ਨਾਲ ਭਰਿਆ ਹੋਵੇਗਾ ਜੀਵਨ ਸੌਖਾਲਾ ਬਣੇਗਾ। ਜੀਊਣ ਢੰਗ ਬਦਲੇਗਾ।ਸੋਚ ਉਸਾਰੂ ਬਣੇਗੀ। ਨਜ਼ਰੀਆ ਬਦਲੇਗਾ। ਮਨ ਅਤੇ ਸਰੀਰ ਇੱਕਸੁਰ ਹੋਣਗੇ। ਸਭ ਕੁੱਝ ਟਹਿਕਦਾ-ਮਹਿਕਦਾ ਲੱਗੇਗਾ। ਕੁਦਰਤ ਦੇ ਕਦਰਦਾਨ ਬਣੋਗੇ। ਕੁਦਰਤ ਨਾਲ ਭੁੱਲਕੇ ਵੀ ਖਿਲਵਾੜ ਨਹੀਂ ਕਰੋਗੇ। ਕੁਦਰਤ ਤਹਾਨੂੰ ਲੰਮੀ ਉਮਰ ਭੋਗਣ ਦਾ ਮੌਕਾ ਦੇਵੇਗੀ। ਕੁਦਰਤ ਨਾਲ ਇੱਕਮਿਕ ਹੋ ਕੇ ਜੀਣਾ ਹੀ ਅਸਲ ਜੀਣਾ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਵਾਂ ਵਿਖੇ ਸਟੂਡੈਂਟ ਪੁਲਿਸ ਕੈਡਟ ਪ੍ਰੋਗਰਾਮ ਆਯੋਜਿਤ

**ਬਟਾਲਾ (ਬਰਨਾਲ)-** ਬੀਤੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਵਾਂ ਵਿਖੇ ਪ੍ਰਿੰਸੀਪਲ ਭਾਰਤ ਭੂਸ਼ਨ ਜੀ ਦੀ ਯੋਗ ਅਗਵਾਈ ਵਿਚ ਪੁਲਿਸ ਕੈਡਿਟ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਕੂਲ ਵਿਖੇ ਪੜਦੇ ਵਿਦਿਆਰਥੀਆਂ ਨੂੰ ਅਗਾਂਹ ਵਧੂ ਸੋਚ ਦੇ ਧਾਰਨੀ ਬਣਨ ਵਾਸਤੇ ਪ੍ਰੇਰਤ ਕੀਤਾ ਗਿਆ। ਖਾਸ ਕਰਕੇ ਲੜਕੀਆਂ ਨੂੰ ਸਮਾਜ ਵਿਚ ਰੋਲ ਮਾਡਲ ਬਣਨ ਵਾਸਤੇ ਪ੍ਰੇਰਿਆ ਗਿਆ। ਇਸਤਰੀ ਵਰਗ ਨਾਲ ਹੋ ਰਹੀਆਂ ਜ਼ਿਆਦਤੀਆਂ, ਤੇ ਬੇਇੰਨਸਾਫੀ ਵਿਰੁਧ ਆਪਣੀ ਧਾਰਨਾ ਬਦਲਣ ਵਾਸਤੇ ਕਿਹਾ ਗਿਆ। ਇਸ ਪ੍ਰੋਗਰਾਮ ਵਿਚ ਪੁਲਿਸ ਵਿਭਾਗ ਤੋਂ



ਏ ਐਸ ਆਈ, ਰਜਿੰਦਰਪਾਲ ਸਿੰਘ ਚਾਹਲ, ਹੌਲਦਾਰ ਹੈਲਪਲਾਈਨ ਨਿਰਮਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਤੁਰੰਤ ਮੁਹੱਈਆ ਕੀਤੀ ਜਾਣ ਵਾਲੀ ਸਹਾਇਤਾ ਬਾਰੇ ਦੱਸਿਆ। ਪੁਲਿਸ ਹੈਲਪ ਲਾਈਨ ਨੰਬਰ 112 ਬਾਰੇ ਜਾਣਕਾਰੀ ਦਿਤੀ ਗਈ। ਵਿਦਿਆਰਥੀਆਂ ਨੂੰ ਉਚਾ ਤੇ ਸੁਚਾ ਜੀਵਨ ਬਤੀਤ ਕਰਨ ਵਾਸਤੇ, ਪ੍ਰੇਰਤ ਕੀਤਾ ਗਿਆ। ਇਹ ਪ੍ਰੋਗਰਾਮ ਰਾਜਵਿੰਦਰ ਸਿੰਘ ਲੈਕਚਰਾਰ ਫਿਜਿਕਲ ਦੁਆਰਾ ਆਯੋਜਿਤ ਕੀਤਾ ਗਿਆ। ਇਸ ਮੌਕੇ ਸ੍ਰੀ ਮਨਪ੍ਰੀਤ ਕੌਰ, ਮਨਪ੍ਰੀਤ ਕੌਰ ਕੰਪਿਊਟਰ ਅਧਿਆਪਕਾ, ਪਰਵਿੰਦਰ ਕੌਰ, ਨਵਦੀਪ ਸਿੰਘ, ਬਲਵਿੰਦਰ ਪਾਲ, ਆਦਿ ਹਾਜਰ ਸਮੂਹ ਸਟਾਫ ਮੈਂਬਰ ਹਾਜਰ ਸਨ।

## ਵੀਜ਼ਾ ਸ਼ਰਤਾਂ ਸਖਤ: ਪਰ ਸੇਰ ਨੂੰ ਸਵਾ ਸੇਰ ਵੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਆਉਣ ਦੀ ਚਾਹਤ ਰੱਖਣ ਵਾਲਿਆਂ ਦੀ ਗਿਣਤੀ ਦੇ ਵਿਚ ਜਿੱਥੇ ਲਗਾਤਾਰ ਵਾਧਾ ਹੋ ਰਿਹਾ ਹੈ ਉਥੇ ਇਨ੍ਹਾਂ ਅਰਜ਼ੀਆਂ ਦੇ ਨਾਲ ਲੱਗਣ ਵਾਲੀਆਂ ਪਰਚੀਆਂ ਯਾਨਿ ਕਿ ਸੁਪੋਰਟ ਕਾਗਜ਼ ਪੱਤਰ ਜਿਵੇਂ ਫੰਡ ਆਦਿ ਦੇ ਕਾਗਜ਼ ਵੀ ਜਾਅਲੀ ਲੱਗ ਰਹੇ ਹਨ। ਵੀਜ਼ਾ ਸ਼ਰਤਾਂ ਸਖਤ ਹੋ ਰਹੀਆਂ ਹਨ ਅਤੇ ਜਾਂਚ-ਪੜ੍ਹਤਾਲ ਹੋਰ ਬਰੀਕ ਹੋ ਰਹੀ ਹੈ ਪਰ ਕਹਿੰਦੇ ਨੇ ਸੇਰ ਨੂੰ ਸਵਾ ਸੇਰ ਵੀ ਮਿਲ ਜਾਂਦਾ ਹੈ। ਭਾਰਤ ਦੇ ਨਕਲੀ ਏਜੰਟਾਂ ਦਾ ਨਾਂ ਜਾਅਲਸਾਜ਼ੀ ਦੇ ਵਿਚ ਕਾਫੀ ਚਮਕ ਰਿਹਾ ਹੈ।

ਨਕਲੀ ਅਰਜ਼ੀਆਂ ਦੇ ਵਿਚ 88% ਚੱਕ ਵਾਧਾ ਅੰਕਿਤ ਕੀਤਾ ਗਿਆ ਹੈ। ਇਮੀਗ੍ਰੇਸ਼ਨ ਮੈਨੇਜਰ ਦਾ ਕਹਿਣਾ ਹੈ ਕਿ ਜਾਅਲਸਾਜ਼ੀ ਕਰਕੇ ਅਸਲ ਅਰਜ਼ੀਆਂ ਦਾ ਉਡੀਕ ਸਮਾਂ ਵੀ ਲਗਾਤਾਰ ਵਧ ਰਿਹਾ ਹੈ। ਜਾਅਲਸਾਜ਼ੀ ਦੇ ਵਿਚ ਇੰਡੀਆ, ਸਾਊਥ ਏਸ਼ੀਆ ਅਤੇ ਈਸਟਰਨ ਯੂਰੋਪ ਦੇਸ਼ ਜ਼ਿਆਦਾ ਸ਼ਾਮਿਲ ਹਨ। ਸਾਫ ਸੁਥਰੀਆਂ ਅਰਜ਼ੀਆਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਅਤੇ ਦੂਜੀਆਂ ਅਰਜ਼ੀਆਂ ਨੂੰ ਲਾਈਨ ਵਿਚ ਲਗਾਇਆ ਜਾ ਰਿਹਾ ਹੈ। ਇਮੀਗ੍ਰੇਸ਼ਨ ਸਿਖਿਆ ਸੰਸਥਾਨਾਂ ਨੂੰ ਸਿਰਫ ਉਚ ਮਿਆਰੀ ਵਿਦਿਆਰਥੀਆਂ ਨੂੰ ਬੁਲਾਉਣ ਲਈ ਸਲਾਹ ਦੇ ਰਿਹਾ ਹੈ।